# ਦੇਸ਼ ਦੁਆਬਾ

VOL - 3 ISSUE - 1
April 01-15, 2014
www.deshdoaba.com
www.ambedkartimes.com

ਖਾਲਸਾ ਸਥਾਪਨਾ ਦਿਵਸ, ਪੰਜਾਬੀਆਂ ਦੇ ਮਾਣਮੱਤੇ ਤਿਉਹਾਰ ਵਿਸਾਖੀ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਅਤੇ "ਦੇਸ਼ ਦੁਆਬਾ" ਦੇ ਤੀਸਰੇ ਸਾਲ 'ਚ ਪ੍ਰਵੇਸ਼ ਕਰਨ ਉਤੇ ਅਸੀਂ ਆਪਣੇ ਵੱਲੋਂ ਸਾਰੇ ਸਤਿਕਾਰਯੋਗ ਇਸ਼ਤਿਹਾਰ ਦਾਤਾਵਾਂ, ਪਾਠਕਾਂ, ਲੇਖਕਾਂ ਤੇ ਪੱਤਰਕਾਰ ਸਾਹਿਬਾਨ ਅਤੇ ਸ਼ੁਭਚਿੰਤਕਾਂ ਨੂੰ ਦਿਲੀ ਹਾਰਦਿਕ ਵਧਾਈ ਦਿੰਦੇ ਹਾਂ। ਆਪ ਸਭ ਦੇ ਮਿਲੇ ਭਰਵੇਂ ਹੁੰਗਾਰੇ ਸਦਕਾ ਹੀ ਅਦਾਰਾ ''ਦੇਸ਼ ਦੁਆਬਾ'' ਇਤਨਾ ਪੈਂਡਾ ਤਹਿ ਕਰ ਸਕਿਆ ਤੇ ਅਗਾਂਹ ਤੋਂ ਵੀ ਤੁਹਾਡੇ ਸਹਿਯੋਗ ਦੀ ਹਮੇਸ਼ਾ ਜ਼ਰੂਰਤ ਹੈ। ਉਮੀਦ ਹੈ ਤੁਹਾਡਾ ਸਹਿਯੋਗ ਅਤੇ ਸਾਡਾ ਦ੍ਰਿੜ੍ਹ ਵਿਸ਼ਵਾਸ, ਸੱਚੀ ਲਗਨ ਅਤੇ ਮਿਹਨਤ ''ਦੇਸ਼ ਦੁਆਬਾ'' ਨੂੰ ਬੁਲੰਦੀਆਂ ਦੀ ਸਿਖਰ ਤੇ ਪਹੁੰਚਾਏਗਾ। ਆਮੀਨ!

–ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਮਰੀਕਾ ਦੀ ਧਰਤੀ ਤੇ 25 ਸਾਲ ਤੋਂ ਵਿਸਾਖੀ ਮੇਲਾ ਲਗਾਉਣ ਵਾਲਾ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਦਾ ਅਲੰਬਰਦਾਰ ਰਸ਼ਪਾਲ ਫਰਵਾਲਾ

(ਦੇਖੋ ਸਫਾ 13 ਤੇ)

## ਗੁਰੂ ਗੋਬਿੰਦ ਸਿੰਘ ਜੀ ਦਾ 'ਪੰਥ ਖਾਲਸਾ'



## 'ਰਬਾਬ ਤੋਂ ਤਲਵਾਰ ਤੱਕ'



ਸ੍ਰੀ ਐਚ.ਐਲ.ਕਪੂਰ ਦਾ ਵਿਸ਼ੇਸ਼ ਲੇਖ ਸਫਾ 4 ਅਤੇ 5 ਤੇ ਪੜ੍ਹੋ

ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ

ਲੇਖਕ– ਅਮਰਜੀਤ ਚੰਦਰ

(ਦੇਖੋ ਸਫਾ 9 ਤੇ)



# ਪੰਜਾਬ ਵਿਚ ਸਾਰੀਆਂ ਸੀਟਾਂ ਤੇ ਮੁਕਾਬਲਾ ਪੂਰਨ ਫਸਵਾਂ ਹੋਇਆ

## ਕੋਈ ਵੀ ਪਾਰਟੀ ਜਿੱਤ ਦਾ ਨਹੀਂ ਕਰ ਸਕਦੀ ਦਾਅਵਾ, ਸਰਵੇਖਣਾਂ ਮੁਤਾਬਕ ਪੰਜਾਬ ਵਿਚ 7 ਸੀਟਾਂ ਮਿਲ ਸਕਦੀਆਂ ਨੇ ਕਾਂਗਰਸ ਨੂੰ ਅਤੇ 5 ਅਕਾਲੀ-ਭਾਜਪਾ ਗੱਠਜੋੜ ਨੂੰ, ਹੁਸ਼ਿਆਰਪੁਰ, ਜਲੰਧਰ, ਆਨੰਦਪੁਰ ਸਾਹਿਬ ਸੀਟਾਂ ਤੇ ਬਸਪਾ ਉਮੀਦਵਾਰਾਂ ਦੀ ਪ੍ਰਚਾਰ ਮੁਹਿੰਮ ਸਿਖਰ ਤੇ





ਚੰਡੀਗੜ੍ਹ– ਪੰਜਾਬ ਦੀਆਂ ਸਾਰੀਆਂ 13 ਸੀਟਾਂ ਉਤੇ ਨਾਮਜ਼ਦਗੀ ਪੱਤਰ ਦਾਖਲ ਹੋਣ ਤੋਂ ਬਾਅਦ ਚੋਣ ਪ੍ਰਚਾਰ ਸਿਖਰ ਉਤੇ ਪਹੁੰਚ ਗਿਆ ਹੈ। ਸਾਰੀਆਂ ਸੀਟਾਂ ਉਤੇ ਮੁਕਾਬਲਾ ਪੂਰੀ ਤਰ੍ਹਾਂ ਫਸਵਾਂ ਹੋ ਗਿਆ ਹੈ। ਪੰਜਾਬ ਦੀ ਪਟਿਆਲਾ ਸੀਟ ਤੋਂ ਇਸ ਵਾਰ ਵੀ ਕਾਂਗਰਸ ਦੀ ਉਮੀਦਵਾਰ ਵਜੋਂ ਐਮ. ਪੀ. ਅਤੇ ਵਿਦੇਸ਼ ਮੰਤਰੀ ਬੀਬੀ ਪ੍ਰਨੀਤ ਕੌਰ ਹਨ, ਜਿਹਨਾਂ ਨੂੰ ਮੁਕਾਬਲਾ ਦੇਣ ਲਈ ਅਕਾਲੀ ਦਲ ਨੇ ਦੀਪਇੰਦਰ ਸਿੰਘ ਢਿੱਲੋਂ ਨੂੰ ਉਤਾਰਿਆ ਹੈ। ਹਾਲਾਂਕਿ ਉਹ ਨਵੇਂ ਉਮੀਦਵਾਰ ਹਨ, ਪਰ ਇਸ ਦੇ ਬਾਵਜੂਦ ਉਹਨਾਂ ਦਾ ਕਿਸੇ ਪਾਸਿਉਂ ਵਿਰੋਧ ਨਜ਼ਰ ਨਹੀਂ ਆਉਂਦਾ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਨੇ ਡਾ. ਧਰਮਵੀਰ ਗਾਂਧੀ ਨੂੰ ਮੈਦਾਨ ਵਿਚ ਉਤਾਰਿਆ ਹੈ। ਇਕ ਸਮਾਜ ਸੇਵੀ ਵਜੋਂ ਪਟਿਆਲਾ ਜ਼ਿਲ੍ਹੇ ਵਿਚ ਉਹਨਾਂ ਦਾ ਨਾਂ ਵੀ ਕਾਫੀ ਹੈ ਅਤੇ ਆਧਾਰ ਵੀ ਬਹੁਤ ਹੈ। ਇਸ ਕਰਕੇ ਉਹ ਦੋਵੇਂ ਪਾਰਟੀਆਂ ਦੇ ਲਈ ਮੁਸ਼ਕਿਲ ਬਣੇ ਹੋਏ ਹਨ। ਬਸਪਾ ਨੇ ਇਸ ਹਲਕੇ ਤੋਂ ਆਪਣਾ ਉਮੀਦਵਾਰ ਉਤਾਰਿਆ ਹੋਇਆ ਹੈ, ਪਰ ਉਹਨਾਂ ਦੀ ਚੋਣ ਮੁਹਿੰਮ ਹਾਲੇ ਰੰਗ ਨਹੀਂ ਪਕੜ ਸਕੀ ਹੈ। ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਨੇ ਇਸ ਵਾਰ ਨਵੇਂ ਉਮੀਦਵਾਰ ਅਤੇ ਵਿਧਾਇਕ ਸਾਧੂ ਸਿੰਘ ਧਰਮਸੋਤ ਨੂੰ ਮੈਦਾਨ ਤੋਂ ਉਤਾਰਿਆ ਹੈ। ਅਕਾਲੀ ਦਲ ਨੇ ਵੀ ਆਪਣਾ ਉਮੀਦਵਾਰ ਬਦਲ ਲਿਆ ਹੈ, ਹਾਲਾਂਕਿ ਸੁਖਦੇਵ ਸਿੰਘ ਲਿਬੜਾ ਅਕਾਲੀ ਦਲ ਵਿਚ ਚਲਾ ਗਿਆ ਹੈ, ਜਿਸ ਕਰਕੇ ਅਕਾਲੀ ਦਲ ਨੂੰ ਕਾਫੀ ਉਤਸ਼ਾਹ ਮਿਲਿਆ ਹੈ। ਲੁਧਿਆਣਾ ਤੋਂ ਇਸ ਵਾਰ ਕਾਂਗਰਸ ਨੇ ਆਪਣਾ ਉਮੀਦਵਾਰ ਬਦਲ ਕੇ ਰਵਨੀਤ ਸਿੰਘ ਬਿੱਟੂ ਨੂੰ ਆਨੰਦਪੁਰ ਸਾਹਿਬ ਤੋਂ ਇੱਥੇ ਲਿਆਂਦਾ ਹੈ। ਉਹਨਾਂ ਦੇ ਮੁਕਾਬਲੇ ਮਨਪ੍ਰੀਤ ਸਿੰਘ ਈਆਲੀ ਅਕਾਲੀ ਦਲ ਦੇ ਮਜ਼ਬੂਤ ਉਮੀਦਵਾਰ ਹਨ, ਜਿਹਨਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਐਚ ਐਚ. ਫੂਲਕਾ ਵੱਲੋਂ ਟੱਕਰ ਦਿੱਤੀ ਜਾ ਰਹੀ ਹੈ। ਸੰਗਰੂਰ ਤੋਂ ਮੁਕਾਬਲਾ ਇਸ ਵਾਰ ਵੀ ਅਕਾਲੀ ਦਲ ਅਤੇ ਕਾਂਗਰਸ ਦੇ ਪੁਰਾਣੇ ਉਮੀਦਵਾਰਾਂ ਵਿਚ ਹੈ, ਪਰ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਇਸ ਹਲਕੇ ਵਿਚ ਮੁਕਾਬਲੇ ਤਿਕੋਨਾ ਬਣਾ ਦਿੱਤਾ ਹੈ।



ਪਿਛਲੀ ਵਾਰ ਵਾਂਗ ਇਸ ਵਾਰ ਵੀ ਬਠਿੰਡਾ ਦੀ ਸੀਟ ਸਭ ਤੋਂ ਜ਼ਿਆਦਾ ਦਿਲਚਸਪ ਅਤੇ ਵਕਾਰੀ ਬਣ ਗਈ ਹੈ, ਪਰ ਕਾਂਗਰਸ ਨੇ ਇਸ ਵਾਰ ਬਾਦਲ ਪਰਿਵਾਰ ਦੇ ਹੀ ਰੁੱਸੇ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਹਰਸਿਮਰਤ ਕੌਰ ਬਾਦਲ ਦੇ ਮੁਕਾਬਲੇ ਮੈਦਾਨ ਵਿਚ ਉਤਾਰ ਦਿੱਤਾ ਹੈ। ਇਸ ਹਲਕੇ ਵਿਚ ਦੋਵੇਂ ਪਾਰਟੀਆਂ ਦੇ ਲਈ ਸੀਟ ਵਕਾਰੀ ਬਣ ਗਈ ਹੈ।

ਮਨਪ੍ਰੀਤ ਬਾਦਲ ਦਾ ਇਸ ਇਲਾਕੇ ਵਿਚ ਆਪਣਾ ਵੀ ਆਧਾਰ ਹੈ ਅਤੇ ਇਸ ਵਾਰ ਵਿਧਾਨ ਸਭਾ ਚੋਣਾਂ ਵਾਂਗ ਕਾਂਗਰਸ ਨੂੰ ਵੋਟਾਂ ਟੁੱਟਣ ਦਾ ਡਰ ਨਹੀਂ ਹੈ। ਫਿਰੋਜ਼ਪੁਰ ਤੋਂ ਕਾਂਗਰਸ ਨੇ ਇਸ ਵਾਰ ਅਕਾਲੀ ਦਲ ਦਾ ਰਸਤਾ ਬਹੁਤ ਮੁਸ਼ਕਿਲ ਕਰ ਦਿੱਤਾ ਹੈ। ਆਪਣੇ ਵਿਧਾਇਕ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਸ੍ਰੀ ਜਾਖੜ ਨੂੰ ਹੀ ਕਾਂਗਰਸ ਨੇ ਮੈਦਾਨ ਵਿਚ ਉਤਾਰ ਦਿੱਤਾ ਹੈ। ਜਾਖੜ ਪਰਿਵਾਰ ਦਾ ਇਸ ਇਲਾਕੇ ਵਿਚ ਪੁਰਾਣਾ ਆਧਾਰ ਅਤੇ ਰਸੂਖ ਹੈ, ਇਸ ਕਰਕੇ ਅਕਾਲੀ ਦਲ ਦੇ ਉਮੀਦਵਾਰ ਲਈ ਇਸ ਵਾਰ ਜਿੱਤ ਹਾਸਲ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ।

ਫਰੀਦਕੋਟ ਤੋਂ ਕਾਂਗਰਸ ਅਤੇ ਅਕਾਲੀ ਦਲ ਆਪਣੇ ਪੁਰਾਣੇ ਉਮੀਦਵਾਰਾਂ ਤੇ ਦਾਅ ਲਗਾ ਰਹੇ ਹਨ। ਜਲੰਧਰ, ਤਰਨਤਾਰਨ, ਹੁਸ਼ਿਆਰਪੁਰ ਤੋਂ ਵੀ ਉਮੀਦਵਾਰ ਲੱਗਭੱਗ ਪੁਰਾਣੇ ਹਨ, ਪਰ ਅਕਾਲੀ ਦਲ ਨੇ ਜਲੰਧਰ ਤੋਂ ਇਸ ਵਾਰ ਆਪਣਾ ਉਮੀਦਵਾਰ ਬਦਲ ਲਿਆ ਹੈ। ਗੁਰਦਾਸਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਭਿਨੇਤਾ ਵਿਨੋਦ ਖੰਨਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਭਾਰੀ ਪੈਂਦੇ ਨਜ਼ਰ ਆ ਰਹੇ ਹਨ, ਪਰ ਆਨੰਦਪੁਰ ਸਾਹਿਬ ਵਿਚ ਇਸ ਵਾਰ ਕਾਂਗਰਸ ਨੇ ਅੰਬਿਕਾ ਸੋਨੀ ਨੂੰ ਉਤਾਰ ਕੇ ਪਟਿਆਲਾ ਤੋਂ ਨਿਕਲੇ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਰਾਹ ਮੁਸ਼ਕਿਲ ਬਣਾ ਦਿੱਤਾ ਹੈ। ਇਸ ਹਲਕੇ ਤੋਂ ਬਸਪਾ ਦੇ ਉਮੀਦਵਾਰ ਵੀ ਪੂਰੀ ਤਾਕਤ ਨਾਲ ਚੋਣ ਪ੍ਰਚਾਰ ਕਰ ਰਹੇ ਹਨ।

ਸਭ ਤੋਂ ਜ਼ਿਆਦਾ ਦਿਲਚਸਪ ਮੁਕਾਬਲਾ ਇਸ ਵਾਰ ਅੰਮ੍ਰਿਤਸਰ ਦਾ ਬਣ ਗਿਆ ਹੈ। ਕਾਂਗਰਸ ਨੇ ਇਸ ਹਲਕੇ ਤੋਂ ਆਪਣੇ ਸਾਬਕਾ ਜਰਨੈਲ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਮੈਦਾਨ ਵਿਚ ਉਤਾਰ ਦਿੱਤਾ ਹੈ।

ਭਾਜਪਾ ਜੋ ਕਿ ਇਸ ਸੀਟ ਨੂੰ ਆਪਣੇ ਲਈ ਸਭ ਤੋਂ ਜ਼ਿਆਦਾ ਸੁਰੱਖਿਅਤ ਸਮਝਦੀ ਸੀ, ਹੁਣ ਸਭ ਤੋਂ ਜ਼ਿਆਦਾ ਅਸੁਰੱਖਿਅਤ ਸਮਝ ਰਹੀ ਹੈ। ਦਿੱਲੀ ਤੋਂ ਆਏ ਅਰੁਣ ਜੇਤਲੀ ਇਸ ਸੀਟ ਉਤੇ ਫਸਦੇ ਮਹਿਸੂਸ ਕਰ ਰਹੇ ਹਨ ਕਿਉਂਕਿ ਉਹਨਾਂ ਦੇ ਆਉਣ ਕਾਰਨ ਭਾਜਪਾ ਵੰਡੀ ਗਈ ਹੈ ਪਰ ਅਮਰਿੰਦਰ ਦੇ ਆਉਣ ਕਾਰਨ ਕਾਂਗਰਸ ਇੱਕਜੁਟ ਹੋ ਗਈ ਹੈ।

ਮਾਝੇ ਵਿਚ ਕਾਂਗਰਸ ਜੋ ਕਿ ਕਮਜ਼ੋਰ ਸਮਝੀ ਜਾਂਦੀ ਸੀ, ਹੁਣ ਤਾਕਤਵਰ ਹੋ ਕੇ ਅਕਾਲੀ ਦਲ ਲਈ ਵੱਡੀ ਚੁਣੌਤੀ ਬਣ ਗਈ ਹੈ।





MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ, ਪੰਜਾਬੀਆਂ ਦੇ ਮਾਣਮੱਤੇ ਤਿਉਹਾਰ ਵਿਸਾਖੀ ਅਤੇ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ




# ਸਵਰਗੀ ਸ੍ਰੀ ਲਾਹੌਰੀ ਰਾਮ ਜੀ (ਕਮਿਸ਼ਨਰ) ਜੀ ਦੇ ਸਮੂਹ ਪਰਿਵਾਰ ਵੱਲੋਂ

## ਲੱਖ ਲੱਖ ਵਧਾਈਆਂ



## ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦਾ ਸਮੂਹ ਪਰਿਵਾਰ

## ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਿਰ ਕਰੇ

# ਕੈਲੇਫੋਰਨੀਆ 'ਚ ਸੁੱਖ ਰਾਮ ਚੰਦੜ ਜੀ ਦਾ ਸਮੂਹ ਪਰਿਵਾਰ ਹੋਇਆ ਇਕੱਤਰ

ਸੈਕਰਾਮੈਂਟੋ (ਡੀ. ਡੀ. ਬੀ.) 6 ਅਪ੍ਰੈਲ ਦਿਨ ਐਤਵਾਰ ਗੁਰੂ ਨਾਨਕ ਸਤਿ ਸੰਗਤ ਆਫ ਕੈਲੇਫੋਰਨੀਆ ਸਿੱਖ ਟੈਂਪਲ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਸ੍ਰੀ ਮੁਨਸ਼ੀ ਰਾਮ ਚੰਦੜ ਨੰਬਰਦਾਰ ਅਤੇ ਸਵਰਗੀ ਮਾਤਾ ਸ੍ਰੀਮਤੀ ਸੀਬੋ ਚੰਦੜ ਦੇ ਸਪੁੱਤਰ ਸ੍ਰੀ ਸੁਖ ਰਾਮ ਚੰਦੜ (ਸਾਬਕਾ ਹੈਡ ਕੈਸ਼ੀਅਰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ) ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਮਹਿੰਦਰ ਕੌਰ ਚੰਦੜ ਜੀ ਦਾ ਸਮੂਹ ਪਰਿਵਾਰ ਭਾਰਤ ਤੋਂ ਅਮਰੀਕਾ ਦੀ ਗੋਲਡਨ ਸਟੇਟ ਵਜੋਂ ਜਾਣੀ ਜਾਂਦੀ ਸਟੇਟ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਪੱਕੇ ਤੌਰ ਤੇ ਇਕੱਤਰ ਹੋ ਜਾਣ ਦੀ ਖੁਸ਼ੀ ਵਿਚ 4 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਰਖਾਏ ਗਏ ਅਤੇ 6 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਸ਼ੁਭ ਅਵਸਰ ਤੇ ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰੂ ਨਦਿਰ ਕਰੇ ਅਤੇ ਹਮ ਸਰਿ ਦੀਨੁ ਦਇਆਲੁ ਨਾ ਤੁਮ ਸਰਿ ਅਬ ਪਤਿਆਰੁ ਕਿਆ ਕੀਜੈ।। ਆਦਿ ਅਨੇਕਾਂ ਗੁਰਬਾਣੀ ਸ਼ਬਦਾਂ ਦਾ ਰਾਗੀ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ, ਜਿਹਨਾਂ ਵਿਚ ਭਾਈ ਸਾਹਿਬ ਭਾਈ ਭਗਤ ਸਿੰਘ, ਭਾਈ ਸਾਹਿਬ, ਭਾਈ ਫਤਿਹ ਸਿੰਘ ਅਤੇ ਭਾਈ ਸਾਹਿਬ ਭਾਈ ਧਰਮਿੰਦਰ ਸਿੰਘ ਨਾਨਕਸਰ ਚੌਂਕੀਆਂਮਾਨ ਵਾਲੇ ਤੋਂ ਇਲਾਵਾ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਦੇ ਦੋ ਨੰਨੇ-ਮੁੰਨੇ ਬੱਚਿਆਂ ਨੇ ਬਹੁਤ ਹੀ ਮਿੱਠੀ ਸੁਰ ਵਿਚ ਗੁਰਬਾਣੀ ਸ਼ਬਦ: ਮਿਲ ਮੇਰੇ ਪ੍ਰੀਤਮਾ ਜੀਓ ਮੈਂ ਤੁਝ ਬਿਨ ਖਰੀ ਨਿਮਾਣੀ।। ਗਾਇਨ ਕਰਕੇ ਗੁਰੂ ਘਰ ਇਕੱਤਰ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੇ ਨਾਲ ਹੀ ਸ. ਮਨਜੀਤ ਸਿੰਘ ਜੀ ਨੇ ਧਾਰਮਿਕ ਕਵਿਤਾ ਤੇ ਉਹਨਾਂ ਉਪਰੰਤ ਸ. ਚਰਨ ਸਿੰਘ ਜੀ ਨੇ ਭਾਈ ਡੱਲਾ ਜੀ ਸਬੰਧਤ ਇਤਿਹਾਸਕ ਕਾਫੀ ਵਿਸਥਾਰਪੂਰਵਕ ਕਵਿਤਾ ਪੜ੍ਹੀ।


ਬੁਲਾਰੇ ਦੇ ਤੌਰ ਤੇ ਨੌਜਵਾਨ ਪੰਜਾਬੀ ਆਗੂ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਸਕੱਤਰ ਸ੍ਰੀ ਹੰਸ ਰਾਜ ਕਾਜਲਾ ਜੀ ਨੇ ਸਮੂਹ ਚੰਦੜ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦਿਆਂ ਸੁੱਖ ਰਾਮ ਚੰਦੜ ਪਰਿਵਾਰ ਬਾਰੇ ਸੰਗਤਾਂ ਨੂੰ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਮੇਰੇ ਅਤੇ ਮੇਰੇ ਪਰਿਵਾਰ ਨਾਲ ਕਾਫੀ ਸਮੇਂ ਤੋਂ ਗੂੜ੍ਹੇ ਪਰਿਵਾਰਕ ਸਬੰਧ ਹਨ ਅਤੇ ਇਹਨਾਂ ਦੇ ਪਿਤਾ ਸ੍ਰੀ ਮੁਨਸ਼ੀ ਰਾਮ ਜੀ ਨੰਬਰਦਾਰ (ਜਿਹਨਾਂ ਦਾ ਪਿਛਲਾ ਪਿੰਡ ਤਾਜਪੁਰ ਨੇੜੇ ਲਾਂਬੜਾਂ, ਜ਼ਿਲ੍ਹਾ ਜਲੰਧਰ ਹੈ)। ਕਈ ਵਾਰ ਅਮਰੀਕਾ ਆ ਚੁੱਕੇ ਹਨ।

ਉਹਨਾਂ ਦਾ ਸਮਾਜ ਵਿਚ ਕਾਫੀ ਯੋਗਦਾਨ ਹੈ ਅਤੇ ਉਹਨਾਂ ਪੂਰਨਿਆਂ ਤੇ ਉਹਨਾਂ ਦੇ ਸਪੁੱਤਰ ਸ੍ਰੀਮਾਨ ਸੁੱਖ ਰਾਮ ਚੰਦੜ ਜੀ ਅਮਰੀਕਾ ਦੀ ਧਰਤੀ ਤੇ ਵੀ ਸਮਾਜਿਕ-ਧਾਰਮਿਕ ਸਰਗਰਮੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਸ੍ਰੀ ਕਾਜਲਾ ਜੀ ਨੇ ਸਮੂਹ ਰਾਗੀ ਜਥਿਆਂ ਤੇ ਸਮੂਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਕਿ ਜੇਕਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੂੰ ਭਗਤ ਦੀ ਵਜਾਏ ਸ੍ਰੀ ਗੁਰੂ ਰਵਿਦਾਸ ਜੀ ਕਹਿ ਕੇ ਯਾਦ ਕਰੀਏ ਤਾਂ ਕਿੰਨਾ ਚੰਗਾ ਹੋਵੇਗਾ। ਇਸ ਨਾਲ ਪੰਜਾਬੀ ਭਾਈਚਾਰਕ ਸਾਂਝ ਵਿਚ ਹੋਰ ਮਜ਼ਬੂਤੀ ਆਵੇਗੀ। ਅਸੀਂ, ਜਿਹਨਾਂ ਮਹਾਂਪੁਰਸ਼ਾਂ ਦੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਸਭ ਦਾ ਅਤੇ ਇਕੋ ਜਿਹਾ ਸਤਿਕਾਰ ਕਰੀਏ।

ਅੱਜ ਦੇ ਇਸ ਸ਼ੁਭ ਅਵਸਰ ਤੇ ਚੰਦੜ ਪਰਿਵਾਰ ਵੱਲੋਂ (1) ਸ੍ਰੀ ਸੁੱਖ ਰਾਮ ਚੰਦੜ ਅਤੇ ਉਹਨਾਂ ਦੀ ਸੁਪਤਨੀ ਸੀਬੋ ਚੰਦੜ, (2) ਵੱਡੀ ਲੜਕੀ ਮਨਜੀਤ ਕੌਰ ਤੇ ਉਹਨਾਂ ਦਾ ਪਤੀ ਗੁਰਦੀਪ ਸਿੰਘ ਰਾਏ, ਦੋਵੇਂ ਸਪੁੱਤਰਾਂ ਗੁਰਬਖਸ਼ ਕਰਨ ਸਿੰਘ ਰਾਏ ਅਤੇ ਨਿਰਭੈ ਸਿੰਘ ਰਾਏ, (3) ਛੋਟੀ ਲੜਕੀ ਬਲਦੀਸ਼ ਕੌਰ ਅਤੇ ਉਹਨਾਂ ਦੇ ਪਤੀ ਹਰਪ੍ਰੀਤ ਸਿੰਘ ਆਪਣੇ ਸਪੁੱਤਰ ਦਿਲਪ੍ਰੀਤ ਸੌਂਧ, (4) ਲੜਕਾ ਨੀਰਜ ਕੁਮਾਰ ਚੰਦੜ ਆਪਣੀ ਸੁਪਤਨੀ ਪ੍ਰਮਜੀਤ ਕੌਰ ਅਤੇ ਪਿਆਰੀ ਨੰਨ੍ਹੀ ਮੁੰਨੀ ਲੜਕੀ ਨਵਨੀਤ ਕੌਰ ਆਦਿ ਅਨੇਕਾਂ ਸੱਜਣਾਂ ਮਿੱਤਰਾਂ ਨੇ ਸੰਗਤ ਵਜੋਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਤਿ ਸੰਗਤ ਆਫ ਕੈਲੇਫੋਰਨੀਆ (ਸੈਕਰਾਮੈਂਟੋ) ਵਿਖੇ ਬਹੁਤ ਸ਼ਰਧਾ ਪੂਰਵਕ ਹਾਜ਼ਰੀ ਭਰੀ। ਸ੍ਰੀਮਾਨ ਸੁੱਖ ਰਾਮ ਚੰਦੜ ਨੇ ਦੱਸਿਆ ਕਿ ਗੁਰੂ ਘਰ ਵੱਲੋਂ ਮਿਲੀ ਸੂਚਨਾ ਮੁਤਾਬਕ ਕੋਈ ਇਕ ਹਜ਼ਾਰ ਤੋਂ ਵੱਧ ਸੰਗਤਾਂ ਨੇ ਹਾਜ਼ਰੀ ਭਰੀ। ਸ੍ਰੀ ਸੁੱਖ ਰਾਮ ਚੰਦੜ ਜੀ ਨੇ ਅਦਾਰਾ "ਦੇਸ਼ ਦੁਆਬਾ" ਨੂੰ ਉਪਰੋਕਤ ਜਾਣਕਾਰੀ ਮੁਹੱਈਆ ਕਰਾਉਂਦੇ ਹੋਏ ਦੱਸਿਆ ਕਿ ਮੈਂ ਜਿੱਥੇ ਸਮੂਹ ਭੈਣ ਭਰਾ, ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਦਾ ਧੰਨਵਾਦ ਕਰਦਾ ਹਾਂ, ਉਥੇ ਮੈਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਤਿ ਸੰਗਤ ਆਫ ਕੈਲੇਫੋਰਨੀਆ (ਸੈਕਰਾਮੈਂਟੋ) ਦੀ ਸਮੂਹ ਪ੍ਰਬੰਧਕ ਕਮੇਟੀ ਦਾ, ਰਾਗੀ ਜਥਿਆਂ ਤੇ ਗੀਤ, ਕਵਿਤਾਵਾਂ ਤੇ ਦੋ ਸ਼ਬਦ ਪਰਿਵਾਰ ਸਬੰਧਤ ਰੱਖਣਵਾਲੇ ਬੁਲਾਰਿਆਂ ਦਾ ਵੀ ਕੋਟਾਨਿ ਕੋਟਿ ਧੰਨਵਾਦ ਕਰਦਾ ਹਾਂ ਅਤੇ ਇਸ ਦੇ ਨਾਲ ਹੀ ਮੈਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਅਤੇ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ 'ਚ ਵੱਧ ਚੜ੍ਹ ਕੇ ਅਗਾਂਹ ਹੋ ਕੇ ਰਹਿਨੁਮਾਈ ਕਰਨ ਵਾਲੇ ਮੇਰੇ ਬਹੁਤ ਹੀ ਨਜ਼ਦੀਕ ਰਿਸ਼ਤੇਦਾਰ ਅਤੇ ਸਾਬਕਾ ਪ੍ਰਧਾਨ ਮਾਣਯੋਗ ਕੇਵਲ ਬੋਲੀਨਾ ਜੀ ਅਤੇ ਉਹਨਾਂ ਦੀ ਸੁਪਤਨੀ ਸੁੱਘੜ ਸਿਆਣੀ ਬੀਬੀ ਕਸ਼ਮੀਰ ਬੋਲੀਨਾ ਜੀ ਨੂੰ ਅਸੀਂ ਜ਼ਿੰਦਗੀ ਭਰ ਨਹੀਂ ਭੁਲਾ ਸਕਦੇ, ਜਿਹਨਾਂ ਦੀ ਬਦੌਲਤ ਅਸੀਂ ਅਤੇ ਸਾਡਾ ਸਮੂਹ ਪਰਿਵਾਰ ਅੱਜ ਭਾਰਤ ਤੋਂ ਆ ਕੇ ਅਮਰੀਕਾ ਦੀ ਧਰਤੀ ਤੇ ਪੱਕੇ ਤੌਰ ਤੇ ਵੱਸਿਆ। ਅਖੀਰ ਅਸੀਂ ਸਮੂਹ ਚੰਦੜ ਪਰਿਵਾਰ ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਦਾ ਵੀ ਬਹੁਤ ਧੰਨਵਾਦ ਕਰਦੇ ਹਾਂ ਜੋ ਸਮੂਹ ਸਮਾਜ ਦੀ ਤਨ ਮਨ ਧਨ ਨਾਲ ਲਗਾਤਾਰ ਸੇਵਾ ਕਰਦਾ ਆ ਰਿਹਾ ਹੈ। ਅੱਜ ਦੇ ਇਸ ਖੁਸ਼ੀਆਂ ਭਰੇ ਸਮਾਗਮ ਸਬੰਧਤ ਰਖਾਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਜੀ ਦੇ ਕੜਾਅ ਪ੍ਰਸ਼ਾਦ ਅਤੇ ਅਟੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਬਹੁਤ ਹੀ ਬਾਖੂਬੀ ਅਤੇ ਨਿਮਰਤਾ ਸਹਿਤ ਸੰਚਾਲਨ ਸ. ਬਲਬੀਰ ਸਿੰਘ ਜੀ ਅਤੇ ਸ. ਤਾਰਾ ਸਿੰਘ ਜੀ ਨੇ ਕਰਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸਮੂਹ ਚੰਦੜ ਪਰਿਵਾਰ ਦਾ ਵਧਾਈਆਂ ਨਾਲ ਧੰਨਵਾਦ ਕੀਤਾ।



























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਡਾਟ ਕਾਮ)

# ਗੁਰੂ ਗੋਬਿੰਦ ਸਿੰਘ ਜੀ ਦਾ 'ਪੰਥ ਖਾਲਸਾ'

# 'ਰਬਾਬ ਤੋਂ ਤਲਵਾਰ ਤੱਕ'



ਐਚ.ਐਲ.ਕਪੂਰ
1 (289)-401-0728

'ਸਰਬੱਤ ਦੇ ਭਲੇ' ਲਈ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਜਿਸ ਸਮੇਂ ਉਹਨਾਂ ਨੇ ਅਵਤਾਰ ਧਾਰਿਆ ਉਸ ਸਮੇਂ ਭਾਰਤੀ ਸਮਾਜ ਦੀ ਹਾਲਤ ਬਹੁਤ ਬੁਰੀ ਸੀ। ਇਥੇ ਜਾਤ-ਪਾਤ, ਉਚ-ਨੀਚ, ਛੂਆ-ਛਾਤ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਦਾ ਬਹੁਤ ਬੋਲਬਾਲਾ ਸੀ। ਇਸ ਦੀ ਸਮਾਜਿਕਤਾ, ਆਰਥਿਕਤਾ, ਰਾਜਨੀਤਿਕਤਾ ਤੇ ਧਾਰਮਿਕਤਾ ਮਾਨੋਂ ਲੀਰੋ-ਲੀਰ ਹੋ ਚੁੱਕੀ ਸੀ। ਹਿੰਦੁਸਤਾਨ ਤੇ ਇਸਲਾਮ ਦਾ ਰਾਜ ਸੀ ਤੇ ਬਾਬਰ ਇਸ ਤੇ ਹਮਲੇ ਕਰਕੇ ਸਾਰੇ ਹਿੰਦੁਸਤਾਨ ਨੂੰ ਆਪਣੇ ਕਬਜ਼ੇ ਹੇਠ ਕਰਨ ਦਾ ਯਤਨ ਕਰ ਰਿਹਾ ਸੀ। ਇਸਲਾਮੀ ਹੁਕਮਰਾਨ ਤੇ ਹਮਲਾਵਰ ਹਿੰਦੂਆਂ ਉਪਰ ਬੜੇ ਜ਼ੁਲਮ ਢਾਅ ਰਹੇ ਸਨ। ਦੋਹਾਂ ਫਿਰਕਿਆਂ ਵਿਚ ਬੜੀ ਨਫ਼ਰਤ ਤੇ ਕੁੜੱਤਣ ਚੱਲ ਰਹੀ ਸੀ। ਅਜਿਹੇ ਮੁਸ਼ਕਿਲਾਂ ਭਰੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਦੋਹਾਂ ਫਿਰਕਿਆਂ ਨੂੰ ਨੇੜੇ ਲਿਆਉਣ ਲਈ, ਪ੍ਰੇਮ ਭਾਵਨਾ ਜਗਾਉਣ ਲਈ, ਸਾਫ-ਸੁਥਰਾ, ਸਾਦਾ ਤੇ ਨੇਕ ਜੀਵਨ ਜਿਊਣ ਲਈ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ ਸਾਂਝੀਵਾਲਤਾ ਦਾ ਜੀਵਨ ਜਿਊਣ ਲਈ ਸੰਦੇਸ਼ ਦਿੱਤਾ। ਉਹ ਆਪਣੀ ਮਧੁਰ ਬਾਣੀ ਤੇ ਰੂਹਾਨੀ ਸਿੱਖਿਆ ਕਾਰਨ ਦੋਹਾਂ ਫਿਰਕਿਆਂ ਵਿਚ ਬਹੁਤ ਹੀ ਹਰਮਨ ਪਿਆਰੇ ਹੋਏ ਤੇ ਸਤਿਕਾਰੇ ਜਾਣ ਲੱਗੇ। ਇਸੇ ਕਾਰਨ ਕਰਕੇ ਇਹ ਕਿਹਾ ਜਾਂਦਾ ਸੀ:

ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਜਨਮ ਦੀ ਪ੍ਰਕਾਸ਼ਮਈ ਸੂਰਜ-ਉਦੇ ਨਾਲ ਤੁਲਨਾ ਕੀਤੀ ਹੈ:

'ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।

ਇਕ ਹੋਰ ਬਹੁਤ ਮਸ਼ਹੂਰ ਵਿਦਵਾਨ ਖੁਆਜਾ ਦਿਲ ਮੁਹੰਮਦ ਸਾਹਿਬ ਜੋ ਇਸਲਾਮੀਆ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ, ਜਿਹਨਾਂ ਨੇ 'ਜਪੁਜੀ' ਸਾਹਿਬ ਦਾ ਉਰਦੂ ਨਜ਼ਮ ਵਿਚ ਤਰਜਮਾ ਵੀ ਕੀਤਾ, ਗੁਰੂ ਨਾਨਕ ਸਾਹਿਬ ਜੀ ਬਾਰੇ ਲਿਖਦੇ ਹਨ:

ਪੰਜਾਬ ਦੇ ਜਾਗੇ ਭਾਗ,
ਮਿਲੇ ਜਬ ਨਾਨਕ ਸੇ ਆਗਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ,
ਔਰ ਹਰ ਦਮ ਬੋਲੋ ਵਾਹਗੁਰੂ।


ਇਸੇ ਤਰ੍ਹਾਂ ਹੀ ਉਰਦੂ ਦੇ ਮਹਾਨ ਸ਼ਾਇਰ ਡਾ: ਮੁਹੰਮਦ ਇਕਬਾਲ ਗੁਰੂ ਨਾਨਕ ਦੇਵ ਜੀ ਦੇ ਬਹੁਤ ਪ੍ਰਸੰਸਕ ਸਨ ਤੇ ਉਹਨਾਂ ਨੇ ਗੁਰੂ ਜੀ ਬਾਰੇ ਆਪਣੀ ਨਜ਼ਮ ਵਿਚ ਇਕ ਸ਼ਿਅਰ ਲਿਖਿਆ ਹੈ:

ਫਿਰ ਉਠੀ ਤੋਹੀਦ ਕੀ ਆਵਾਜ਼ ਪੰਜਾਬ ਸੇ,
ਹਿੰਦ ਕੋ ਜਗਾਇਆ ਇਕ ਮਰਦੇ ਕਾਮਲ ਨੇ ਖਵਾਬ ਸੇ।

15ਵੀਂ-16ਵੀਂ ਸਦੀ ਈਸਵੀ ਵਿਚ ਸ਼ਾਇਦ ਹੀ ਕੋਈ ਹੋਰ ਭਾਰਤੀ ਮਹਾਂ ਪੁਰਸ਼ ਹੋਵੇ, ਜਿਸ ਨੂੰ ਗੁਰੂ ਨਾਨਕ ਦੇਵ ਜੀ ਜਿੰਨੀ ਅਧਿਆਤਮਕ, ਧਾਰਮਿਕ, ਸਮਾਜਿਕ, ਰਾਜਨੀਤਿਕ, ਇਤਿਹਾਸਕ ਤੇ ਮਨੋਵਿਗਿਆਨਕ ਸੋਝੀ ਹੋਵੇ। ਉਹਨਾਂ ਨੇ ਮਾਨਵਤਾ ਨੂੰ ਵਧੀਆ ਜੀਵਨ-ਜਾਂਚ ਸਿਖਾਉਣ ਲਈ ਚਹੁ ਕੂੰਟਾਂ ਵਿਚ ਹਜ਼ਾਰਾਂ ਮੀਲਾਂ ਦਾ ਸਫਰ ਕੀਤਾ ਹੋਵੇ। ਇਹ ਸਫਰ ਹੀ ਉਹਨਾਂ ਦੀ ਯਥਾਰਥਕ ਸਿੱਖਿਆ ਦਾ ਇਕ ਮਹੱਤਵਪੂਰਨ ਮਾਧਿਅਮ ਸੀ। ਇਸ ਸਫਰ ਵਿਚ ਕਈ ਅਗਿਆਨੀ ਤੇ ਸਮਾਜ ਨੂੰ ਕੁਰਾਹੇ ਪਾਉਣ ਵਾਲੇ ਸਮਾਜ ਦੇ ਠੇਕੇਦਾਰਾਂ ਨੇ ਗੁਰੂ ਜੀ ਦੀ ਆਲੋਚਨਾ ਕਰਦਿਆਂ ਉਹਨਾਂ ਨੂੰ 'ਕੁਰਾਹੀਆ' ਤੱਕ ਵੀ ਕਿਹਾ ਪਰ ਉਹਨਾਂ ਨੇ ਐਸੇ ਲੋਕਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੇ ਸਮਾਜ ਸੁਧਾਰ ਦੇ ਮਿਸ਼ਨ ਨੂੰ ਸ਼ਾਂਤੀ-ਪੂਰਵਕ ਜਾਰੀ ਰੱਖਿਆ। ਕਈ ਜਗ੍ਹਾ ਉਹਨਾਂ ਨਾਲ ਦੁਰਵਿਵਹਾਰ ਵੀ ਕੀਤਾ ਗਿਆ ਤੇ ਚੰਗਾ ਵਿਵਹਾਰ ਵੀ ਕੀਤਾ ਗਿਆ। ਚੰਗਾ ਵਿਵਹਾਰ ਕਰਨ ਵਾਲਿਆਂ ਨੂੰ ਉਹਨਾਂ ਨੇ 'ਉਜੜ ਜਾਓ' ਦਾ ਵਰ ਦਿੱਤਾ ਤੇ ਮਾੜਾ ਵਿਵਹਾਰ ਕਰਨ ਵਾਲਿਆਂ ਨੂੰ ਉਹਨਾਂ ਨੇ 'ਵੱਸਦੇ ਰਹੋ' ਦਾ ਵਰ ਦਿੱਤਾ। ਗੁਰੂ ਜੀ ਦੇ ਇਸ ਤਰ੍ਹਾਂ ਦੇ ਵਿਵਹਾਰ ਤੇ ਦਿੱਤੇ ਗਏ ਵਚਨਾਂ ਤੇ ਉਹਨਾਂ ਦੇ ਸਾਥੀ ਬਾਲਾ ਜੀ ਤੇ ਮਰਦਾਨਾ ਜੀ ਬਹੁਤ ਹੈਰਾਨ ਵੀ ਹੋਏ, ਗੁਰੂ ਜੀ ਅਕਸਰ ਇਸ ਤਰ੍ਹਾਂ ਦਾ ਕੋਈ ਭਾਣਾ ਵਰਤਣ ਤੇ ਕਿਹਾ ਕਰਦੇ ਸਨ, 'ਦੇਖ ਭਾਈ ਬਾਲਿਆ ਰੰਗ ਕਰਤਾਰ ਦੇ'। ਇਸ ਦੇ ਨਾਲ ਹੀ ਗੁਰੂ ਜੀ ਨੇ ਕਿਹਾ, 'ਵਸਦੇ ਰਹੋ, ਮੈਂ ਇਸ ਲਈ ਕਿਹਾ ਹੈ ਕਿ ਮਾੜਾ ਇਨਸਾਨ ਜਿੱਥੇ ਵੀ ਜਾਏਗਾ ਸਮਾਜ ਨੂੰ ਬੁਰਾਈ ਹੀ ਦੇਵੇਗਾ ਤੇ ਉਜੜ ਜਾਓ, ਇਸ ਲਈ ਕਿਹਾ ਕਿ ਚੰਗਾ ਇਨਸਾਨ ਜਿੱਥੇ ਵੀ ਜਾਏਗਾ ਸਮਾਜ ਵਿਚ ਚੰਗਿਆਈਆਂ ਦੀ ਸਿੱਖਿਆ ਹੀ ਦੇਵੇਗਾ।'

ਮਲਕ ਭਾਗੋ, ਕੌਡਾ ਰਾਕਸ਼, ਸੱਜਣ ਠੱਗ, ਬਲੀ ਕੰਧਾਰੀ, ਬਾਬਰ, ਕਈ ਮੁਲਾਣਿਆਂ, ਦੰਭੀ ਪੰਡਤਾਂ, ਜੋਗੀਆਂ-ਨਾਥਾਂ ਤੇ ਹੋਰ ਬਹੁਤ ਲੋਕ ਜੋ ਸਮਾਜ ਨੂੰ ਕੁਰਾਹੇ ਪਾ ਕੇ ਆਪਣਾ ਤੋਰੀ ਫੁਲਕਾ ਤੋਰਦੇ ਸਨ, ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਉਪਦੇਸ਼ ਦਿੱਤਾ। ਉਹਨਾਂ ਦੀਆਂ ਕੁਰੀਤੀਆਂ ਦੀ ਆਪਣੀ ਕਲਮ ਨਾਲ ਆਲੋਚਨਾ ਕੀਤੀ ਤੇ ਆਪਣੀ ਰਚਿਤ ਬਾਣੀ ਦੁਆਰਾ ਵਧੀਆ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਆਪਣੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਸੰਗੀਤਕਾਰ ਸਾਥੀ ਮਰਦਾਨੇ ਨੂੰ ਸਦਾ ਆਖਦੇ ਮਰਦਾਨਿਆ 'ਜਰਾ ਛੇੜ ਤਾਂ ਰਬਾਬ ਨੂੰ'। ਮਰਦਾਨਾ ਰਬਾਬ ਨੂੰ ਵਜਾਉਂਦਾ ਤੇ ਗੁਰੂ ਸਾਹਿਬ ਆਪਣੀ ਸੁਰੀਲੀ ਆਵਾਜ਼ ਨਾਲ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ। ਇੰਝੋ ਗੁਰੂ ਸਾਹਿਬ ਨਾਲ ਦੀ ਨਾਲ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਸਨ। ਮਰਦਾਨਾ ਉਸ ਸਮੇਂ ਦਾ ਇਕ ਮਹਾਨ ਰਬਾਬੀ ਸੰਗੀਤਕਾਰ ਸੀ ਜੋ ਗੁਰਬਾਣੀ ਦੇ ਰਾਗਾਂ ਤੇ ਆਪਣੀਆਂ ਸੰਗੀਤਕ ਧੁੰਨਾਂ ਵਜਾਉਂਦਾ ਸੀ। ਇਸ ਨਾਲ ਗੁਰਬਾਣੀ ਹੋਰ ਰਸ ਭਿੰਨੀ ਬਣ ਜਾਂਦੀ ਤੇ ਗੁਰੂ ਜੀ ਦੇ ਕੀਰਤਨ ਨੂੰ ਚਾਰ ਚੰਨ ਲੱਗ ਜਾਂਦੇ ਸਨ। ਮਰਦਾਨਾ ਗੁਰਬਾਣੀ ਦੀਆਂ ਧੁੰਨਾਂ ਤੇ ਵਜਦ ਵਿਚ ਆ ਜਾਂਦਾ ਤੇ ਸੰਗਤਾਂ ਗੁਰਬਾਣੀ ਦਾ ਗਾਇਨ ਸੁਣ ਕੇ ਝੂੰਮਣ ਲੱਗ ਪੈਂਦੀਆਂ। ਕਲਮ ਤੇ ਰਬਾਬ ਗੁਰੂ ਜੀ ਦੇ ਦੋ ਹਥਿਆਰ ਸਨ। ਕਲਮ ਨਾਲ ਗੁਰੂ ਜੀ ਬਾਣੀ ਰਚਦੇ ਸਨ, ਜਿਸ ਵਿਚ ਮਾਨਵਤਾ ਨੂੰ ਸੇਧ ਦਿੱਤੀ ਜਾਂਦੀ ਸੀ ਤੇ ਬੁਰਾਈਆਂ ਦੀ ਆਲੋਚਨਾ ਕੀਤੀ ਜਾਂਦੀ ਸੀ। ਰਬਾਬ ਦਾ ਹਥਿਆਰ ਗੁਰੂ ਜੀ ਦੀ ਰਚੀ ਹੋਈ ਬਾਣੀ ਨੂੰ ਆਨੰਦਮਈ ਬਣਾ ਦਿੰਦਾ ਸੀ। ਇਹਨਾਂ ਦੋਹਾਂ ਯਥਾਰਥਵਾਦੀ ਹਥਿਆਰਾਂ ਨਾਲ ਮਾੜੇ ਤੋਂ ਮਾੜਾ ਇਨਸਾਨ ਵੀ ਉਹਨਾਂ ਦਾ ਮੁਰੀਦ ਬਣ ਜਾਂਦਾ ਸੀ ਤੇ ਸੱਚੇ ਮਾਰਗ ਤੇ ਚੱਲਣ ਦਾ ਪ੍ਰਣ ਕਰ ਲੈਂਦਾ ਸੀ।

ਬਾਬਰ ਨੇ 1526 ਈ: ਵਿਚ ਐਮਨਾਬਾਦ ਤੇ ਹਮਲਾ ਕੀਤਾ ਜਿੱਥੇ ਸੈਂਕੜੇ ਲੋਕ ਮਾਰੇ ਗਏ। ਉਥੇ ਉਸ ਨੇ ਔਰਤ ਨੂੰ ਨਹੀਂ ਬਖਸ਼ਿਆ ਤੇ ਬਹੁਤ ਜ਼ੁਲਮ ਕੀਤਾ। ਹਮਲੇ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਐਮਨਾਬਾਦ ਗਏ ਤੇ ਲੋਕਾਂ ਤੋਂ ਬਾਬਰ ਦੇ ਜ਼ੁਲਮ ਦੀ ਜਾਣਕਾਰੀ ਲਈ। ਘਰ-ਘਰ ਵਿਚ ਬਾਬਰ





ਦੇ ਵੈਣ ਪੈ ਰਹੇ ਸਨ। ਕੋਈ ਅਜਿਹਾ ਘਰ ਨਹੀਂ ਬਚਿਆ ਸੀ, ਜਿੱਥੇ ਕਿਸੇ ਪਰਿਵਾਰ ਦਾ ਕੋਈ ਬੰਦਾ ਨਾ ਮਰਿਆ ਹੋਵੇ। ਗੁਰੂ ਜੀ ਨੇ ਲੋਕਾਂ ਦੀ ਕੁਰਲਾਹਟ ਨੂੰ ਸੁਣਿਆ ਤੇ ਇਸ ਦੀ ਆਪਣੀ ਕਲਮ ਨਾਲ ਆਲੋਚਨਾ ਵੀ ਕੀਤੀ ਤੇ ਰੱਬ ਨੂੰ ਉਲਾਂਭਾ ਵੀ ਦਿੱਤਾ:

ਏਤੀ ਮਾਰ ਪਈ ਕੁਰਲਾਣੈ,
ਤੈਂ ਕੀ ਦਰਦ ਨਾ ਆਇਆ।।
ਖੁਰਾਸਾਨ ਖਸਮਾਨਾ ਕੀਆ,
ਹਿੰਦੋਸਤਾਨ ਡਰਾਇਆ।।
ਆਪਾਂ ਦੋਸ਼ ਨਾ ਦੇਈ ਕਰਤਾ,
ਜਮ ਕਰ ਮੁਗਲ ਚੜ੍ਹਾਇਆ।।

ਗੁਰੂ ਨਾਨਕ ਦੇਵ ਜੀ ਉਸ ਸਮੇਂ ਗਰੀਬ ਦਲਿਤ ਲੋਕਾਂ ਨਾਲ ਜਿਹਨਾਂ ਤੇ ਜ਼ੁਲਮ ਹੋਇਆ ਸੀ ਖੜ੍ਹੇ ਹੋਏ। ਗੁਰੂ ਜੀ ਨੇ ਉਸ ਸਮੇਂ ਦੇ ਰਾਜਿਆਂ ਨੂੰ 'ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਤੱਕ ਆਖ ਦਿੱਤਾ। 'ਬਾਬਰ ਬਾਣੀ' ਮਨੁੱਖਤਾ ਤੇ ਕੀਤੇ ਗਏ ਬਾਬਰ ਦੇ ਹਮਲੇ ਦਾ ਇਕ ਪ੍ਰਤੱਖ ਪ੍ਰਮਾਣ ਹੈ। ਗੁਰੂ ਜੀ ਦੁਆਰਾ ਕੀਤੀ ਗਈ ਇਸ ਵਿਚ ਬਾਬਰ ਦੀ ਆਲੋਚਨਾ, ਗੁਰੂ ਜੀ ਤੇ ਜਨਤਕ ਰੋਹ ਦਾ ਪ੍ਰਤੀਕ ਹੈ। ਜਦ ਬਾਬਰ ਨੂੰ ਪਤਾ ਲੱਗਾ ਕਿ ਬਾਬਾ ਨਾਨਕ ਮੇਰੇ ਹਮਲੇ ਦੀ ਵਿਰੋਧਤਾ ਕਰ ਰਿਹਾ ਹੈ ਤਾਂ ਬਾਬਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ। ਇੱਥੇ ਫਿਰ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਮਰਦਾਨਿਆ ਜਰਾ ਛੇੜ ਤਾਂ ਰਬਾਬ ਦੀ ਤਾਰ ਨੂੰ।' ਮਰਦਾਨੇ ਨੇ ਰਬਾਬ ਵਜਾਈ ਤੇ ਗੁਰੂ ਜੀ ਨੇ ਗੁਰਬਾਣੀ ਦਾ ਗਾਇਨ ਕੀਤਾ ਤੇ ਫਿਰ ਆਪਣੀ ਬਾਣੀ ਵਿਚ ਕੀਤੀ ਗਈ ਹਮਲੇ ਦੀ ਆਲੋਚਨਾ ਨੂੰ ਦੁਹਰਾਇਆ। ਇਸ ਦਾ ਬਾਬਰ ਦੇ ਮਨ ਤੇ ਬਹੁਤ ਅਸਰ ਹੋਇਆ। ਉਸ ਨੇ ਗੁਰੂ ਜੀ ਨੂੰ ਰਿਹਾਅ ਕਰ ਦਿੱਤਾ ਤੇ ਨਾਲ ਹੀ ਦੂਸਰੇ ਕੈਦੀਆਂ ਨੂੰ ਵੀ ਛੱਡ ਦਿੱਤਾ। ਇਹ ਗੁਰੂ ਜੀ ਦੀ ਕਲਮ ਤੇ ਰਬਾਬ ਦਾ ਹੀ ਕਮਾਲ ਸੀ, ਜਿਸ ਨੇ ਜੇਲ੍ਹ ਵਿਚ ਬੰਦ ਕੈਦੀਆਂ ਤੇ ਬਾਬਰ ਨੂੰ ਸੱਚੇ ਮਾਰਗ ਤੇ ਚੱਲ ਕੇ ਮਾਨਵਤਾ ਦੀ ਸੇਵਾ ਤੇ ਭਲਾਈ ਵੱਲ ਪ੍ਰੇਰਿਆ। ਇੱਥੇ ਗੁਰੂ ਨਾਨਕ ਦੇਵ ਜੀ ਵੱਲੋਂ ਬਾਬਰ ਦੇ ਜ਼ੁਲਮ ਦੇ ਖਿਲਾਫ ਆਲੋਚਨਾ ਲਈ ਚਲਾਈ ਗਈ ਕਲਮ ਤੇ ਰਬਾਬ ਦੇ ਹਥਿਆਰ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ 'ਪੰਥ ਖਾਲਸਾ' ਦੀ ਪਿੱਠ-ਭੂਮੀ ਵਜੋਂ ਗਵਾਹੀ ਦੇ ਤੌਰ ਤੇ ਸਾਫ ਦੇਖਿਆ ਜਾ ਸਕਦਾ ਹੈ।

ਇਸ ਤੋਂ ਬਾਅਦ ਦੂਸਰੇ, ਤੀਸਰੇ ਤੇ ਚੌਥੇ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਬੜੇ ਸ਼ਾਂਤੀ ਪੂਰਵਕ ਤਰੀਕੇ ਨਾਲ ਅੱਗੇ ਤੋਰਿਆ। ਗੁਰੂ ਅਰਜਨ ਦੇਵ ਜੀ ਨੇ ਵੀ 'ਗਰੀਬੀ ਗਦਾ ਹਮਾਰੀ' ਦੇ ਸਿਧਾਂਤ ਨੂੰ ਆਪਣੀ ਬਾਣੀ ਵਿਚ ਉਭਾਰਿਆ। 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਕੀਤੀ। ਘਰ ਵਿਚੋਂ ਹੀ ਉਹਨਾਂ ਦੇ ਗੱਦੀ ਪ੍ਰਾਪਤ ਕਰਨ ਦਾ ਵਿਰੋਧ ਹੋਇਆ। ਮੁਗਲ ਬਾਦਸ਼ਾਹ ਜਹਾਂਗੀਰ ਪਾਸ ਝੂਠੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਕਿ 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਵਿਚ ਇਸਲਾਮ ਧਰਮ ਦੇ ਵਿਰੁੱਧ ਟਿੱਪਣੀਆਂ ਕੀਤੀਆਂ ਗਈਆਂ ਹਨ। ਦੂਸਰੇ ਪਾਸੇ ਜਹਾਂਗੀਰ ਆਪਣੀ ਸਵੈ-ਜੀਵਨੀ 'ਤੋਜ਼ਕੇ ਜਹਾਂਗੀਰੀ' ਵਿਚ ਲਿਖਦਾ ਹੈ ਕਿ ਉਸ ਨੂੰ ਸਿੱਖ ਧਰਮ ਦੇ ਵਧਦੇ ਪ੍ਰਭਾਵ ਤੇ ਫੈਲਾਅ ਤੋਂ ਡਰ ਹੈ ਕਿ ਕਿਤੇ ਉਹ ਮੇਰਾ ਰਾਜ ਨਾ ਹਥਿਆ ਲੈਣ। ਇਸੇ ਨਫ਼ਰਤ ਦੇ ਕਾਰਨ ਹੀ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਦਾ ਧਾਰਨ ਕਰਨਾ, ਸਿੱਖ ਸੰਗਤਾਂ ਨੂੰ ਸ਼ਸਤਰਾਂ ਦੀ ਸਿੱਖਿਆ ਦੇਣਾ, ਹਥਿਆਰ ਇਕੱਠੇ ਕਰਨਾ, ਗੁਰੂ ਜੀ ਦਾ ਕਈ ਜੰਗਾਂ-ਯੁੱਧ ਕਰਨਾ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦ ਦੇ ਕਾਰਨਾਂ ਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਪੰਥ ਖਾਲਸਾ' ਦੀ ਪਿੱਠ-ਭੂਮੀ ਵਜੋਂ ਦੇਖਿਆ ਜਾ ਸਕਦਾ ਹੈ। ਇਹਨਾਂ ਘਟਨਾਵਾਂ ਨੇ ਵੀ 'ਪੰਥ ਖਾਲਸਾ' ਦੀ ਸਾਜਨਾ ਲਈ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬ ਦਾ ਸਮਾਂ ਸ਼ਾਂਤ ਰਿਹਾ। ਇਸ ਤੋਂ ਬਾਅਦ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰਾਖੀ ਕਰਨ ਬਦਲੇ, ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਥ ਖਾਲਸਾ ਦੀ ਪਿੱਠ ਭੂਮੀ ਵਿਚ ਤਤਕਾਲਿਤ ਕਾਰਨ ਵਜੋਂ ਦੇਖਿਆ ਜਾ ਸਕਦਾ ਹੈ। ਇਸ ਸ਼ਹੀਦੀ ਨੇ ਗੁਰੂ ਸਾਹਿਬ ਵੱਲੋਂ ਸਾਜੇ ਗਏ 'ਪੰਥ-ਖਾਲਸਾ' ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

ਇਸ ਤਰ੍ਹਾਂ ਉਕਤ ਕੀਤੀ ਗਈ ਵਿਆਖਿਆ ਤੇ ਚਰਚਾ ਤੋਂ ਰਬਾਬ ਤੇ ਕਲਮ ਦੇ ਹਥਿਆਰ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਬਾਹਰੀ ਰਾਜਿਆਂ ਦੇ ਹਮਲਿਆਂ ਕਾਰਨ ਪੰਜਾਬ ਦੀ ਧਰਤੀ ਦੇ ਲੋਕਾਂ ਤੇ ਕੀਤੇ ਜ਼ੁਲਮ, ਗੁਰੂ ਨਾਨਕ ਦੇਵ ਜੀ ਨੂੰ ਜੇਲ੍ਹ ਵਿਚ ਡੱਕਣਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਤੇ ਰਾਜਨੀਤੀ ਦਾ ਸੁਮੇਲ ਕਰਨਾ, ਹਿੰਦੂ ਧਰਮ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨਾ ਤੇ ਮੁਗਲਾਂ ਦੀ ਨੀਤੀ ਕਿ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਦਾ ਫੈਲਾਅ ਕਰਨਾ ਤੇ ਦੂਸਰੇ ਧਰਮਾਂ ਨੂੰ ਤਲਵਾਰ ਦੇ ਜ਼ੋਰ ਨਾਲ ਖਤਮ ਕਰਨਾ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਕਤ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ 'ਪੰਥ-ਖਾਲਸਾ' ਦੀ ਸਥਾਪਨਾ ਕਰਨਾ ਤੇ 'ਸਿੰਘਾਂ' ਨੂੰ ਸ਼ਸਤਰਧਾਰੀ ਕਰਨਾ, 'ਰਬਾਬ ਤੋਂ ਤਲਵਾਰ' ਦੇ ਸਫਰ ਦੀ ਗਵਾਹੀ ਭਰਨਾ ਕਿਹਾ ਜਾ ਸਕਦਾ ਹੈ। ਇਸ ਸਾਰੇ ਸਫਰ 'ਚੋਂ 'ਪੰਥ-ਖਾਲਸਾ' ਦੇ ਸ਼ਸਤਰਧਾਰੀ ਹੋਣ ਦਾ ਸਿਧਾਂਤਕ ਆਧਾਰ ਨਜ਼ਰ ਆਉਂਦਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਦੇ ਪਿਛੋਕੜਲੇ ਇਤਿਹਾਸ ਵੱਲ ਝਾਤ ਮਾਰੀ ਤੇ ਇਸ ਵਿਚੋਂ ਸੇਧ ਲੈਣ ਬਾਅਦ ਅਧਿਆਤਮਕਤਾ ਦੇ ਨਾਲ ਨਾਲ ਸਿੱਖ ਕੌਮ ਨੂੰ 'ਖਾਲਸੇ' ਦਾ ਰੂਪ ਦੇ ਕੇ ਸ਼ਾਸਤਰਧਾਰੀ ਕਰਨ ਦਾ ਫੈਸਲਾ ਲਿਆ ਤੇ ਇਸ ਲਈ ਸੰਘਰਸ਼ ਆਰੰਭ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ ਲੋਕ-ਹਿੱਤ ਕੰਮਾਂ ਵਿਚ ਲਾਵੇ।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਗਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ-ਪਿਆਰਿਆਂ' ਨੂੰ ਅੰਮ੍ਰਿਤ ਦੀ ਦਾਤ ਛਕਾਅ ਕੇ ਤੇ ਸ਼ਾਸਤਰਾਂ ਨਾਲ ਸਜਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਫਿਰ ਗੁਰੂ ਸਾਹਿਬ ਨੇ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ 'ਪੰਜ-ਪਿਆਰਿਆਂ' ਦੀ ਚੋਣ ਕੀਤੀ, ਉਹ ਵੱਖ-ਵੱਖ ਜਾਤਾਂ ਦੇ ਤੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਆਉਣ ਵਾਲੇ ਅਜਿਹੇ ਮਰਜੀਵੜੇ ਸਨ, ਜਿਹਨਾਂ ਨੇ ਗੁਰੂ ਸਾਹਿਬ ਦੇ ਸਨਮੁੱਖ ਆਪਣੇ ਆਪ ਨੂੰ ਸੀਸ ਭੇਟ ਕਰਨ ਲਈ ਪੇਸ਼ ਕਰ ਦਿੱਤਾ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। ਖੱਤਰੀ ਵਰਗ ਨੂੰ ਛੱਡ ਕੇ ਬਾਕੀ ਸਾਰੇ ਦਲਿਤ ਵਰਗ ਦੇ ਲੋਕ ਸਨ। (ਹਵਾਲਾ 'ਗੁਰੂ ਕੀਆਂ ਸਾਖੀਆਂ' ਅਨੁਸਾਰ: ਪ੍ਰਿਥਮੈ ਦੈਆ ਰਾਮ ਸੋਬਤੀ ਖਤਰੀ ਵਾਸੀ ਲਹੌਰ ਖਲਾਹੁਆ। ਪਾਛੈ ਮੁਹਕਮ ਚੰਦ ਛੀਪਾ ਵਾਸੀ ਦਵਾਰਕਾ, ਸਾਹਿਬ ਚੰਦ ਨਾਈ ਵਾਸੀ ਬਿਦਰ (ਜਫਰਾਬਾਦ)), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੇ-ਬਾਰੀ ਖਲੇ ਹੁਏ)

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਹਨਾਂ ਦਾ ਧਰਮ-ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ ਤੇ ਜ਼ਬਰ ਨੂੰ ਰੋਕਣਾ ਸੀ। ਉਹ ਆਪਣੇ ਜੀਵਨ ਦੇ ਮੰਤਵ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰਦੇਵ ਪਠਾਏ।।
ਜਹਾ ਤਹਾ ਤੁਮ ਧਰਮ ਬਿਥਾਰੋ।।
ਦੁਸ਼ਟ ਦੋਖਯਨਿ ਪਕਰਿ ਪਛਾਰੋ।।
ਧਰਮ ਚਲਾਵਨ ਸੰਤ ਉਬਾਰਨ।।
ਦੁਸ਼ਟ ਸਭਨ ਕੋ ਮੂਲ ਉਪਾਰਨਿ।।

ਗੁਰੂ ਜੀ ਨੇ ਅਖੌਤੀ ਗੁਰੂਆਂ ਦੇ ਪਾਖੰਡਾਂ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਦੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਂ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣਾ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮਾਂ-ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ।
ਬੈਠ ਰਹਿਓ ਬਕ ਧਯਾਨ ਲਗਾਇਓ।।
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ।।
ਬਾਸ ਕੀਓ ਬਿਖਿਆਨ ਸੋ ਬੈਠ ਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ।।
ਸਾਚ ਕਰੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਹਨਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕ੍ਰਿਪਾ ਨਾਲ 'ਖਾਲਸਾ' ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੇ ਗਰੀਬ ਕਰੋਰ ਪਰੇ।

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਉੱਚੀ ਸੋਚ ਦਾ ਨਤੀਜਾ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। 'ਖਾਲਸੇ' ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਸ ਅਕਾਲ ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ-ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ। 'ਬਚਿੱਤਰ ਨਾਟਕ' ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਰਿ ਹੈ।।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।
ਮੋ ਕੋ ਦਾਸ ਤਵਨ ਕਾ ਜਾਨੋ।।
ਯਾ ਮੈ ਭੇਦੁ ਨਾ ਰੰਗ ਪਛਾਣੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਅਨੁਸਾਰ: "ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।" ਉਹਨਾਂ ਦੇ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ਼ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿਤ੍ਰ ਨਾਟਕ ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ।
ਕਹਾ ਸੋ ਕਹਿਹੋ ਜਗ ਮਾਹਿ।।'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪਣੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉੱਤਰ ਦਿੱਤਾ, ਇਹੋ ਜਿਹਾ ਉੱਤਰ ਕੋਈ ਸਰਬੰਸ ਦਾਨੀ ਹੀ ਦੇ ਸਕਦਾ ਹੈ। 'ਪੰਥ-ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:

ਇਨ ਪੁਤਰਨ ਕੇ ਸੀਸ ਪਰ,
ਵਾਰ ਦੀਏ ਸੁਤ ਚਾਰ।।
ਚਾਰ ਮੋਏ ਤੋ ਕਿਆ ਹੂਆ,
ਜੀਵਤ ਕਈ ਹਜ਼ਾਰ।।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ

(ਬਾਕੀ ਅਗਲੇ ਸਫੇ ਤੇ)

# ਗੁਰੂ ਗੋਬਿੰਦ ਸਿੰਘ ਜੀ ਦਾ 'ਪੰਥ ਖਾਲਸਾ' "ਰਬਾਬ ਤੋਂ ਤਲਵਾਰ ਤੱਕ"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ। ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।।
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ।।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ ਵਿਚ ਰਤਾ ਵੀ ਗੁਰੇਜ਼ ਨਹੀਂ ਕੀਤਾ ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ: 'ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।' ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀ ਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗਾ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ, "ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੈ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।"

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਹਨਾਂ ਦੇ ਦਰਬਾਰ ਵਿਚ 52 ਕਵੀ ਸਨ ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ।

ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤਕਾਰਾਂ ਨੂੰ ਚੰਗਾ ਸਾਹਿਤ ਰਚਣ ਤੇ ਉਤਸ਼ਾਹਿਤ ਕਰਨ ਲਈ ਸਿਰੋਪਾਓ ਵੀ ਦਿੱਤੇ। ਗੁਰੂ ਜੀ ਨੇ ਪੰਜਾਬੀ ਵਿਚ 'ਚੰਡੀ ਦੀ ਵਾਰ' ਦੀ ਰਚਨਾ ਕੀਤੀ ਜੋ ਸਿੰਘਾਂ ਵਿਚ ਜੰਗਾਂ ਤੇ ਯੁੱਧਾਂ ਦਾ ਜੋਸ਼ ਭਰਨ ਲਈ 'ਪਾਉੜੀ ਛੰਦ' ਵਿਚ ਲਿਖੀ ਤੇ ਢਾਡੀ ਇਸ ਨੂੰ ਸਿੰਘਾਂ ਵਿਚ ਜੋਸ਼ ਭਰਨ ਲਈ ਗਾਇਆ ਕਰਦੇ ਸਨ। ਪੰਜਾਬੀ ਵਿਚ ਉਹਨਾਂ ਦਾ ਰਚਿਆ ਗਿਆ ਇਕੋ-ਇਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਹੈ। 'ਜ਼ਫਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ, ਫਾਰਸੀ ਵਿਚ, ਲਿਖੀ ਗਈ ਇਕ ਮਹਾਨ ਕਲਾਕ੍ਰਿਤ ਹੈ, 'ਬਚਿੱਤਰ ਨਾਟਕ' ਗੁਰੂ ਜੀ ਦੀ ਸਵੈ ਜੀਵਨੀ ਦੇ ਰੂਪ ਵਿਚ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ। ਇਸ ਵਿਚ ਉਹਨਾਂ ਦੇ 32 ਸਾਲ ਦੀ ਉਮਰ ਤੱਕ ਦੇ ਜੀਵਨ ਸਮਾਚਾਰ ਦਰਜ ਹਨ। ਇਹਨਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਤੇ ਮਨੁੱਖ ਵਿਚ ਕ੍ਰਾਂਤੀ ਦੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਇਹ ਜੰਗਾਂ ਉਹਨਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ਤੇ ਹੋ ਰਹੇ ਜ਼ੁਲਮਾਂ ਦੇ ਖਾਤਮੇ ਲਈ ਲੜੀਆਂ ਹਨ।

ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਕੇ ਆਪਣੇ ਮਨ ਨੂੰ ਲੋਕ-ਹਿੱਤ ਤੇ ਸਮਾਜ ਭਲਾਈ ਵੱਲ ਲਾਵੇ ਤਾਂ ਜੋ ਮਾਨਵਤਾ ਨੂੰ ਖੁਸ਼ਹਾਲੀ ਪ੍ਰਾਪਤ ਹੋ ਸਕੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ: 'ਨਮੋ ਜੁੱਧ ਜਦੋ।' ਔਰੰਗਜੇਬ ਨੂੰ ਉਹ 'ਜਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਹਨਾਂ ਨੇ ਵੀ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਨ ਲਈ ਤਿਆਰ-ਬਰ-ਤਿਆਰ ਹੋ ਗਏ:

ਚਿੜੀਓ ਸੇ ਮੈਂ ਬਾਜ ਤੁੜਾਊ।।
ਤਬੈ ਗੋਬਿੰਦ ਸਿੰਘ ਨਾਮ ਕਹਾਊ।।

ਆਓ! 'ਪੰਥ ਖਾਲਸਾ' ਦੇ ਜਨਮ ਦਿਹਾੜੇ ਤੇ ਕਸਮ ਖਾਈਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ-ਬਰਾਬਰੀ' ਦੇ ਸਿਧਾਂਤ ਉਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ, ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਪਿਆਰ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ ਵਿਚ ਕਮਜ਼ੋਰ ਤੇ ਗਰੀਬ ਆਦਮੀਆਂ ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕਰਾਜੀ ਕਦਰਾਂ ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ। ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦ ਦਾ ਰੂਪ ਦਿਆਂਗੇ। ਔਰਤ ਨੂੰ ਸਮਾਜ ਵਿਚ ਇੱਜ਼ਤ ਤੇ ਬਰਾਬਰੀ ਦਾ ਹੱਕ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਵਾਂ ਨੂੰ ਪਛਾਣਦੇ ਹੋਏ ਮਾਨਵ ਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ। 'ਪੰਜ ਪਿਆਰੇ' ਸਾਹਿਬਾਨ ਜਿਹਨਾਂ ਨੇ 'ਪੰਥ-ਖਾਲਸਾ' ਦੀ ਸਾਜਨਾ ਕਰਨ ਵੇਲੇ ਮਰਜੀਵੜੇ ਬਣ ਕੇ ਆਪਣੇ ਸੀਸ ਗੁਰੂ ਸਾਹਿਬ ਨੂੰ ਭੇਟ ਕਰਨ ਦੀ ਸਵੈ-ਇੱਛਾ ਜਤਾਈ, ਦੇ ਕਦੀ ਵੀ, ਜਨਮ ਦਿਹਾੜੇ ਜਾਂ ਸ਼ਹੀਦੀ ਦਿਹਾੜੇ ਹੋਰ ਮਹਾਨ ਸਿੱਖ ਸ਼ਖਸੀਅਤਾਂ ਵਾਂਗ ਨਹੀਂ ਮਨਾਏ ਜਾਂਦੇ ਤੇ ਨਾ ਹੀ ਬਹੁਤੇ ਵਿਦਵਾਨਾਂ ਨੇ ਇਹਨਾਂ ਦੀਆਂ ਜੀਵਨੀਆਂ ਤੇ ਇਤਿਹਾਸ ਬਾਰੇ ਕੋਈ ਤਸੱਲੀਬਖ਼ਸ਼ ਖੋਜ ਭਰਪੂਰ ਕੰਮ ਕੀਤਾ ਹੈ?

ਇਹ ਕੁਝ ਪ੍ਰਸ਼ਨ ਇਹਨਾਂ ਮੁੱਦਿਆਂ ਵੱਲ ਉਚੇਚਾ ਧਿਆਨ ਮੰਗਦੇ ਹਨ? ਉਮੀਦ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਇਹਨਾਂ ਮੁੱਦਿਆਂ ਤੇ ਅਮਲ ਹੋਵੇਗਾ? ਗੁਰੂ ਸਾਹਿਬਾਨ ਦੇ 'ਰਬਾਬ ਤੋਂ ਤਲਵਾਰ' ਦੇ ਸਫਰ ਨੇ ਅਹਿੰਸਾ ਤੇ ਹਿੰਸਾ ਦੇ ਅਨੇਕਾਂ ਪੜਾਵਾਂ 'ਚੋਂ ਗੁਜ਼ਰ ਕੇ 'ਪੰਥ-ਖਾਲਸਾ' ਦੀ ਸਿਰਜਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ।

ਅੱਜ 'ਖਾਲਸਾ' ਸਾਰੇ ਸੰਸਾਰ ਵਿਚ ਆਪਣੀ ਚੜ੍ਹਦੀ ਕਲਾ ਵਿਚ ਹੈ। ਇਹ ਇਕ 'ਸੰਸਥਾ' ਹੈ ਨਾ ਕਿ 'ਵਰਗ ਵਿਸ਼ੇਸ਼'- ਜੋ ਮਾਨਵਤਾ ਦੇ ਕਲਿਆਣ ਤੇ ਭਲੇ ਲਈ ਸੰਘਰਸ਼ ਯੁਕਤ ਹੈ। 'ਪੰਥ-ਖਾਲਸਾ' ਦੇ ਜਨਮ ਦਿਹਾੜੇ ਤੇ ਮੇਰੇ ਵੱਲੋਂ ਸਮੁੱਚੀ 'ਪੰਥਕ' ਲੁਕਾਈ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# 'ਆਮ ਆਦਮੀ ਪਾਰਟੀ' ਦੀ ਤਨ ਮਨ ਧਨ ਨਾਲ ਮੱਦਦ ਕਰਨਗੇ ਅਮ੍ਰੀਕਨ ਪ੍ਰਵਾਸੀ! ਕੇਜਰੀਵਾਲ ਦੀ ਪਿੱਠ 'ਤੇ ਚੱਟਾਨ ਵਾਂਗ ਖੜ੍ਹਨ ਦਾ ਲਿਆ ਅਹਿਦ!!

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)- ਪਾਕ ਸਾਫ ਦਾਮਨ ਸ਼੍ਰੀ ਅਰਵਿੰਦ ਕੇਜਰੀਵਾਲ ਦਾ ਜਾਦੂ ਹੁਣ ਵਿਦੇਸ਼ਾਂ 'ਚ ਵਸਦੇ ਪ੍ਰਵਾਸੀਆਂ ਦੇ ਸਿਰ ਚੜ੍ਹ ਕੇ ਵੀ ਬੋਲਣ ਲਗਾ ਹੈ। 'ਆਪ' ਇਕ ਸਿਆਸੀ ਪਾਰਟੀ ਨਾ ਹੋ ਕੇ ਕ੍ਰਾਂਤੀਕਾਰੀ ਲਹਿਰ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਹਕੀਕਤ ਦਾ ਪ੍ਰਗਟਾਵਾ ਬੀਤੇ ਕਲ ਉਸ ਵੇਲੇ ਹੋਇਆ ਜਦੋਂ ਇਸ ਪਾਰਟੀ ਦੀ ਮਾਇਕ ਮੱਦਦ ਕਰਨ ਵਾਸਤੇ ਹੋਏ ਇਕੱਠ ਵਿਚ ਪ੍ਰਵਾਸੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਰੌਇਲ ਪੈਲਸ ਮਿਲਪੀਟਸ ਦੇ ਖਚਾ ਖਚ ਭਰੇ ਹਾਲ ਵਿਚ ਪ੍ਰਬੰਧਕਾਂ ਦੀ ਆਸ ਨਾਲ਼ੋਂ ਵੀ ਕਿਤੇ ਵੱਧ ਇਕੱਤਰ ਹੋਏ ਜਨ ਸਮੂੰਹ ਨੇ 'ਆਪ'ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਨਿੱਠ ਕੇ ਵਿਚਾਰਾਂ ਕੀਤੀਆਂ। ਸਭ ਤੋਂ ਪਹਿਲਾਂ ਸ਼੍ਰੀ ਰਾਜ ਬਡਵਾਲ ਨੇ ਸਲਾਈਡ-ਸ਼ੋਅ ਰਾਹੀਂ ਦੇਸ਼ ਦੀ ਅਜੋਕੀ ਮੰਦਹਾਲੀ ਦੀ ਅਸਲ ਤਸਵੀਰ ਦਿਖਾਂਉਂਦਿਆਂ ਦਸਿਆ ਕਿ ਭਾਰਤੀਆਂ ਨੇ ਕਾਂਗਰਸ ਤੇ ਭਾਜਪਾ ਦੋਹਾਂ ਦਾ ਰਾਜ ਭਾਗ ਦੇਖ ਲਿਆ ਹੈ। ਇਨਾ ਦੋਹਾਂ ਪਾਰਟੀਆਂ ਨੇ ਦੇਸ਼ ਨੂੰ ਲੁੱਟਣ ਤੋਂ ਗੁਰੇਜ਼ ਨਹੀਂ ਕੀਤਾ। ਉਨਾਂ ਕਿਹਾ ਕਿ 'ਆਪ' ਪਾਰਟੀ ਨੇ ਦੇਸ਼ ਵਾਸੀਆਂ ਅੰਦਰ ਇਕ ਨਵੀਂ ਰੂਹ ਫੂਕੀ ਹੈ। ਪੂਰੇ ਦੇਸ਼ ਵਿਚ ਇਸ ਦੇ ਉਮੀਦਵਾਰਾਂ ਨੂੰ ਜਨਤਾ ਨੇ ਹੱਥਾਂ 'ਤੇ ਚੁੱਕ ਲਿਆ ਹੈ। ਕਵੀ ਰਾਜ ਚੋਪੜਾ, ਜਿਨਾਂ ਦੀ ਪਤਨੀ ਸ਼੍ਰੀ ਮਤੀ ਮਾਇਆ ਚੋਪੜਾ ਲੋਕ ਸਭਾ ਦੇ ਇਕ ਹਲਕੇ ਤੋਂ ਪਾਰਟੀ ਉਮੀਦਵਾਰ ਹੈ,ਨੇ ਇਸ ਮੌਕੇ ਸ਼੍ਰੀ ਕੇਜਰੀਵਾਲ਼ ਦਾ ਲਿਖਤੀ ਸੁਨੇਹਾ ਪੜ੍ਹ ਕੇ ਸੁਣਾਇਆ। ਲੁਧਿਆਣਾ ਤੋਂ ਆਏ ਹੋਏ ਇਸ ਪਾਰਟੀ ਦੇ ਨੁਮਾਇੰਦੇ ਸ਼੍ਰੀ ਅਮਨਦੀਪ ਸਿੰਘ ਬੋਪਾਰਾਏ ਨੇ ਪੰਜਾਬ ਦੀਆਂ ਸਾਰੀਆਂ ਲੋਕ ਸਭਾਈ ਸੀਟਾਂ ਬਾਰੇ ਵੇਰਵੇ ਸਹਿਤ ਚਾਨਣਾ ਪਾਇਆ।ਸ਼੍ਰੀ ਦਿਲਾਵਰ ਸਿੰਘ ਚਾਹਲ ਨੇ ਸੰਗਰੂਰ ਤੋਂ ਪਾਰਟੀ ਉਮੀਦਵਾਰ ਸ਼੍ਰੀ ਭਗਵੰਤ ਮਾਨ ਦੀ ਇਕੱਠ ਨਾਲ ਫੋਨ ਰਾਹੀਂ ਗਲ ਬਾਤ ਕਰਵਾਈ। ਹੋਰਨਾ ਤੋਂ ਇਲਾਵਾ ਇਸ ਮੌਕੇ ਸ਼੍ਰੀ ਨਿਤਿਨ ਕਪੂਰ ਡਾ. ਪਰਮਜੀਤ ਸਿੰਘ ਆਈ. ਏ. ਐਸ, ਅੰਮ੍ਰਿਤਪਾਲ ਸਰਾਂ, ਅਭੈ ਭੂਸ਼ਨ, ਮੋਨਿਕਾ ਉਪਲ ਪੋਪਲੀ, ਸ਼੍ਰੀ ਹਰਬੰਸ ਸਿੰਘ ਸਰਾਂ, ਪ੍ਰੋ. ਜਸਪਾਲ ਸਿੰਘ ਸੈਣੀ, ਵਿਵੇਕ ਪੋਪਲੀ, ਡਾ. ਲਖਵਿੰਦਰ ਸਿੰਘ ਗਿਲ ਅਤੇ ਅਵਤਾਰ ਸਿੰਘ ਮਿਸ਼ਨਰੀ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।

ਹਾਜ਼ਰੀਨ ਨੇ ਇਸ ਸਮੇਂ ਹੋਏ ਫੰਡ ਰੇਜ਼ਿੰਗ ਵਿਚ ਭਰਵਾਂ ਯੋਗਦਾਨ ਪਾਇਆ ਅਤੇ ਚੋਣ ਪ੍ਰਚਾਰ ਵਾਸਤੇ ਦੇਸ਼ ਜਾਣ ਲਈ ਆਪਣੇ ਨਾਂ ਦਰਜ਼ ਕਰਵਾਏ।

## ਇਕ ਹੋਰ ਮਿਸ਼ਨਰੀ ਜੋਤ ਬੁਝ ਗਈ - ਅਜੀਤ ਬਾਲੀ

ਪ੍ਰਸਿੱਧ ਅੰਬੇਦਕਰਾਈਟ ਐਂਡ ਬੁੱਧਿਸਟ ਲੇਖਕ ਮਾਣਯੋਗ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਸੁਪਤਨੀ ਬੀਬੀ ਅਜੀਤ ਕੌਰ ਬਾਲੀ ਜੀ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਮਿਸਿਜ ਬਾਲੀ ਬਹੁਤ ਹੀ ਸੁੱਘੜ ਸਿਆਣੇ, ਪਰਿਵਾਰਕ ਅਤੇ ਸਮਾਜਿਕ, ਧਾਰਮਿਕ ਬਿਰਤੀ ਵਾਲੇ ਸਨ, ਜਿਹਨਾਂ ਨੇ ਬਾਲੀ ਸਾਹਿਬ ਨੂੰ ਜ਼ਿੰਦਗੀ ਵਿਚ ਬਾਬਾ ਸਾਹਿਬ ਦੇ ਮਿਸ਼ਨ ਵਿਚ ਸੰਪੂਰਨ ਸਾਥ ਦਿੱਤਾ।

ਚਾਹੇ ਉਹ ਰਿਪਬਲਿਕ ਪਾਰਟੀ ਦਾ ਮੋਰਚਾ ਹੀ ਕਿਉਂ ਨਾ ਹੋਵੇ, ਉਹਨਾਂ ਨੇ ਬਾਲੀ ਸਾਹਿਬ ਦੀ ਲੇਖਣੀ ਵਿਚ ਪੂਰਨ ਸਹਿਯੋਗ ਦਿੱਤਾ। ਉਹਨਾਂ ਦੀ ਇਕਾਗਰਤਾ ਕਾਇਮ ਰੱਖਣ ਲਈ ਹਰ ਸੰਭਵ ਕਦਮ ਚੁੱਕੇ ਅਤੇ ਜ਼ਰੂਰਤਾਂ ਪੂਰੀਆਂ ਕੀਤੀਆਂ।

ਆਏ ਮਿਸ਼ਨਰੀ ਭੈਣਾਂ-ਭਰਾਵਾਂ ਦਾ ਤਹਿ ਦਿਲੋਂ ਸਵਾਗਤ ਕਰਦੇ ਸਨ। ਅਦਾਰਾ "ਦੇਸ਼ ਦੁਆਬਾ" ਬੀਬੀ ਅਜੀਤ ਕੌਰ ਬਾਲੀ ਜੀ ਦੇ ਅਕਾਲ ਚਲਾਣੇ ਤੇ ਬਾਲੀ ਪਰਿਵਾਰ ਨਾਲ ਗਹਿਰਾ ਦੁੱਖ ਅਤੇ ਹਮਦਰਦੀ ਪ੍ਰਗਟ ਕਰਦਾ ਹੈ।

ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਯੂਬਾ ਸਿਟੀ ਵੱਲੋਂ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ 20 ਅਪ੍ਰੈਲ, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਅਖੰਡ ਪਾਠ ਸਾਹਿਬ 18 ਅਪ੍ਰੈਲ ਨੂੰ ਪ੍ਰਾਰੰਭ ਹੋਣਗੇ ਅਤੇ 20 ਅਪ੍ਰੈਲ ਨੂੰ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਬੁਲਾਰੇ ਡਾ. ਅੰਬੇਦਕਰ ਜੀ ਦੀਆਂ ਸਿੱਖਿਆਵਾਂ ਅਤੇ ਕੌਮ ਲਈ ਉਹਨਾਂ ਦੇ ਯੋਗਦਾਨ ਤੇ ਗੰਭੀਰ ਵਿਚਾਰ ਵਟਾਂਦਰਾ ਕਰਨਗੇ।


ਡਾ. ਭੀਮਰਾਓ ਰਾਮਜੀ ਅੰਬੇਦਕਰ

ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਡਾ. ਅੰਬੇਦਕਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਉਹਨਾਂ ਦੇ ਯੋਗਦਾਨ ਬਾਰੇ ਵਿਚਾਰ ਕਰਨ ਲਈ ਇਕੱਠੇ ਹੋਵੋ।

ਭਾਈ ਕੁਲਵਿੰਦਰ ਸਿੰਘ (ਹੈਡ ਗ੍ਰੰਥੀ)
ਗੁਰੂ ਘਰ ਦਾ ਫੋਨ ਨੰਬਰ 530-674-2564

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823

1480 Hayne Ave, Yuba City CA 95993

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ


ਡਾ. ਭੀਮਰਾਓ ਰਾਮਜੀ ਅੰਬੇਦਕਰ

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ, (C V) ਫਰਿਜ਼ਨੋ, ਕੈਲੀਫੋਰਨੀਆ ਵਿਖੇ 27 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਡਾ. ਅੰਬੇਦਕਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਉਹਨਾਂ ਦੇ ਯੋਗਦਾਨ ਬਾਰੇ ਵਿਚਾਰ ਕਰਨ ਲਈ ਇਕੱਠੇ ਹੋਵੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਘਰ (559) 486-3091
ਮਲਕੀਤ ਬੰਗੜ (559) 355-4780
ਕਰਮ ਬੰਗੜ (559) 381-2932

Shri Guru Ravidass Temple (CV) Fresno California 93706

# ਸਾਡੇ ਸਮਾਜ ਦੀ ਵਿਗੜ ਰਹੀ ਮਾਨਸਿਕਤਾ



ਬਲਵਿੰਦਰ ਭੌਰਾ ਨਿਊਯਾਰਕ
646-644-0409

ਅਜੋਕੇ ਦਲਿਤ ਸਮਾਜ ਦੀ ਸਮਾਜਿਕ ਅਤੇ ਧਾਰਮਿਕ ਹਾਲਤ ਦਿਨੋ ਦਿਨ ਬਹੁਤ ਹੀ ਚਿੰਤਾਜਨਕ ਬਣਦੀ ਜਾ ਰਹੀ ਹੈ। ਜਦੋਂ ਧਾਰਮਿਕ ਅਤੇ ਸਮਾਜਿਕ ਤਾਣਾ ਬਾਣਾ ਕਿਸੇ ਕੌਮ ਦਾ ਹਿੱਲ ਜਾਵੇ ਤਾਂ ਉਥੇ ਸਭਿਅਕ ਕਦਰਾਂ ਦੀ ਕੋਈ ਕੀਮਤ ਨਹੀ ਰਹਿ ਜਾਂਦੀ। ਸਮਾਜ ਦਾ ਬੁੱਧੀਜੀਵੀ ਅਤੇ ਚਿੰਤਕ ਵਰਗ ਨਮੋਸ਼ੀ ਨਾਲ ਗਰੱਸਿਆ ਪਿਆ ਹੈ ਕਿਉਕਿ ਜਿਸ ਸਮਾਜ ਦੇ ਭਲੇ ਲਈ ਉਹਨਾਂ ਇਤਿਹਾਸ ਦੀ ਖੋਜ ਕਰਕੇ ਬੌਧਿਕ ਗਿਆਨ ਨਾਲ ਚੇਤਨ ਕਰਨ ਦੇ ਯਤਨ ਕੀਤੇ ਉਸੇ ਸਮਾਜ ਦੇ ਅਗਿਆਨਤਾ ਨਾਲ ਪਰੁੰਨੇ ਲੋਕਾਂ ਨੇ ਉਹਨਾਂ ਦੀ ਪੇਸ਼ ਨਹੀ ਜਾਣ ਦਿੱਤੀ। ਸਮੂੰਚੇ ਸਮਾਜ ਦੀ ਨੌਜਵਾਨ ਪੀੜੀ ਦੁੱਬਿਧਾ ਦੇ ਆਲੂਮ ਵਿੱਚ ਵਿੱਚਰ ਰਹੀ ਹੈ । ਕੌਮ ਦੀ ਤਰੱਕੀ ਦੇ ਰਾਹ ਮੋੁਕਲੇਂ ਹੋਣ ਦੀ ਬਜਾਏ ਪੇਚੀਦਾ ਬਣਦੇ ਜਾ ਰਹੇ ਹਨ ,ਨਿਤ ਨਵੇਂ ਸਮੀਂਕਰਣ ਬਣਦੇ ਹਨ , ਅਸੀ ਕਿੱਧਰ ਜਾ ਰਹੇ ਹਾਂ ਕਿਸੇ ਨੂੰ ਕੋਈ ਖ਼ਬਰ ਨਹੀ , ਭਵਿੱਖ ਬਿਨਾਂ ਸ਼ੱਕ ਧੁੰਦਲਾਂ ਦਿਸ ਰਿਹਾ ਹੈ। ਸਾਡੀ ਤਾਂ ਪ੍ਰੀਵਾਰਕ ਤੌਰ ਤੇ ਵੀ ਇੱਕ ਵਿਚਾਰਧਾਰਾ ਨਹੀ ਹੈ ਸਮਾਜ ਪੱਧਰ ਤੇ ਤਾਂ ਦੂਰ ਦੀ ਗੱਲ ਹੈ । ਸਾਡੀਆਂ ਧਾਰਮਿਕ ਤੇ ਸਮਾਜਿਕ ਮਾਨੁਤਾਵਾਂ ਤੇ ਬ੍ਰਾਹੁਮਣਵਾਦ ਦੀ ਪੂਰੀ ਪਕੜ ਹੈ ਅਤੇ ਦਿਨੋ ਦਿਨ ਹੋਰ ਪਕੇਰੀ ਹੁੰਦੀ ਜਾ ਰਹੀ ਹੈ । ਸਾਡੇ ਧਾਰਮਿਕ ਅਦਾਰੇ ਆਪਣੀ ਵਿਸ਼ਾਲਤਾ ਦੀ ਹੋੜ ਵਿੱਚ ਆਪ ਨੂੰ ਉੱਚਾ ਤੇ ਦੂਜੇ ਨੂੰ ਨੀਵਾਂ ਦਿਖਾਉਣ ਲਈ ਬੜੀ ਸ਼ਿਦਤ ਨਾਲ ਡੱਟੇ ਹਨ । ਅੱਜ ਅਸੀ ਦੇਖਦੇ ਹਾਂ ਪੈਸਾ ਵੀ ਸਾਡਾ, ਸ਼ਕਤੀ ਵੀ ਸਾਡੀ ਉਤਸ਼ਾਹ ਤੇ ਉਦਮ ਵੀ ਸਾਡਾ ਪਰ ਗੁਣ ਗਾਇਨ ਕਿਸੇ ਹੋਰ ਦਾ ਹੋ ਰਿਹਾ ਹਾਂ,ਅਸੀ ਬਿਲਕੁਲ ਉਸੇ ਟਾਹਣੇ ਨੂੰ ਵੱਢ ਰਹੇ ਹਾਂ ਜਿਸ ਉਪਰ ਅਸੀ ਬੈਠੇ ਹਾਂ, ਸਾਡੀ ਮਾਨੁਸਿਕਤਾ ਤੇ ਬ੍ਰਾਹਮਣਵਾਦ ਦੀ ਪਰਤ ਇਸ ਕਦਰ ਚੜ ਗਈ ਹੈ ਕਿ ਸਾਨੂੰ ਗ਼ਲਤ ਰੁਝਾਨ ਸਹੀ ਲੱਗਦਾ ਹੈ ਅਤੇ ਸਹੀ ਨੂੰ ਗ਼ਲਤ ਕਹੀ ਜਾ ਰਹੇ ਹਾਂ। ਅਸੀ ਸਮਾਜਿਕ ਤੌਰ ਤੇ ਹੀ ਗੁੰਮਰਾਹ ਨਹੀ ਹੋਏ ਮਾਨੁਸਿਕ ਪੱਖੋ ਵੀ ਭਟਕੇ ਹਾਂ । ਸਾਡੇ ਸਮਾਜ ਦੇ ਮੁੱਖੀਏ ਜਾਂ ਚੌਧਰੀ ਕਹਾਉਣ ਵਾਲੇ ਖੁਦ ਐਨੇ ਈਰਖਾਂ ਵਿੱਚ ਗੜੁੱਚ ਹਨ ਕਿ ਉਹ ਸਮਾਜ ਸੇਧਕ ਕਰਤੱਬਾਂ ਨੂੰ ਅੰਜ਼ਾਮ ਦੇਣ ਤੋ ਕੰਨੀ ਕਤਰਾਂਉਦੇ ਹਨ। ਉਕਤ ਸਾਰਾ ਖਮਿਆਜ਼ਾ ਭੋਲਾ ਭਾਲਾ ਪਿੱਛ ਲੱਗ ਸਮਾਜ ਹੰਢਾਂ ਰਿਹਾ ਹੈ ਪਰ ਬਿੱਲੀ ਗਲ ਟੱਲੀ ਬੰਨਣ ਨੂੰ ਕੋਈ ਵੀ ਹੌਸਲਾਂ ਨਹੀ ਕਰ ਰਿਹਾ। ਹਮੁਲਾਵਰ ਬਹੁਤ ਸ਼ੈਤਾਨ ਹੈ ਉਹ ਦੇਖਦਾ ਹੈ ਕਿ ਇਸ ਕੌਮ ਦਾ ਉਲਾਰ ਕਿਸ ਪਾਸੇ ਵੱਲ ਹੋ ਰਿਹਾ ਹੈ ਉਹ ਉਸੇ ਭੇਸ 'ਚ ਆ ਕੇ ਸਾਡੇ ਤੇ ਹਮਲਾ ਕਰ ਰਿਹਾ ਹੈ । ਬਾਬਾ ਸਾਹਿਬ ਡਾਂ ਅੰਬੇਦਕਰ ਨੇ ਕਿਹਾ ਸੀ ਕਿ ਧਰਮ ਬੰਦੇ ਲਈ ਹੈ ਨਾ ਕਿ ਬੰਦਾ ਧਰਮ ਲਈ ਜਦੋਂ ਬੰਦਾ ਧਰਮ ਲਈ ਬਣ ਜਾਵੇ ਤਾਂ ਫਿਰ ਅਸਥਿਰਤਾ ਹੋਣੀ ਸੁਭਾਵਿਕ ਹੈ । ਕਿਉਕਿ ਧਰਮ ਬੰਦੇ ਨੂੰ ਇੱਕ ਲੜੀ ਵਿੱਚ ਪਰੋਂ ਕੇ ਰੱਖਦਾ ਹੈ । ਸਾਨੂੰ ਧਾਰਮਿਕ ਤੌਰ ਤੇ ਇੱਕ ਪਲੇਟ ਫਾਰਮ ਤੇ ਇੱਕਠੇ ਹੋਣਾ ਪਵੇਗਾ ,ਆਪੋ ਆਪਣੀਆਂ ਡੱਫਲੀਆਂ ਵਜਾਉਣ ਨਾਲ ਅਸੀ ਲੀਰੋ ਲੀਰ ਹੋ ਜਾਵਾਂਗੇ । ਜਦ ਸਮੂੰਚੀ ਕੌਮ ਇੱਕ ਲੜੀ ਵਿੱਚ ਹੋਵੇਗੀ ਤਾਂ ਨਵੇਂ ਵਿਕਲਪ ਆਪ ਮੁਹਾਰੇ ਤਰੱਕੀ ਦੇ ਮਹਾਂਸਰੋਤਾਂ ਦਾ ਰੂਪ ਧਾਰਨ ਕਰਨਗੇ । ਬਾਬਾ ਸਾਹਿਬ ਨੇ ਦਲਿਤਾਂ ਦੀ ਤਰਸਯੋਗ ਹਾਲਤ ਦੇਖਕੇ ਕਿਹਾ ਸੀ ਕਿ ਮੈਂ ਤੁਹਾਨੂੰ ਕਿਸੇ ਕਲੁਪਨਾ ਵਾਲਾ ਸਵੱਰਗ ਤਾਂ ਨਹੀ ਦਿਖਾ ਸਕਦਾ,ਪਰ ਮੇਰੀ ਕੋਸ਼ਿਸ਼ ਹੈ ਕਿ ਮੈਂ ਤੁਹਾਡੇ ਇਸੇ ਜ਼ਿੰਦਗੀ ਵਿੱਚ ਇਸੇ ਧਰਤੀ ਤੇ ਤੁਹਾਡੇ ਦੁੱਖਾਂ ਦਾ ਨਿਵਾਰਨ ਕਰਾਂਗਾ, ਅਗਰ ਇਹ ਮੈਂ ਨਹੀ ਕਰ ਸਕਿਆ ਤਾਂ ਆਪਣੇ ਆਪਨੂੰ ਗੋਲੀ ਮਾਰਕੇ ਖ਼ਤਮ ਕਰ ਲਵਾਂਗਾ । ਪਰ ਅੱਜ ਅਸੀ ਇਸ ਦੇ ਉਲਟ ਪੜ ਲਿਖਕੇ ਡਿੰਗਰੀਆਂ ਲੈ ਕੇ, ਚੰਗੇ ਬਿਜ਼ਨੈਸ ਸਥਾਪਿਤ ਕਰਕੇ ਬਾਬਾ ਸਾਹਿਬ ਦੀ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸਮਝ ਨਹੀ ਸਕੇ, ਸਗੋਂ ਅਸੀ ਇਸ ਕ੍ਰਾਂਤੀ ਭਰਭੂਰ ਲਹਿਰ ਨੂੰ ਖ਼ਤਮ ਕਰਨ ਲਈ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਨੂੰ ਵੀ ਵਰਤਣ ਤੋ ਗੁਰੇਜ਼ ਨਹੀ ਕੀਤਾ। ਅਸੀ ਇਤਿਹਾਸ ਦਾ ਹੋਕਾ ਦੇਣ ਦੀ ਬਜਾਏ ਢੋਲਕੀਆਂ ਛੈਣਿਆਂ ਦੀਆਂ ਅਵਾਜਾਂ ਹੋਰ ਉਚੀਆਂ ਕਰ ਦਿੱਤੀਆਂ , ਨਗਰ ਕੀਰਤਨਾਂ ਅਤੇ ਸ਼ੋਭਾਂ ਯਾਂਤਰਾਵਾਂ ਦੇ ਰੌਲੇ ਰੱਪੇ ਵਿੱਚ ਨਰੋਈ ਹੋ ਰਹੀ ਮਾਨੁਸਿਕਤਾ ਨੂੰ ਮਲੀਆਂ ਮੇਟ ਕਰਨ 'ਚ ਅਹਿਮ ਰੋਲ ਨਿਭਾ ਰਹੇ ਹਾਂ , ਜਦ ਕਿ ਚਾਹੀਦਾ ਸੀ ਅਸੀ ਲੋਕਾਂ ਨੂੰ ਆਪਣੀ ਹੋਂਦ ਤੋਂ ਵਾਕਿਫ਼ ਕਰਾਉਂਦੇ । ਅਸੀ ਖੁਦ ਹੀ ਆਪਣਿਆ ਨੂੰ ਆਪਣੇ ਇਤਿਹਾਸ ਤੋ ਕੋਹਾਂ ਦੂਰ ਲੈ ਕੇ ਜਾ ਰਹੇ ਹਾਂ ਅਤੇ ਜੋ ਵਾਰ ਸਾਡੇ ਦੁਸ਼ਮਣ ਨੇ ਸਾਡੇ ਲਈ ਕਰਨਾ ਸੀ ਉਹ ਖੁਦ ਆਪ ਅਸੀ ਜੁਮੇਵਾਰੀ ਨਾਲ ਕੀਤਾ । ਅਗਰ ਸਾਡੇ ਸਮਾਜ ਵਿੱਚ ਕੁੱਝ ਪੂੰਜੀਵਾਦੀ ਧਰੰਤਰ ਬਣੇ ਵੀ ਉਹਨਾਂ ਦੀ ਇੱਛਾ ਚਾਪਲੂਸੀ ਦੇ ਦੋ ਬੋਲਾਂ ਤੋ ਉਪਰ ਨਹੀ ਉਠ ਸਕੀ ਤੇ ਉਹ ਵਿਚਾਰਕ ਤੌਰ ਤੇ ਬੌਣੇ ਹਨ, ਅਤੇ ਜੋ ਮਾੜੀ ਮੋਟੀ ਸੂਝ ਰੱਖਣ ਵਾਲੇ ਸਨ ਉਹਨਾਂ ਨੇ ਦੂਜਿਆਂ ਦੀਆਂ ਖੁਸ਼ਾਮਦੀਆਂ ਕਰਨ 'ਚ ਆਪਣਾ ਮਾਣ ਸਮਝਿਆ। ਸਾਡੀ ਕੌਮ ਦਾ ਸਤਿਆ ਨਾਸ ਗੁਲਾਮ, ਗੋਲੇ ਤੇ ਵਿਕਾਊ ਲੀਡਰਾਂ ਤੇ ਚੌਧਰੀਆਂ ਨੇ ਕੀਤਾ। ਅੱਜ ਸਾਰੀ ਕੌਮ ਨਿਰਾਸ਼ਤਾ ਦਾ ਸ਼ਿਕਾਰ ਹੋਈ ਰੋਜ਼ਮਰਾਂ ਦੀ ਜ਼ਿੰਦਗੀ 'ਚ ਹੀਣਤਾ ਦੀ ਜੂਨ ਹੰਢਾਂ ਰਹੀ ਹੈ। ਜੇ ਗੁਰੂ ਰਵਿਦਾਸ ਜੀ ਦੇ ਬੇਗ਼ਮਪੁਰਾ ਨੂੰ ਸਾਕਾਰਮਤ ਰੂਪ 'ਚ ਦੇਖਣਾ ਹੈ ਤਾ ਅੱਜ ਸਾਨੂੰ ਬਾਬਾ ਸਾਹਿਬ ਡਾਂ ਅੰਬੇਦਕਰ , ਬਾਬੂ ਮੰਗੂ ਰਾਮ ਮੂਗੋਵਾਲੀਆਂ ਤੇ ਸਾਹਿਬ ਕਾਸ਼ੀ ਰਾਮ ਜੀ ਵਰਗੇ ਨਿਰਸੁਆਰਥ ਨਾਇਕਾਂ ਦੀ ਲੋੜ ਹੈ ।

# 'ਵਿਕਾਸ' ਦੀਆਂ 'ਨ੍ਹੇਰੀਆਂ-'ਕਲਾਕ' ਦੀਆਂ ਘੁੰਮਣਘੇਰੀਆਂ!



-ਤਰਲੋਚਨ ਸਿੰਘ 'ਦੁਪਾਲਪੁਰ'

ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਦੇ ਇੱਕ ਬਹੁਤ ਵੱਡੇ ਵਰਗ ਬਾਰੇ ਮੇਰੀ ਧਾਰਨਾ ਹੈ ਕਿ ਉਹ ਮੇਰੇ ਵਾਂਗ ਬਿਜਲਈ ਮੀਡੀਏ, ਖ਼ਾਸ ਕਰ ਕੇ 'ਫੇਸ-ਬੁੱਕ', ਦੇ ਦਰਸ਼ਨ-ਦੀਦਾਰੇ ਘੱਟ-ਵੱਧ ਹੀ ਕਰਦਾ ਹੈ। ਦੋਸਤਾਂ ਦੇ ਦੱਸਣ ਮੁਤਾਬਕ ਫੇਸ-ਬੁੱਕ ਉੱਤੇ ਅਥਾਹ ਜਾਣਕਾਰੀਆਂ ਦਾ ਸਮੁੰਦਰ ਹਰ ਪਲ ਬਹੁ-ਮੁੱਲੀਆਂ ਲਹਿਰਾਂ ਛੱਡਦਾ ਰਹਿੰਦਾ ਹੈ। ਵਰਤਮਾਨ ਸਮੇਂ ਬੇਹੱਦ ਲੋਕ-ਪ੍ਰਿਆ ਹੋਈ ਇਸ ਸੋਸ਼ਲ ਸਾਈਟ 'ਤੇ ਖਾਤਾ ਭਾਵੇਂ ਮੈਂ ਵੀ ਖੋਲ੍ਹਿਆ ਹੋਇਐ, ਪਰ ਇਸ 'ਤੇ ਹੁੰਦੀ ਮੇਰੀ ਜੋਗੀਆਂ ਵਾਲੀ ਫੇਰੀ ਹੀ ਹੈ। ਲਿਹਾਜ਼ਾ ਪੱਤਰਕਾਰੀ ਖੇਤਰ ਵਿੱਚ ਸਰਗਰਮ ਕੁਝ ਵੀਰਾਂ ਦੇ ਦੱਸੇ 'ਤੇ ਕੁਝ ਆਈਟਮਾਂ ਦੇਖ-ਸੁਣ ਲੈਂਦਾ ਹਾਂ, ਤੇ ਉਹ ਵੀ ਕਦੇ-ਕਦਾਈਂ।

ਬੀਤੇ ਦਿਨੀਂ ਕੁਝ ਮਿੰਟਾਂ ਦਾ ਇੱਕ 'ਵੀਡਿਓ ਕਲਿਪਸ' ਮੇਰੀ ਨਜ਼ਰ ਪਿਆ, ਜੋ ਸ਼ਾਇਦ ਜੰਮੂ-ਕਸ਼ਮੀਰ ਜਾਂ ਲਹਿੰਦੇ ਪੰਜਾਬ (ਪਾਕਿਸਤਾਨ) ਵਿੱਚ ਰਿਕਾਰਡ ਕੀਤਾ ਗਿਆ ਜਾਪਦਾ ਹੈ, ਕਿਉਂਕਿ ਇਸ ਵਿੱਚ ਸਟੇਜ 'ਤੇ ਬੋਲ ਰਿਹਾ ਸੱਜਣ ਵੀ ਮੁਸਲਮਾਨ ਭਰਾ ਹੈ ਤੇ ਮੋਹਰੇ ਇਕੱਠ ਵੀ ਉਸ ਦੇ ਦੀਨੀ ਭਾਈਆਂ ਦਾ ਹੈ। ਸ਼ਬਦਾਵਲੀ ਤੋਂ ਮਾਲੂਮ ਹੁੰਦਾ ਹੈ ਕਿ ਕੋਈ ਚੋਣ ਜਲਸਾ ਹੋ ਰਿਹਾ ਹੈ। ਜਿਸ ਵੱਡੇ ਨੇਤਾ ਦੀ ਉਡੀਕ ਕੀਤੀ ਜਾ ਰਹੀ ਹੈ, ਉਹ ਹਾਲੇ ਉਥੇ ਪਧਾਰਿਆ ਨਹੀਂ। ਖ਼ਾਲੀ ਸਮੇਂ ਵਿੱਚ ਇਕੱਤਰ ਹੋਏ ਹਜੂਮ ਨੂੰ ਬਿਠਾਈ ਰੱਖਣ ਦੇ ਯਤਨ ਵਜੋਂ ਸਥਾਨਕ ਬੁਲਾਰਿਆਂ ਨੂੰ ਮਾਈਕ 'ਤੇ ਬੁਲਾਇਆ ਜਾ ਰਿਹਾ ਹੈ।

ਅਚਕਨ ਪਹਿਨੇ ਹੋਏ ਇੱਕ ਮੀਆਂ ਜੀ ਆਪਣੀ ਟੋਪੀ ਨੂੰ ਠੀਕ ਕਰਦਿਆਂ ਸਟੇਜ 'ਤੇ ਆ ਖਲੋਂਦੇ ਨੇ। ਸਿਆਲਕੋਟੀ ਅੰਦਾਜ਼ ਵਾਲੀ ਪੰਜਾਬੀ ਬੋਲਦਿਆਂ ਉਹ 'ਆਂਹਦੇ' ਨੇ ਕਿ ਮੈਂ ਫੁਰਸਤ ਦੇ ਪਲਾਂ 'ਚ ਧਾਨੂੰ ਇੱਕ ਨਜ਼ਮ ਸੁਣਾਉਣੀ ਏਂ, ਜੋ ਵੋਟਾਂ ਮੰਗਦੇ ਫਿਰਦੇ ਲੀਡਰਾਂ ਦੇ ਵਾਅਦਿਆਂ ਦੀ ਹਕੀਕਤ ਬਿਆਨ ਕਰਦੀ ਪਈ ਜੇ। ਇਸ ਖ਼ੂਬਸੂਰਤ ਵਿਅੰਗ-ਮਈ ਨਜ਼ਮ ਨੂੰ ਸੁਣ ਕੇ ਖੁੱਲ੍ਹ ਕੇ ਹੱਸਦਿਆਂ ਹੋਇਆਂ ਮੈਂ ਆਪਣੇ ਸਾਰੇ ਦੋਸਤਾਂ ਨੂੰ 'ਸੈਂਡ' ਕਰ ਦਿੱਤਾ। ਫਿਰ ਮੇਰੇ ਮਨ ਵਿੱਚ ਫੁਰਨਾ ਫੁਰਿਆ ਕਿ ਕਿਉਂ ਨਾ ਅਖ਼ਬਾਰੀ ਪਾਠਕ ਵੀ ਇਸ ਦਾ ਲੁੱਤਫ਼ ਲੈਣ। ਸੋ ਇਹ ਸੋਚ ਕੇ ਉਸ 'ਵੀਡੀਓ ਕਲਿਪਸ' ਨੂੰ ਕਾਗ਼ਜ਼ 'ਤੇ ਝਰੀਟ ਰਿਹਾ ਹਾਂ। ਇਸਲਾਮਿਕ ਟੋਪੀ ਵਾਲੇ ਮੀਆਂ ਜੀ ਮਾਈਕ ਸੈੱਟ ਕਰਦਿਆਂ ਕਹਿੰਦੇ ਨੇ :

ਰਾਵੀ ਵਿੱਚੋਂ ਵਗੀਆਂ ਤਿੰਨ ਨਹਿਰਾਂ,
ਦੋ ਸੁੱਕੀਆਂ ਤੇ ਇੱਕ ਵਗੇ ਈ ਨਾ!
ਜਿਹੜੀ ਵਗੇ ਈ ਨਾ, ਉਹਦੇ 'ਚ ਆਏ ਤਿੰਨ ਬਾਹਮਨ ਨ੍ਹਾਵਣ,
ਦੋ ਡੁੱਬ ਗਏ ਤੇ ਇੱਕ ਲੱਭੇ ਈ ਨਾ!
ਜਿਹੜਾ ਲੱਭੇ ਈ ਨਾ, ਉਹਨੂੰ ਲੱਭੀਆਂ ਤਿੰਨ ਗਾਵਾਂ,
ਦੋ ਫੰਡਰਾਂ ਤੇ ਇੱਕ ਸੂਏ ਹੀ ਨਾ!
ਜਿਹੜੀ ਸੂਏ ਹੀ ਨਾ, ਉਹਨੇ ਦਿੱਤੇ ਤਿੰਨ ਵੱਛੇ,
ਦੋ ਲੰਗੜੇ ਤੇ ਇੱਕ ਉਠੇ ਈ ਨਾ!
ਜਿਹੜਾ ਉਠੇ ਹੀ ਨਾ, ਉਹਦੀ ਕੀਮਤ ਤਿੰਨ ਰੁਪਏ,
ਦੋ ਖੋਟੇ ਤੇ ਇੱਕ ਚੱਲੇ ਈ ਨਾ!
ਜਿਹੜਾ ਚੱਲੇ ਹੀ ਨਾ, ਉਸ ਨੂੰ ਆਏ ਤਿੰਨ ਸੁਨਿਆਰੇ ਦੇਖਣ,
ਦੋ ਅੰਨ੍ਹੇ ਤੇ ਇੱਕ ਨੂੰ ਦਿਸੇ ਹੀ ਨਾ!
ਜਿਹਨੂੰ ਦਿਸੇ ਹੀ ਨਾ, ਉਹਨੂੰ ਮਾਰੀਆਂ ਤਿੰਨ ਮੁੱਕੀਆਂ,
ਦੋ ਘੁੱਸ ਗਈਆਂ ਤੇ ਇੱਕ ਵੱਜੀ ਹੀ ਨਾ!

ਇਸ ਸ਼ਾਇਰੀ ਦੀ ਉਥਾਨਕਾ ਵਜੋਂ 'ਫੇਸਬੁੱਕ' ਉੱਤੇ ਹੀ ਬੜਾ ਪ੍ਰਸਿੱਧ ਹੋਇਆ ਇੱਕ ਲਤੀਫ਼ਾ ਵੀ ਢਿੱਡੀਂ ਪੀੜਾਂ ਪਾਉਣ ਵਾਲਾ ਹੈ। ਕਹਿੰਦੇ ਇੱਕ ਪੰਜਾਬੀ ਬੰਦਾ 'ਸਵਰਗ ਸਿਧਾਰ' ਗਿਆ। ਧਰਮਰਾਜ ਦੇ ਦਫ਼ਤਰ ਦੀਆਂ ਕੰਧਾਂ ਉੱਪਰ 'ਕਲਾਕ' ਟੰਗੇ ਹੋਏ ਦੇਖ ਕੇ ਪੰਜਾਬੀ ਨੇ ਪੁੱਛਿਆ ਕਿ ਇਹ ਐਨੇ ਸਾਰੇ ਕਲਾਕ ਇੱਥੇ ਕਿਉਂ ਟੰਗੇ ਹੋਏ ਨੇ? ਧਰਮਰਾਜ ਦੇ 'ਸਟੈਨੋ' ਨੇ ਦੱਸਿਆ ਕਿ ਸ੍ਰੀਮਾਨ ਜੀ, ਇਹ ਤੁਹਾਡੇ ਦੇਸ ਦੇ ਸਿਆਸੀ ਲੀਡਰਾਂ ਦੇ ਨੇ। ਹਰੇਕ ਜਣੇ ਦਾ ਇੱਕ ਇੱਕ ਕਲਾਕ ਹੈ ਇੱਥੇ। ਜਦ ਵੀ ਤੁਹਾਡਾ ਕੋਈ ਆਗੂ ਝੂਠ ਬੋਲਦਾ ਹੈ, ਤਾਂ ਇੱਥੇ ਉਹਦੇ ਕਲਾਕ ਦੀਆਂ ਸੂਈਆਂ 12 ਤੋਂ 12 ਤੱਕ ਇੱਕ ਚੱਕਰ ਪੂਰਾ ਕਰ ਦਿੰਦੀਆਂ ਨੇ। ਇੰਜ ਉਨ੍ਹਾਂ ਵੱਲੋਂ ਬੋਲੇ ਜਾਂਦੇ ਝੂਠ ਦਾ ਰਿਕਾਰਡ ਰੱਖਿਆ ਜਾਂਦਾ ਹੈ। ਪੰਜਾਬੀ ਨੇ ਬੜੀ ਉਤਸੁਕਤਾ ਨਾਲ 'ਕੱਲੇ-'ਕੱਲੇ ਕਲਾਕ ਥੱਲੇ ਲਿਖੇ ਹੋਏ ਵੱਖ-ਵੱਖ ਲੀਡਰਾਂ ਦੇ ਨਾਮ ਪੜ੍ਹੇ। ਆਲੇ-ਦੁਆਲੇ ਟੰਗੇ ਸਾਰੇ ਕਲਾਕ ਦੇਖਣ ਤੋਂ ਬਾਅਦ ਕੁਝ ਸੋਚਦਿਆਂ ਹੋਇਆਂ ਪੰਜਾਬੀ ਦੇ ਸਟੈਨੋ ਨੂੰ ਪੁੱਛਿਆ ਕਿ ਸਾਡੇ ਪੰਜਾਬ ਦੇ ਉੱਪ-ਮੁੱਖ ਮੰਤਰੀ ਸਾਹਿਬ ਦਾ ਕਲਾਕ ਕਿੱਥੇ ਐ ਭਲਾ?

"ਉਹ, ਸਾਡੇ ਦਫ਼ਤਰ ਪਿਆ ਹੈ।'' ਸਟੈਨੋ ਨੇ ਭੇਤ ਖੋਲ੍ਹਦਿਆਂ ਦੱਸਿਆ, "ਦਰ-ਅਸਲ ਉਸ ਦੀਆਂ ਸੂਈਆਂ ਏਨੀ ਤੇਜ਼ੀ ਨਾਲ ਘੁੰਮ ਰਹੀਆਂ ਨੇ ਕਿ ਅਸੀਂ ਉਸ ਨੂੰ 'ਟੇਬਲ ਫੈਨ' ਵਜੋਂ ਵਰਤ ਰਹੇ ਹਾਂ!''


# ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਦਾ ਅਧਿਕਾਰ ਮੋਰਚਾ ਡੱਟ ਕੇ ਵਿਰੋਧ ਕਰੇਗਾ

ਫਗਵਾੜਾ (ਬੀ. ਕੇ. ਰੱਤੂ)- ਐਸ.ਸੀ. ਬੀ.ਸੀ. ਅਧਿਕਾਰ ਮੋਰਚਾ ਪੰਜਾਬ ਦੀ ਵਿਸ਼ੇਸ਼ ਮੀਟਿੰਗ ਸਥਾਨਕ ਓਹਰੀ ਕੰਪਲੈਕਸ ਵਿਖੇ ਹੋਈ। ਜਿਸ ਵਿੱਚ ਐਸ.ਸੀ., ਬੀ.ਸੀ. ਵਰਗ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਐਸ.ਸੀ. ਬੀ.ਸੀ. ਅਧਿਕਾਰ ਮੋਰਚਾ ਪੰਜਾਬ ਦੇ ਆਗੂਆਂ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਦਾ ਡੱਟ ਕੇ ਵਿਰੋਧ ਕਰੇਗਾ ਅਤੇ ਵੋਟਰਾਂ ਨੂੰ ਲਾਮਵੰਦ ਕਰੇਗਾ ਕਿ ਨਸ਼ੇ ਵੰਡਣ ਵਾਲੇ ਉਮੀਦਵਾਰਾਂ ਨੂੰ ਆਪਣਾ ਵੋਟ ਨਾ ਦੇਣ। ਇਸ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਮੁੱਚੀ ਮਾਨਵਤਾ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ 'ਤੇ ਮੋਰਚੇ ਵਲੋਂ 15 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਸ਼੍ਰੀ ਵਰੁਣ ਦੇਵ ਖਵਾਜ਼ਾ ਮੰਦਿਰ ਜੀ. ਟੀ. ਰੋਡ ਫਗਵਾੜਾ ਵਿਖੇ ਵਿਸ਼ਾਲ ਵਿਚਾਰ ਗੋਸ਼ਟੀ ਕਰਵਾਈ ਜਾਵੇਗੀ।

ਜਿਸ ਵਿੱਚ ਦਲਿਤ ਅਤੇ ਪੱਛੜੇ ਵਰਗ ਦੇ ਬੁੱਧੀਜੀਵੀ ਆਗੂਆਂ ਨੂੰ ਬੁਲਾਇਆ ਜਾਵੇਗਾ। ਇਸ ਮੀਟਿੰਗ 'ਚ ਸੁਰਿੰਦਰ ਢੰਡਾ, ਹਰਦੀਪ ਸਿੰਘ ਡੁਮੇਲੀ, ਸੁਖਵਿੰਦਰ ਸਿੰਘ, ਯਸ਼ਪਾਲ ਅਟਵਾਲ, ਗੁਰਦਿਆਲ ਸਿੰਘ ਜੋਨੀ, ਬਲਵਿੰਦਰ ਭਾਟੀਆ, ਤਿਲਕ ਦੁਸਾਂਝ, ਹਰਵਿੰਦਰ ਸਿੰਘ ਸੈਣੀ, ਗਗਜੀਤ ਸਿੰਘ, ਪ੍ਰਨੀਸ਼ ਕੁਮਾਰ, ਹਰਬਿਲਾਸ ਲੋਈ, ਸੋਨੀ ਮੱਲੀ ਹਦੀਆਬਾਦ, ਲੋਕੇਸ਼ ਕੁਮਾਰ, ਕਸ਼ਿਸ਼ ਮੇਹਲੀ ਗੇਟ, ਦਿਲਜੋਤ, ਕਿੰਗ ਮੰਢਾਲੀ, ਪ੍ਰਮਿੰਦਰ ਸਿੰਘ ਨਰੂੜ, ਕਮਲਪ੍ਰੀਤ ਸਿੰਘ ਆਦਮਪੁਰ , ਸੁਰਜੀਤ ਭੁੱਟਾ, ਰਮੇਸ਼ ਸਰੋਆ, ਯਤਿੰਦਰ ਰਾਹੀ, ਬਲਵਿੰਦਰ ਪ੍ਰੇਮਪੁਰਾ , ਮਨਜੀਤ ਸਿੰਘ ਸੁੰਨੜਾ, ਜੋਗਾ, ਰਾਜਾ ਖਲਵਾੜਾ, ਤਾਰੀ ਸੂੰਢ, ਰਾਮ ਲੁਭਾਇਆ, ਯੋਗਰਾਜ ਮਹਿਰਾ ਤੋਂ ਇਲਾਵਾ ਹੋਰ ਵੀ ਆਗੂ ਮੌਜੂਦ ਸਨ।



# ਫਿਰਕੂ ਤਾਕਤਾਂ ਨੂੰ ਰੋਕੋ



ਫਰੈਡੀ ਜੋਜ਼ਫ

ਮਸੀਹੀ ਦਲ ਅਤੇ ਕਰਿਸਚੀਅਨ ਇੰਚਲੈਕਚੁਅਲ ਫੋਰਮ ਪੰਜਾਬ ਵਲੋਂ ਲੋਕ ਸਭਾ ਚੋਣਾਂ 2014 ਵਿੱਚ ਪੰਜਾਬ ਵਿੱਚ ਕਾਂਗਰਸ ਦਾ ਸਮਰਥਨ ਕਰਨ ਦਾ ਲਿਆ ਗਿਆ ਫੈਸਲਾ ਸ਼ਲਾਘਾਯੋਗ ਹੈ। ਅਕਾਲੀ-ਭਾਜਪਾ ਗਠਜੋੜ ਮੌਕਾਪ੍ਰਸਤਾਂ ਦਾ ਗਠਜੋੜ ਹੈ ਜਿਸਨੇ ਹਮੇਸ਼ਾ ਲੋਕਾਂ ਦੇ ਧਾਰਮਿਕ ਜਜ਼ਬਾਤ ਭੜਕਾ ਕੇ ਸਿਆਸੀ ਤਾਕਤ ਬਣਾਈ ਹੈ। ਜਦ ਪੰਜਾਬ ਵਿੱਚ ਪਹਿਲੀ ਅਕਾਲੀ-ਜਨਸੰਘ (ਭਾਜਪਾ) ਸਰਕਾਰ ਬਣੀ ਇਹ ਸਾਰੇ ਅਸੂਲਾਂ ਕਬਰ ਉੱਤੇ ਬਣਾਈ ਗਈ ਸੀ। ਦੋਹਾਂ ਪਾਰਟੀਆਂ ਨੇ ਇਕ ਦੂਸਰੇ ਦੇ ਵਿਰੁਧ ਏਜੰਡਿਆਂ ਉੱਤੇ ਵਿਧਾਨ ਸਭਾ ਚੋਣਾਂ ਲੜੀਆਂ ਸਨ। ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਨਾਂ ਉੱਤੇ ਅਤੇ ਜਨਸੰਘ ਨੇ ਮਹਾਂ ਪੰਜਾਬ ਦੇ ਨਾਂ ਤੇ। ਉਸ ਸਮੇਂ ਸਿੱਖਾਂ ਦੀ ਬਹੁਗਿਣਤੀ ਨੇ ਅਕਾਲੀ ਦਲ ਦੇ ਪੰਜਾਬੀ ਸੂਬੇ ਦੇ ਏਜੰਡੇ ਦਾ ਸਮਰਥਨ ਕਰਦਿਆਂ ਅਕਾਲੀਆਂ ਨੂੰ ਵੋਟਾਂ ਪਾਈਆਂ ਅਤੇ ਹਿੰਦੂਆਂ ਦੀ ਬਹੁਗਿਣਤੀ ਨੇ ਪੰਜਾਬੀ ਸੂਬੇ ਦੇ ਵਿਰੁਧ ਅਤੇ ਮਹਾਂ ਪੰਜਾਬ ਦੇ ਹੱਕ ਵਿੱਚ ਵੋਟਾਂ ਪਾ ਕੇ ਜਨਸੰਘ ਨੂੰ ਬੇਮਿਸਾਲ ਸਫਲਤਾ ਦਿੱਤੀ ਪਰ ਚੋਣਾਂ ਜਿੱਤਣ ਤੋਂ ਬਾਅਦ ਦੋਹਾਂ ਪਾਰਟੀਆਂ ਨੇ ਆਪਣੇ ਏਜੰਡੇ ਛੱਡ ਕੇ ਬੇਅਸੂਲਾਂ ਗਠਜੋੜ ਕਰਕੇ ਗਠਜੋੜ ਸਰਕਾਰ ਬਣਾ ਲਈ। ਬੇ-ਅਸੂਲੇ ਗਠਜੋੜ ਵਿਰੁਧ ਬਗਾਵਤ ਕਰਕੇ ਅਕਾਲੀ ਨੇਤਾ ਲਛਮਣ ਸਿੰਘ ਗਿੱਲ ਨੇ ਕਾਂਗਰਸ ਦੀ ਮਦਦ ਨਾਲ ਪੰਜਾਬੀ ਸੂਬੇ ਦੇ ਗਠਨ ਦਾ ਐਲਾਨ ਕਰ ਦਿੱਤਾ। ਅਕਾਲੀਆਂ ਨੇ ਆਪਣੀ ਗਲਤੀ ਦਾ ਅਹਿਸਾਸ ਕਰਨ ਦੀ ਬਜਾਏ ਲਛਮਣ ਸਿੰਘ ਗਿੱਲ ਵਿਰੁਧ ਅਜੇਹਾ ਜ਼ਹਿਰੀਲਾ ਵਾਵੇਲਾ ਖੜਾ ਕੀਤਾ ਕਿ ਉਹ ਦਿਮਾਗੀ ਪ੍ਰੇਸ਼ਾਨੀ ਦੀ ਝਾਲ ਨਾ ਝਲਦੇ ਹੋਏ ਇਸ ਸੰਸਾਰ ਤੋਂ ਕੂਚ ਕਰ ਗਏ।

ਅਕਾਲੀ ਦਲ ਆਪਣੇ ਆਪ ਨੂੰ ਸਿੱਖ ਕਿਸਾਨਾਂ ਦੀ ਪਾਰਟੀ ਆਖਦੀ ਹੈ ਪਰ ਅਕਾਲੀ ਗਠਜੋੜ ਦੀ ਸਰਕਾਰ ਵਿਰੁਧ ਅੱਜ ਕਿਸਾਨਾਂ ਨੂੰ ਹੀ ਆਪਣੀਆਂ ਮੰਗਾਂ ਮਨਾਉਣ ਲਈ ਅੰਦੋਲਨ ਕਰਨੇ ਪੈ ਰਹੇ ਹਨ ਅਤੇ ਪੁਲਿਸ ਦੀਆਂ ਲਾਠੀਆਂ ਖਾਣੀਆਂ ਪੈ ਰਹੀਆਂ ਹਨ, ਦੂਸਰੇ ਪਾਸੇ ਭਾਜਪਾ ਆਪਣੇ ਆਪ ਨੂੰ ਸ਼ਹਿਰੀ ਲੋਕਾਂ ਅਤੇ ਖਾਸ ਕਰਕੇ ਹਿੰਦੂਆਂ ਦੀ ਪ੍ਰਤੀਨਿਧ ਆਖਦੀ ਹੈ ਪਰ ਸਨਅਤਕਾਰ ਉਸ ਤੋਂ ਬਹੁਤ ਦੁੱਖੀ ਹਨ ਅਤੇ ਪ੍ਰਾਪਰਟੀ ਟੈਕਸ ਲਾਏ ਜਾਣ ਕਾਰਣ ਹਰ ਸ਼ਹਿਰੀ ਇਸ ਤੋਂ ਦੁਖੀ ਹੈ। ਸ਼ਹਿਰੀ ਲੋਕਾਂ ਨੂੰ ਨਾ ਪੀਣ ਲਈ ਸਾਫ ਪਾਣੀ ਮਿਲ ਰਿਹਾ ਹੈ ਅਤੇ ਨਾ ਲੋੜ ਅਨੁਸਾਰ ਬਿਜਲੀ। ਸੜਕਾਂ ਦਾ ਬਹੁਤ ਮਾੜਾ ਹਾਲ ਹੈ। ਅਕਾਲੀ ਭਾਜਪਾ ਸਰਕਾਰ ਦੇ ਰਾਜ ਵਿੱਚ ਕਰੋੜਾਂਪਤੀ ਜ਼ਿਮੀਦਾਰ ਨੂੰ ਬਿਜਲੀ ਮੁਫਤ ਮਿਲ ਰਹੀ ਹੈ ਇੱਕ ਰਿਕਸ਼ੇ ਵਾਲਾ ਗਰੀਬ ਬਿਜਲੀ ਦੇ ਬਿੱਲ ਭਰ ਰਿਹਾ ਹੈ। ਭਾਰਤ ਇਕ ਸੈਕੁਲਰ ਦੇਸ਼ ਹੈ ਪਰ ਭਾਜਪਾ ਕਿਥੋਂ ਤੱਕ ਸੈਕੁਲਰ ਹੈ ਇਸਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਜਿਸ ਜਿਸ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣੀ ਉਥੇ ਉਥੇ ਉਸਨੇ ਧਰਮ ਪਰਿਵਰਤਨ ਤੇ ਪਾਬੰਦੀ ਲਾ ਦਿੱਤੀ ਜੋ ਕਿ ਇਸ ਦੇਸ਼ ਦੇ ਸੰਵਿਧਾਨ ਦੀ ਆਤਮਾ ਦੇ ਵਿਰੁਧ ਹੈ ਅਤੇ ਲੋਕਾਂ ਦੀ ਧਾਰਮਿਕ ਅਜ਼ਾਦੀ ਦਾ ਕਤਲ ਹੈ। ਜਿਸ ਵਿਅਕਤੀ ਨੂੰ ਉਹ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦੀ ਹੈ, ਉਸ ਉੱਤੇ ਗੁਜਰਾਤ ਵਿੱਚ ਘਟਗਿਣਤੀਆਂ ਉੱਤੇ ਜ਼ੁਲਮ ਦੇ ਗੰਭੀਰ ਦੋਸ਼ ਹਨ।

ਭਾਜਪਾ ਅਸਲ ਵਿੱਚ ਆਰ.ਐਸ.ਐਸ ਦਾ ਮੋਹਰਾ ਹੈ ਜੋ ਕਿ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਵੇਖ ਰਹੀ ਹੈ। ਹੁਣ ਤੱਕ ਭਾਜਪਾ ਉਮੀਦਵਾਰਾਂ ਦੀ ਜਾਰੀ ਹੋਈ ਲਿਸਟ ਵਿੱਚ ਭਾਜਪਾ ਨੇ ਸਾਰੇ ਭਾਰਤ ਵਿਚੋਂ ਕਿਸੇ ਮੁਸਲਮਾਨ ਨੂੰ ਟਿਕਟ ਨਹੀਂ ਦਿੱਤੀ, ਕਿਸੇ ਈਸਾਈ ਨੂੰ ਟਿਕਟ ਨਹੀਂ ਦਿੱਤੀ। ਇਕ ਹੀ ਸਿੱਖ ਐਮ.ਪੀ. ਭਾਜਪਾਈ ਸੀ ਉਸ ਤੋਂ ਵੀ ਟਿਕਟ ਖੋਹ ਕੇ ਇਕ ਹਿੰਦੂ ਨੂੰ ਦੇ ਦਿੱਤੀ ਹੈ।

ਭਾਜਪਾ ਦੀ ਇਸ ਟਿਕਟ ਵੰਡ ਤੋਂ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ ਕਿ ਉਹ ਦੇਸ਼ ਨੂੰ ਕਿਸੇ ਪਾਸੇ ਲਿਜਾਣਾ ਚਾਹੁੰਦੀ ਹੈ। ਪਿਛੇ ਜਹੇ ਅਕਾਲੀ ਦਲ ਲੌਂਗੋਵਾਲ ਦੇ ਨੇਤਾ ਸਾਬਕਾ ਮੁਖ ਮੰਤਰੀ ਸ. ਸੁਰਜੀਤ ਸਿੰਘ ਜੋ ਸਾਰਾ ਜੀਵਨ ਕਾਂਗਰਸ ਦੇ ਵਿਰੋਧੀ ਰਹੇ ਹਨ ਇਹ ਐਲਾਨ ਕਰ ਦਿੱਤਾ ਹੈ ਕਿ ਅੱਜ ਦੇਸ਼ ਨੂੰ ਬਚਾਉਣ ਲਈ ਕਾਂਗਰਸ ਦਾ ਸਮਰਥਨ ਜ਼ਰੂਰੀ ਹੋ ਗਿਆ ਹੈ। ਅਸੀਂ ਸਮਝਦੇ ਹਾਂ ਕਿ ਸਮਾਂ ਆ ਗਿਆ ਹੈ ਕਿ ਇਸ ਦੇਸ਼ ਨੂੰ ਸੈਕੂਲਰ ਰੱਖਣ ਲਈ ਕਾਂਗਰਸ ਨੂੰ ਮਜ਼ਬੂਤ ਕੀਤਾ ਜਾਵੇ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

## ਐਸ.ਡੀ.ਐਮ. ਦੇ ਦਖਲ ਨਾਲ ਡੀ.ਏ.ਵੀ. ਹੁਸ਼ਿਆਰਪੁਰ ਦੇ ਬੀ.ਐਡ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ

ਹੁਸ਼ਿਆਰਪੁਰ- ਕੇਂਦਰ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ, 2007 ਅਧੀਨ 10ਵੀਂ ਜਮਾਤ ਉਪਰੰਤ ਆਪਣੀ ਉਚ ਵਿਦਿਆ ਪ੍ਰਾਪਤ ਕਰਨ ਲਈ ਉਹਨਾਂ, ਗਰੀਬ ਐਸ. ਸੀ. ਵਿਦਿਆਰਥੀਆਂ, ਜਿਹਨਾਂ ਦੇ ਮਾਪਿਆਂ ਦੀ ਸਲਾਨਾ ਕੁੱਲ ਆਮਦਨ ਢਾਈ ਲੱਖ ਰੁਪਏ ਤੱਕ ਹੈ, ਨੂੰ ਮੁਫਤ ਸਿੱਖਿਆ ਦੇਣ ਦਾ ਪ੍ਰਾਵਧਾਨ ਹੈ। ਇਸ ਸਕੀਮ ਅਧੀਨ ਸਿੱਖਿਆ ਪ੍ਰਾਪਤ ਕਰਨ ਵਾਲੇ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਦੇ ਬੀ. ਐਡ. ਦੇ ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਅਤੇ ਪ੍ਰਬੰਧਕਾਂ ਵੱਲੋਂ ਪਿਛਲੇ ਲੰਮੇ ਅਰਸੇ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉਹਨਾਂ ਨੂੰ ਸਾਲਾਨਾ ਪ੍ਰੀਖਿਆ ਲਈ ਰੋਲ ਨੰਬਰ ਜਾਰੀ ਨਾ ਕਰਕੇ ਫੀਸਾਂ ਵਸੂਲ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ। ਪੇਪਰਾਂ ਦੀ ਤਿਆਰੀ ਵਿਚ ਲੱਗੇ ਹੋਏ ਵਿਦਿਆਰਥੀਆਂ ਨੂੰ ਰੋਲ ਨੰਬਰ ਲੈਣ ਦੀ ਖਾਤਰ ਕਈ-ਕਈ ਦਿਨ ਕਾਲਜ ਜਾ ਕੇ ਕਾਲਜ ਪ੍ਰਬੰਧਕਾਂ ਦੇ ਮਿੰਨਤਾਂ ਤਰਲੇ ਕਰਕੇ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਕਾਲਜ ਦੇ ਪ੍ਰਬੰਧਕਾਂ ਦੇ ਇਸ ਪੱਖਪਾਤੀ ਰਵੱਈਏ ਬਾਰੇ ਐਸੋਸੀਏਸ਼ਨ ਆਫ ਵਲੰਟੀਅਰਜ਼ ਫਾਰ ਸਟੂਡੈਂਟਸ ਰਾਈਟਸ ਵੱਲੋਂ ਪਹਿਲਾਂ ਵੀ ਇਹ ਮਸਲਾ ਡਿਪਟੀ ਕਮਿਸ਼ਨਰ, ਡੀ. ਪੀ. ਆਈ.ਕਾਲਜਾਂ ਅਤੇ ਸਕੱਤਰ, ਭਲਾਈ ਵਿਭਾਗ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ, ਪਰ ਇਕ ਓਪਰੀ ਅਤੇ ਸੱਤਹੀ ਜਿਹੀ ਜਾਂਚ-ਪੜਤਾਲ ਕਰਕੇ ਇਹਨਾਂ ਅਦਾਰਿਆਂ ਨੇ ਅਕਸਰ ਭੇਜੀ ਗਈ ਸ਼ਿਕਾਇਤ ਨੂੰ ਫਾਈਲ ਕਰ ਦਿੱਤਾ ਗਿਆ ਹੈ।

ਕਾਲਜ ਪ੍ਰਬੰਧਕਾਂ ਦੇ ਇਸ ਗੈਰ-ਜ਼ਿੰਮੇਵਾਰੀ ਵਾਲੇ ਵਿਵਹਾਰ ਵਿਰੁੱਧ ਕਾਲਜ ਨਾਲ ਸਬੰਧਤ ਐਸ. ਸੀ. ਵਿਦਿਆਰਥੀ ਐਸ. ਡੀ. ਐਮ. ਸਾਹਮਣੇ ਪੇਸ਼ ਹੋਏ ਤੇ ਕਾਲਜ ਪ੍ਰਬੰਧਕਾਂ ਵੱਲੋਂ ਵਾਰ-ਵਾਰ ਸਤਾਏ ਜਾਣ ਦੀ ਪੀੜਾ ਅਤੇ ਫੀਸ ਨਾ ਦੇ ਸਕਣ ਦੀ ਲਾਚਾਰੀ ਤੇ ਬੇਵਸੀ ਤੋਂ ਉਹਨਾਂ ਨੂੰ ਜਾਣੂ ਕਰਵਾਇਆ। ਸਿੱਟੇ ਵਜੋਂ ਐਸ. ਡੀ. ਐਮ. ਨੇ ਫੀਸਾਂ ਲੈਣ ਤੋਂ ਬਿਨਾਂ ਰੋਲ ਨੰਬਰ ਜਾਰੀ ਨਾ ਕਰਨ ਦੀ ਜ਼ਿੱਦ ਤੇ ਅੜੇ ਪ੍ਰਿੰਸੀਪਲ ਅਤੇ ਕਾਲਜ ਪ੍ਰਬੰਧਕਾਂ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਰੋਲ ਨੰਬਰ ਜਾਰੀ ਕਰਨ ਲਈ ਰਜ਼ਾਮੰਦ ਕੀਤਾ।

ਅਸੀਂ ਜ਼ਿਲ੍ਹਾ ਅਧਿਕਾਰੀਆਂ ਦਾ ਧੰਨਵਾਦ ਕਰਦੇ ਹੋਏ ਇਹ ਮੰਗ ਵੀ ਕਰਦੇ ਹਾਂ, ਇਸ ਕਾਲਜ ਵੱਲੋਂ ਬਿਨਾਂ ਰਸੀਦ ਦਿੱਤਿਆਂ ਪ੍ਰਤੀ ਵਿਦਿਆਰਥੀ 10 ਹਜ਼ਾਰ ਰੁਪਏ ਇਕੱਠੇ ਕਰਨ ਦੀ ਜਾਂਚ ਕਰਕੇ ਉਹ ਪੈਸੇ ਵੀ ਵਿਦਿਆਰਥੀਆਂ ਨੂੰ ਵਾਪਸ ਦਿਵਾਏ ਜਾਣ। ਅਸੀਂ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਵਿਦਿਆਰਥੀਆਂ ਨੂੰ ਸਮੇਂ ਸਿਰ ਰੋਲ ਨੰਬਰ ਜਾਰੀ ਕਰਨ ਤਾਂ ਕਿ ਵਿਦਿਆਰਥੀਆਂ ਦਾ ਭਵਿੱਖ ਖਰਾਬ ਨਾ ਹੋ ਜਾਵੇ।

ੴ ਸਤਿਗੁਰ ਪ੍ਰਸਾਦਿ

# ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ, ਪੰਜਾਬੀਆਂ ਦੇ ਮਾਣਮੱਤੇ ਤਿਉਹਾਰ ਵਿਸਾਖੀ ਅਤੇ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਵੱਲੋਂ

ੴ

## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

**61-01 Broadway, Woodside NY 11377**

ਸੋਹੰ




ਇਸ ਸ਼ੁਭ ਅਵਸਰ ਉਤੇ ਰਾਗੀ ਅਤੇ ਢਾਡੀ ਜਥੇ ਧਾਰਮਿਕ ਸ਼ਬਦ ਗਾਇਨ ਅਤੇ ਧਾਰਮਿਕ/ਇਤਿਹਾਸਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਦੇ ਨਾਲ ਬੁਲਾਰੇ ਵੀ ਆਪੋ ਆਪਣੇ ਵਿਚਾਰ ਰੱਖਣਗੇ। ਸੋ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਹੈ ਕਿ ਆਪ ਸਭ ਪਰਿਵਾਰਾਂ ਸਮੇਤ ਗੁਰੂ ਘਰ ਹਾਜ਼ਰੀਆਂ ਲਗਵਾਉਣ ਦੀ ਕਿਰਪਾਲਤਾ ਕਰਨੀ ਜੀ।
ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ ਜੀ।

**ਗੁਰੂ ਘਰ ਦਾ ਸੰਪਰਕ ਨੰਬਰ**

**718- 898- 8150** **ਫੈਕਸ- 718-898-0932**

## Shri Guru Ravidass Temple New York

# ਬਸਪਾ ਪੰਜਾਬ ਵਿਚ ਵੀ ਚੋਣ ਗੱਠਜੋੜ ਕਰੇ

ਪੰਜਾਬ ਵਿਚ ਇਸ ਵਾਰ ਬਹੁਜਨ ਸਮਾਜ ਪਾਰਟੀ ਨੇ ਸਾਰੀਆਂ 13 ਸੀਟਾਂ ਤੋਂ ਆਪਣੇ ਉਮੀਦਵਾਰ ਉਤਾਰੇ ਹਨ। ਇਸ ਤੋਂ ਪਹਿਲਾਂ ਬਸਪਾ ਕਿਸੇ ਨਾ ਕਿਸੇ ਪਾਰਟੀ ਨਾਲ ਗੱਠਜੋੜ ਕਰਦੀ ਸੀ, ਭਾਵੇਂ ਉਹ ਸਿੱਧਾ ਹੋਵੇ ਜਾਂ ਅਸਿੱਧਾ। ਇਸ ਤੋਂ ਪਹਿਲਾਂ ਵੀ ਦੋ ਵਾਰ ਬਸਪਾ ਨੇ ਆਪਣੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਹਨ ਅਤੇ ਉਸ ਨੂੰ ਸਫਲਤਾ ਵੀ ਮਿਲੀ ਹੈ। ਸਵਰਗੀ ਸ੍ਰੀ ਕਾਂਸ਼ੀ ਰਾਮ ਜੀ ਦੇ ਵਕਤ ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਨੇ ਬਹੁਤ ਚੰਗੀ ਕਾਰਗੁਜ਼ਾਰੀ ਵੀ ਦਿਖਾਈ ਅਤੇ ਵਿਰੋਧੀ ਧਿਰ ਵੀ ਬਣੀ। ਬਸਪਾ ਦੇ ਪੰਜਾਬ ਵਿਚੋਂ ਦੋ ਤੋਂ ਤਿੰਨ ਐਮ. ਪੀ. ਬਣ ਕੇ ਨਿਕਲਦੇ ਰਹੇ ਹਨ। ਪਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਬਿਮਾਰੀ ਅਤੇ ਉਹਨਾਂ ਦੇ ਸਵਰਗ ਸਿਧਾਰਨ ਤੋਂ ਬਾਅਦ ਪੰਜਾਬ ਵਿਚ ਬਸਪਾ ਇਕ ਬੇਸਹਾਰਾ ਪਾਰਟੀ ਬਣ ਕੇ ਰਹਿ ਗਈ। ਇਸ ਪਾਰਟੀ ਨੂੰ ਯੋਗ ਅਗਵਾਈ ਦੇਣ ਵਾਲਾ ਕੋਈ ਅਜਿਹਾ ਲੀਡਰ ਸਾਹਮਣੇ ਨਹੀਂ ਆ ਸਕਿਆ। ਬਸਪਾ ਦੇ ਅੰਦਰ ਵੀ ਧੜੇਬੰਦੀਆਂ ਪੈਦਾ ਹੋ ਗਈਆਂ ਅਤੇ ਖਿੰਡਣੀ ਸ਼ੁਰੂ ਹੋ ਗਈ। ਪੰਜਾਬ ਵਿਚ ਅੱਜ ਬਸਪਾ ਵਿਚੋਂ ਨਿਕਲ ਕੇ ਕਈ ਧੜੇ ਅਜਿਹੇ ਬਣ ਗਏ ਹਨ, ਜਿਹੜੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ। ਬਸਪਾ ਦੇ ਵਰਕਰ ਟੁੱਟ ਕੇ ਦੂਜੀਆਂ ਪਾਰਟੀਆਂ ਵਿਚ ਜਾ ਰਹੇ ਹਨ। ਬਸਪਾ ਦੀ ਪੰਜਾਬ ਦੀ ਲੀਡਰਸ਼ਿਪ ਕੋਲ ਅਜਿਹਾ ਕੋਈ ਠੋਸ ਏਜੰਡਾ ਨਹੀਂ ਨਜਰ ਆਉਂਦਾ ਕਿ ਉਹ ਆਪਣੇ ਵਰਕਰਾਂ ਨੂੰ ਇਕੱਠੇ ਕਰਕੇ ਰੱਖ ਸਕੇ। ਵਿਚਾਰਧਾਰਾ ਦੇ ਪੱਕੇ ਵਰਕਰ ਅੱਜ ਵੀ ਬਸਪਾ ਨੂੰ ਸਹਿਯੋਗ ਦਿੰਦੇ ਹਨ ਪਰ ਵਕਤ ਦੇ ਥਪੇੜਿਆਂ ਨੇ ਉਹਨਾਂ ਨੂੰ ਕਮਜ਼ੋਰ ਕਰ ਦਿੱਤਾ ਹੈ।

ਬਸਪਾ ਨੇ ਦੋ ਵਾਰ ਅਕਾਲੀ ਦਲ ਨਾਲ ਚੋਣ ਗੱਠਜੋੜ ਕੀਤਾ ਅਤੇ ਬਸਪਾ ਨੂੰ ਸਫਲਤਾ ਵੀ ਮਿਲੀ, ਪਰ ਇਹ ਗੱਠਜੋੜ ਜ਼ਿਆਦਾ ਦੇਰ ਨਾ ਚੱਲ ਸਕਿਆ ਅਤੇ ਅਕਾਲੀ ਦਲ ਭਾਜਪਾ ਦੇ ਨਾਲ ਚਲਿਆ ਗਿਆ। ਕਾਂਗਰਸ ਨੇ ਬਸਪਾ ਨਾਲ ਗੱਠਜੋੜ ਕਰਨ ਦੀ ਬਜਾਏ ਇਸ ਨੂੰ ਤੋੜਨ ਦੀ ਨੀਤੀ ਅਪਣਾਈ। ਬਸਪਾ ਦੇ ਬਹੁਤ ਸਾਰੇ ਲੀਡਰ ਅਤੇ ਵਰਕਰ ਅੱਜ ਕਾਂਗਰਸ ਵਿਚ ਸ਼ਾਮਲ ਹਨ। ਕਾਂਸ਼ੀ ਰਾਮ ਦੇ ਵੇਲੇ ਜਿਸ ਵੀ ਵਿਅਕਤੀ ਨੂੰ ਉਹਨਾਂ ਨੇ ਅੱਗੇ ਵਧਾਇਆ, ਤਰੱਕੀ ਦਿੱਤੀ, ਐਮ. ਪੀ., ਐਮ. ਐਲ. ਏ. ਬਣਾਇਆ, ਉਹਨਾਂ ਵਿਚੋਂ ਜਿਆਦਾਤਰ ਨੇ ਉਹਨਾਂ ਨੂੰ ਧੋਖਾ ਦਿੱਤਾ। ਬਸਪਾ ਦੀ ਹੁਣ ਪੰਜਾਬ ਵਿਚ ਇਕ ਅਜਿਹੀ ਹਾਲਤ ਬਣ ਗਈ ਹੈ, ਜਿਸ ਦੇ ਵੋਟਰ ਅਤੇ ਵਰਕਰ ਲੀਡਰਸਿਪ ਦੀ ਕਮਜੋਰ ਪਕੜ ਕਾਰਨ ਦੂਜੀਆਂ ਪਾਰਟੀਆਂ ਵੱਲੋਂ ਭਰਮਾਏ ਜਾ ਰਹੇ ਹਨ, ਪਰ ਇਸ ਸਭ ਦੇ ਬਾਵਜੂਦ ਪੰਜਾਬ ਵਿਚ ਬਸਪਾ ਦੀ ਹੋਂਦ ਬਰਕਰਾਰ ਹੈ ਅਤੇ ਅੱਗੇ ਵਧਣ ਦੀਆਂ ਸੰਭਾਵਨਾਵਾਂ ਵੀ ਬਹੁਤ ਹਨ। ਇਸ ਕਰਕੇ ਬਸਪਾ ਦੀ ਸੁਪਰੀਮੋ ਮਾਇਆਵਤੀ ਨੂੰ ਸਿਰਫ ਉਤਰ ਪ੍ਰਦੇਸ਼ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਬਲਕਿ ਪੰਜਾਬ ਵਿਚ ਵੀ ਉਤਰ ਪ੍ਰਦੇਸ਼ ਵਾਲਾ ਤਜਰਬਾ ਦੁਹਰਾਉਣਾ ਚਾਹੀਦਾ ਹੈ। ਪੰਜਾਬ ਅਤੇ ਉਤਰ ਪ੍ਰਦੇਸ਼ ਦੇ ਸਮਾਜ ਵਿਚ ਵੀ ਕਾਫੀ ਅੰਤਰ ਵੀ ਹੈ। ਪੰਜਾਬ ਵਿਚ ਛੂਤ-ਛਾਤ ਇੰਨੀ ਨਹੀਂ, ਜਿੰਨੀ ਉਤਰ ਪ੍ਰਦੇਸ਼ ਦੇ ਅੰਦਰ ਹੈ। ਇਸ ਕਰਕੇ ਜੇਕਰ ਬਸਪਾ ਦੀ ਸੁਪਰੀਮ ਲੀਡਰਸ਼ਿਪ ਚਾਹੇ ਤਾਂ ਪੰਜਾਬ ਵਿਚ ਵੀ ਕਿਸੇ ਸਮਰੱਥ ਪਾਰਟੀ ਨਾਲ ਗੱਠਜੋੜ ਕਰ ਸਕਦੀ ਹੈ। ਅਜਿਹੇ ਵਿਚ ਬਸਪਾ ਨੂੰ ਸਹਾਰਾ ਵੀ ਮਿਲੇਗਾ ਅਤੇ ਸੱਤਾ ਵਿਚ ਆਉਣ ਦਾ ਮੌਕਾ ਵੀ ਮਿਲੇਗਾ। ਸੱਤਾ ਵਿਚ ਆਉਣ ਨਾਲ ਬਸਪਾ ਤਾਕਤ ਪਕੜੇਗੀ ਅਤੇ ਲੋਕੀ ਇਸ ਨਾਲ ਜੁੜਨਗੇ।

**ਇਕ ਛੋਟੀ ਜਿਹੀ ਕੀੜੀ ਤੁਹਾਡੇ ਪੈਰ ਨੂੰ ਕੱਟ ਸਕਦੀ ਹੈ ਪਰ ਤੁਸੀਂ ਉਸਦੇ ਪੈਰ ਨੂੰ ਨਹੀਂ ਕੱਟ ਸਕਦੇ। ਇਸ ਕਰਕੇ ਜੀਵਨ ਵਿਚ ਕਿਸੇ ਨੂੰ ਛੋਟਾ ਨਾ ਸਮਝੋ.. ਉਹ ਜੋ ਕਰ ਸਕਦਾ ਹੈ, ਸ਼ਾਇਦ ਤੁਸੀਂ ਨਾ ਕਰ ਸਕੋ!**


## ਕੰਨਿਆ ਦੀ ਲੋੜ

ਰਵਿਦਾਸੀਆ, ਇਕਲੌਤਾ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਸਿੱਖਿਆ ਬੀ. ਟੈਕ ਇੰਜੀਨੀਅਰਿੰਗ, ਪੰਜਾਬ ਵਿਚ ਰਹਿ ਰਹੇ ਲਈ ਅਮਰੀਕਨ ਸਿਟੀਜ਼ਨ ਜਾਂ ਗ੍ਰੀਨ ਕਾਰਡ ਹੋਲਡਰ ਲੜਕੀ ਦੀ ਲੋੜ। ਲੜਕੇ ਦੀ ਇਕਲੌਤੀ ਭੈਣ ਵਿਆਹੀ ਹੈ ਅਤੇ ਅਮਰੀਕਾ ਵਿਚ ਸੈਟਲ ਹੈ। ਮਾਪਿਆਂ ਕੋਲ 10 ਸਾਲਾ ਅਮਰੀਕੀ ਵੀਜ਼ਾ ਹੈ ਅਤੇ ਅਮਰੀਕਾ ਵਿਚ ਹਨ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ: 408-849-0417


# ਅਮਰੀਕੀ ਜੇਲ੍ਹਾਂ ਬਣੀਆਂ ਮੁਨਾਫੇ ਦਾ ਕਾਰੋਬਾਰ



- ਨਿਰਮਲ ਚੌਹਾਨ
91-94631- 61691

ਅਮਰੀਕਾ ਦੀ ਪਛਾਣ ਦੁਨੀਆਂ ਵਿਚ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰਿਕ ਮੁੱਲਾਂ ਦੇ ਝੰਡਾ ਬਰਦਾਰ ਦੀ ਰਹੀ ਹੈ ਪਰ ਜੇਕਰ ਅਮਰੀਕੀ ਜੇਲ੍ਹਾਂ ਵਿਚ ਸਜ਼ਾ ਕੱਟ ਰਹੇ ਕੈਦੀਆਂ ਨੂੰ ਦੇਖਿਆ ਜਾਵੇ ਤਾਂ ਉਹਨਾਂ ਦੀ ਮੰਦਭਾਗੀ ਹਕੀਕਤ ਸਾਹਮਣੇ ਆ ਜਾਂਦੀ ਹੈ। ਅਮਰੀਕਾ ਦੀਆਂ ਜੇਲ੍ਹਾਂ ਦੁਨੀਆਂ ਦੀਆਂ ਜਾਣੀਆਂ-ਪਛਾਣੀਆਂ ਕੰਪਨੀਆਂ ਦੇ ਲਈ ਮੁਨਾਫੇ ਦੇ ਅੱਡੇ ਬਣ ਚੁੱਕੀਆਂ ਹਨ। ਯੂ. ਐਨ. ਦੀ ਮਨੁੱਖੀ ਅਧਿਕਾਰ ਸਮਿਤੀ ਦੀ ਇਕ ਰਿਪੋਰਟ ਦੇ ਅਨੁਸਾਰ ਅਮਰੀਕੀ ਜੇਲ੍ਹਾਂ ਵਿਚ ਕੈਦ ਵੀਹ ਲੱਖ ਨਾਲੋਂ ਵੱਧ ਕੈਦੀਆਂ ਦੀ ਕਈ ਉਦਯੋਗ ਨਾਮਾਤਰ ਦੀ ਮਜ਼ਦੂਰੀ ਤੇ ਅਤਿ ਜ਼ਿਆਦਾ ਸ਼ੋਸ਼ਣ ਕਰ ਰਹੇ ਹਨ।

ਜੇਲ੍ਹ ਉਦਯੋਗ ਵਿਚ ਨਿਵੇਸ਼ ਕਰਨ ਵਾਲੇ ਵੱਡੇ ਉਦਯੋਗਪਤੀਆਂ ਦੇ ਲਈ ਇਹ ਸੋਨੇ ਦੀ ਖਾਣ ਬਣ ਗਏ ਹਨ। ਉਹਨਾਂ ਨੂੰ ਹੜਤਾਲ, ਬੇਰੁਜ਼ਗਾਰੀ, ਬੀਮਾ, ਛੁੱਟੀ ਜਾਂ ਹੋਰ ਭੱਤੇ ਦੀ ਚਿੰਤਾ ਕਰਨ ਦੀ ਕੋਸ਼ਿਸ਼ ਲੋੜ ਨਹੀਂ ਹੈ। ਉਹਨਾਂ ਦੇ ਸਾਰੇ ਮਜ਼ਦੂਰ ਪੁਰਾਣੇ-ਨਵੇਂ ਹਨ। ਉਹ ਕਦੀ ਕਿਸੇ ਪਰਿਵਾਰਕ ਕਾਰਨਾਂ ਦੀ ਵਜ੍ਹਾ ਨਾਲ ਦੇਰ ਨਾਲ ਨਹੀਂ ਆਉਂਦੇ ਜਾਂ ਮੌਜੂਦ ਨਹੀਂ ਹੁੰਦੇ ਹਨ। ਜੇਕਰ ਉਹਨਾਂ ਨੂੰ 25 ਸੈਂਟ ਪ੍ਰਤੀ ਘੰਟੇ ਦੀ ਮਜ਼ਦੂਰੀ ਪਸੰਦ ਨਾ ਆਉਂਦੇ ਹੋਵੇ ਅਤੇ ਉਹ ਕੰਮ ਕਰਨ ਤੋਂ ਮਨ੍ਹਾ ਕਰਦੇ ਹਨ ਤਾਂ ਉਹਨਾਂ ਨੂੰ ਖਾਲੀ ਕੋਠੜੀਆਂ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਅਮਰੀਕਾ ਦੇ ਰਾਜ, ਸੰਯੁਕਤ ਅਤੇ ਨਿੱਜੀ ਜੇਲ੍ਹਾਂ ਵਿਚ ਵੀਹ ਲੱਖ ਨਾਲੋਂ ਵੱਧ ਕੈਦੀ ਹਨ। ਇਹ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਕੈਦੀਆਂ ਦੀ ਸੰਖਿਆ ਨਾਲੋਂ ਜ਼ਿਆਦਾ ਹਨ। ਅਮਰੀਕਾ ਵਿਚ ਵਿਸ਼ਵ ਦੀ ਆਬਾਦੀ ਦਾ ਸਿਰਫ ਪੰਜ ਪ੍ਰਤੀਸ਼ਤ ਹੈ, ਪਰ ਇੱਥੇ ਦੁਨੀਆਂ ਦੇ ਕੈਦੀਆਂ ਦਾ ਪੱਚੀ ਪ੍ਰਤੀਸ਼ਤ ਹਿੱਸਾ ਹੈ।

1972 ਵਿਚ ਅਮਰੀਕਾ ਵਿਚ ਕੈਦੀਆਂ ਦੀ ਸੰਖਿਆ ਸਿਰਫ ਤਿੰਨ ਲੱਖ ਸੀ, 10 ਸਾਲ ਪਹਿਲਾਂ ਇੱਥੇ ਨਿੱਜੀ ਜੇਲ੍ਹਾਂ ਦੀ ਸੰਖਿਆ ਪੰਜ ਸੀ, ਜਿਹਨਾਂ ਵਿਚ 2000 ਲੋਕ ਕੈਦ ਸਨ। ਅੱਜ ਇੱਥੇ 100 ਜੇਲ੍ਹਾਂ ਵਿਚ 62000 ਕੈਦੀ ਹਨ। ਪਿਛਲੇ 10 ਸਾਲਾਂ ਵਿਚ ਅਮਰੀਕੀ ਜੇਲ੍ਹਾਂ ਵਿਚ ਕੈਦੀਆਂ ਦੀ ਸੰਖਿਆ ਵਧਣ ਦੀ ਇਕ ਵਜ੍ਹਾ ਕੈਦੀਆਂ ਨੂੰ ਕੰਮ ਕਰਨ ਦੇ ਲਈ ਨਿੱਜੀ ਹੱਥੀਂ ਠੇਕੇ 'ਤੇ ਦੇਣਾ ਹੈ। ਕੈਦੀਆਂ ਦੀ ਮਿਹਨਤ ਨਾਲ ਕਮਾਉਣ ਵਾਲੇ ਕਾਰਪੋਰੇਟ ਸਟਾਕਧਾਰੀ ਕੈਦੀਆਂ ਦੀਆਂ ਲੰਮੀਆਂ ਸਜ਼ਾਵਾਂ ਦੇ ਲਈ ਜੋੜ ਤੋੜ ਕਰਦੇ ਹਨ ਤਾਂ ਕਿ ਉਹਨਾਂ ਦੇ ਕਾਰਜਬਲ ਦਾ ਆਕਾਰ ਵਧੇ। ਜੇਲ੍ਹ ਉਦਯੋਗ ਕੰਪਲੈਕਸ ਅਮਰੀਕਾ ਦੇ ਤੇਜ਼ੀ ਨਾਲ ਵਧਦੇ ਉਦਯੋਗਾਂ ਵਿਚ ਹੈ। ਸੰਯੁਕਤ ਜੇਲ੍ਹ ਉਦਯੋਗ ਮਿਲਟਰੀ ਹੇਲਮੇਟ, ਕਾਰਤੂਸ ਬੈਲਟ, ਬੁਲੇਟਪਰੂਫ ਜੈਕੇਟ, ਪਛਾਣ ਪੱਤਰ, ਪੈਂਟ ਸ਼ਰਟ, ਬੈਗ ਦਾ 100 ਪ੍ਰਤੀਸ਼ਤ ਹਿੱਸਾ ਤਿਆਰ ਕਰਦਾ ਹੈ। ਮਿਲਟਰੀ ਸਮੱਗਰੀ ਦੇ ਇਲਾਵਾ ਇਹ ਪੇਂਟ ਅਤੇ ਪੇਂਟ ਬ੍ਰਸ਼ ਦਾ 99 ਪ੍ਰਤੀਸ਼ਤ, ਸਟੋਵ ਅਸੈਂਬਲੀ ਦਾ 92 ਪ੍ਰਤੀਸ਼ਤ, ਘਰੇਲੂ ਉਪਕਰਨਾਂ ਦਾ 36 ਪ੍ਰਤੀਸ਼ਤ, ਹੈਡਫੋਨ ਮਾਈਕ੍ਰੋਫੋਨ ਸਪੀਕਰ ਦਾ 30 ਪ੍ਰਤੀਸ਼ਤ ਅਤੇ ਆਫਿਸ ਫਰਨੀਚਰ ਦਾ 21 ਪ੍ਰਤੀਸ਼ਤ ਹਿੱਸੇ ਦਾ ਉਤਪਾਦਨ ਕਰਦਾ ਹੈ। ਅਮਰੀਕਾ ਵਿਚ ਜੇਲ੍ਹ ਉਦਯੋਗ ਕੰਪਲੈਕਸ ਤੋਂ ਵੱਡੇ ਮੁਨਾਫੇ ਮਿਲਣ ਦੀ ਵਜ੍ਹਾ ਨਾਲ ਕੈਦੀਆਂ ਦੀਆਂ ਲੰਮੀਆਂ ਸਜ਼ਾਵਾਂ ਦੇ ਕਾਨੂੰਨਾਂ ਨੂੰ ਹੱਲਾਸ਼ੇਰੀ ਮਿਲੀ ਹੈ। ਇੱਥੇ ਅਹਿੰਸਕ ਅਪਰਾਧਾਂ ਦੇ ਲਈ ਵੀ ਜੇਲ੍ਹ ਦੀ ਸਜ਼ਾ ਹੁੰਦੀ ਹੈ। ਨਸ਼ੇ ਵਾਲੀਆਂ ਦਵਾਈਆਂ ਦੀ ਵੱਧ ਮਾਤਰਾ ਰੱਖਣ ਤੇ ਵੀ ਲੰਮੀ ਸਜ਼ਾ ਹੁੰਦੀ ਹੈ। ਸਰਕਾਰੀ ਕਾਨੂੰਨ ਦੇ ਅਨੁਸਾਰ 5 ਗ੍ਰਾਮ ਫ੍ਰੇਂਕ ਜਾਂ 3.4 ਔਂਸ ਹੈਰੋਇਨ ਰੱਖਣ ਤੇ 5 ਸਾਲ ਦੀ ਬਗੈਰ ਪੈਰੋਲ ਦੀ ਸਜ਼ਾ ਹੁੰਦੀ ਹੈ।

ਕੋਕੀਨ ਰੱਖਣ ਦੇ ਜ਼ੁਰਮ ਵਿਚ 5 ਸਾਲ ਦੀ ਸਜ਼ਾ ਮਿਲਣ ਦੇ ਲਈ ਉਸਦੀ ਮਾਤਰਾ ਘੱਟ ਤੋਂ ਘੱਟ ਸੌ ਗ੍ਰਾਮ ਹੋਣੀ ਚਾਹੀਦੀ ਹੈ, ਜੋ ਕਿ ਫ੍ਰੈਂਕ ਦੀ ਤੁਲਨਾ ਵਿਚ 100 ਗੁਣਾਂ ਹੈ। ਫ੍ਰੈਂਕ ਦਾ ਇਸਤੇਮਾਲ ਕਾਲੇ ਅਤੇ ਅਪ੍ਰਵਾਸੀ ਕਰਦੇ ਹਨ ਜਦਕਿ ਕੋਕੀਨ ਦਾ ਇਸਤੇਮਾਲ ਗੋਰੇ ਮੱਧ ਸ਼੍ਰੇਣੀ ਜਾਂ ਅਮੀਰ ਲੋਕ ਕਰਦੇ ਹਨ।

ਅਮਰੀਕਾ ਦੇ 13 ਰਾਜਾਂ ਦੇ ਰਾਹੀਂ ਥਰੀ ਸਟ੍ਰਾਇਕਸ ਕਾਨੂੰਨ ਨੂੰ ਪਾਸ ਕਰਨ ਦੀ ਵਜ੍ਹਾ ਨਾਲ 20 ਨਵੀਆਂ ਸੰਯੁਕਤ ਜੇਲ੍ਹਾਂ ਬਣਾਉਣੀਆਂ ਪਈਆਂ। ਇਸ ਕਾਨੂੰਨ ਦੇ ਅਨੁਸਾਰ ਤਿੰਨ ਗੰਭੀਰ ਅਪਰਾਧਾਂ ਵਿਚ ਦੋਸ਼ੀ ਸਾਬਤ ਹੋਣ ਤੇ ਉਮਰ ਕੈਦ ਦੀ ਸਜ਼ਾ ਹੁੰਦੀ ਹੈ। ਅਮਰੀਕਾ ਦੇ 37 ਰਾਜਾਂ ਵਿਚ ਕੈਦੀਆਂ ਨੂੰ ਨਿੱਜੀ ਨਿਯਮਾਂ ਦੇ ਪਾਸ ਠੇਕੇ ਤੇ ਦੇਣ ਨੂੰ ਲਾਜ਼ਮੀ ਬਣਾ ਦਿੱਤਾ ਗਿਆ ਹੈ। ਇਹ ਨਿਯਮ ਰਾਜ ਦੀਆਂ ਜੇਲ੍ਹਾਂ ਦੇ ਅੰਦਰ ਆਪਣੇ ਕਾਰੋਬਾਰ ਖੜ੍ਹੇ ਕਰਦੇ ਹਨ।

ਇਹਨਾਂ ਨਿਯਮਾਂ ਦੀ ਸੂਚੀ ਵਿਚ ਆਈ. ਵੀ. ਐਮ. ਏ., ਬੋਇੰਗ, ਮੋਟੋਰੋਲਾ, ਮਾਈਕ੍ਰੋਸਾਫਟ, ਏ ਟੀ ਐਂਡ ਟੀ, ਵਾਇਰਲੈਸ, ਟੈਕਸਾਸ, ਇੰਸਟ੍ਰੂਮੈਂਟ, ਡੇਲ, ਕਾਮਪੈਕ, ਹਨੀਵੇਲ, ਹੇਰਲੇਟ-ਪੈਕਾਰਡ, ਨਾਰਟੇਲ, ਲੂਸੇਂਟ ਟੈ-ਕਨੋਲਾਇਜ, ਬ੍ਰੀਕਾਮ, ਇੰਟੇਲ, ਨਾਰਦਨ ਟੈਲੀਕਾਮ, ਟੀ. ਡਬਲਿਊ ਏ., ਨਾਰਡਸਟ੍ਰਾਕਸ, ਰੇਵਲਾਨ, ਮੈਸੀਜ, ਪਿਅਰੇ ਕਾਰਡਿਨ, ਟਾਰਗੇਟ ਸਟੋਰਸ ਆਦਿ ਸ਼ਾਮਲ ਹਨ। ਕੋਲਰੈਡੋ ਵਿਚ 2 ਡਾਲਰ ਪ੍ਰਤੀ ਘੰਟਾ ਮਿਲਦਾ ਹੈ ਜੋ ਕਿ ਘੱਟੋ ਘੱਟ ਮਜ਼ਦੂਰੀ ਨਾਲੋਂ ਕਾਫੀ ਘੱਟ ਹੈ ਅਤੇ ਨਿੱਜੀ ਜੇਲ੍ਹਾਂ ਵਿਚ 17 ਸੈਂਟ ਪ੍ਰਤੀ ਘੰਟਾ ਤੱਕ ਮਿਲਦਾ ਹੈ।

ਜੇਲ੍ਹ ਦੇ ਅੰਦਰ ਕੰਮ ਕਰਵਾਉਣ ਦੀ ਵਜ੍ਹਾ ਨਾਲ ਅਮਰੀਕਾ ਇਕ ਵਾਰ ਫਿਰ ਇਹੋ ਜਿਹੇ ਕੰਮਾਂ ਦੇ ਲਈ ਨਿਵੇਸ਼ ਦੀ ਜਗ੍ਹਾ ਬਣ ਗਿਆ ਹੈ, ਜੋ ਕਿ ਪਹਿਲਾਂ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਕਰਵਾਏ ਜਾਣ ਲੱਗੇ ਸਨ। ਇਕ ਕੰਪਨੀ ਜੋ ਮੈਕਸੀਕੋ ਵਿਚ ਆਪਣਾ ਉਤਪਾਦਨ ਕਰਾਉਂਦੀ ਸੀ, ਉਥੇ ਕੰਮ ਬੰਦ ਕਰ ਕੈਲੀਫੋਰਨੀਆ ਦੇ ਸੈਂਟ ਕਵੇਟਿਨ ਜੇਲ੍ਹ ਵਿਚ ਆਪਣਾ ਉਤਪਾਦਨ ਕਰਵਾ ਰਹੀ ਹੈ।

ਟੈਕਸਾਸ ਵਿਚ ਇਕ ਕੰਪਨੀ ਨੇ ਆਪਣੇ 150 ਮਜ਼ਦੂਰਾਂ ਦੀ ਛਾਂਟੀ ਕਰ ਦਿੱਤੀ ਅਤੇ ਨਿੱਜੀ ਲਾਕਹਾਰਟ ਟੈਕਸਾਸ ਜੇਲ੍ਹ ਵਿਚ ਕੈਦੀ ਮਜ਼ਦੂਰਾਂ ਤੋਂ ਕੰਮ ਕਰਾਉਣ ਲੱਗੇ ਜੋ ਆਈ ਬੀ ਐਮ. ਅਤੇ ਕੰਪੈਕ ਜਿਹੀਆਂ ਕੰਪਨੀਆਂ ਦੇ ਲਈ ਸਵਿੱਚ ਬੋਰਡ ਅਸੈਂਬਲੀ ਦਾ ਕੰਮ ਕਰਦੇ ਹਨ।

ਔਰੇਗਨ ਦੇ ਰਾਜ ਪ੍ਰਤੀਨਿਧੀ ਨੇ ਨਾਇਕ ਨੂੰ ਇਸ ਗੱਲ ਦੇ ਲਈ ਕਿਹਾ ਗਿਆ ਕਿ ਉਹ ਇੰਡੋਨੇਸ਼ੀਆ ਵਿਚ ਆਪਣੇ ਜੁੱਤਾ ਉਤਪਾਦਨ ਨੂੰ ਘੱਟ ਕਰੇ ਅਤੇ ਉਸ ਦੇ ਰਾਜ ਵਿਚ ਆਪਣਾ ਉਤਪਾਦਨ ਸਥਾਪਤ ਕਰੇ ਕਿਉਂਕਿ ਪ੍ਰਤੀਯੋਗੀ ਜੇਲ੍ਹ ਮਜ਼ਦੂਰ ਉਹਨਾਂ ਨੂੰ ਦਏਗਾ ਮੁਹੱਈਆ ਹੋਵੇਗਾ ਅਤੇ ਟਰਾਂਸਪੋਰਟ ਦਾ ਉਹਨਾਂ ਦਾ ਖਰਚ ਬਚ ਜਾਵੇਗਾ।

ਅਮਰੀਕੀ ਜੇਲ੍ਹਾਂ ਦੇ ਨਿੱਜੀਕਰਨ ਵਿਚ ਤੇਜ਼ੀ ਰੋਨਾਲਡ ਰੀਗਨ ਅਤੇ ਜਾਰਜ ਬੁੱਸ਼ ਸੀਨੀਅਰ ਦੇ ਕਾਰਜਕਾਲ ਵਿਚ ਆਈ ਅਤੇ ਇਹ 1990 ਵਿਚ ਆਪਣੀ ਚਰਮ 'ਤੇ ਕਲਿੰਟਨ ਦੇ ਸਮੇਂ ਵਿਚ ਪਹੁੰਚੀ ਜਦੋਂ ਇਹਨਾਂ ਦੇ ਸ਼ੇਅਰ ਹੱਥੋ-ਹੱਥ ਵਿਕ ਰਹੇ ਸਨ। ਨਿੱਜੀ ਜੇਲ੍ਹ ਉਦਯੋਗ ਕੰਪਲੈਕਸ ਦਾ ਸਭ ਤੋਂ ਵੱਡਾ ਕਾਰੋਬਾਰ ਹੈ। ਲੱਗਭੱਗ 18 ਨਿਗਮ 27 ਰਾਜਾਂ ਵਿਚ 10,000 ਕੈਦੀਆਂ ਦੀ ਨਿਗਰਾਨੀ ਵਿਚ ਲੱਗੇ ਹਨ। ਇਹਨਾਂ ਜੇਲ੍ਹਾਂ ਵਿਚ ਕੈਦੀਆਂ ਨੂੰ ਚੰਗੇ ਵਰਤਾਅ 'ਤੇ ਸਜ਼ਾ ਘੱਟ ਕਰ ਦਿੱਤੀ ਜਾਂਦੀ ਹੈ ਅਤੇ ਕਿਸੇ ਉਲੰਘਣਾ ਤੇ 30 ਦਿਨ ਦੀ ਸਜ਼ਾ ਵਧਾ ਦਿੱਤੀ ਜਾਂਦੀ ਹੈ, ਜਿਸ ਦਾ ਮਤਲਬ ਹੋਰ ਵੱਧ ਮੁਨਾਫਾ। ਮੁਨਾਫੇ ਐਨੇ ਜ਼ਿਆਦਾ ਹਨ ਕਿ ਇਕ ਨਵਾਂ ਕਾਰੋਬਾਰ ਸ਼ੁਰੂ ਹੋ ਗਿਆ ਹੈ। ਲੰਮੀ ਸਜ਼ਾ ਵਾਲੇ ਕੈਦੀਆਂ ਦਾ ਆਯਾਤ: ਜਦ ਇਕ ਸਰਕਾਰੀ ਜੱਜ ਨੇ ਫੈਸਲਾ ਦਿੱਤਾ ਕਿ ਟੈਕਸਾਸ ਜੇਲ੍ਹ ਵਿਚ ਕੈਦੀਆਂ ਦੀ ਵੱਡੀ ਗਿਣਤੀ ਕਰੂਰਤਾ ਅਤੇ ਲੰਮਾ ਸਜ਼ਾ ਵਾਲੀ ਹੈ ਤਾਂ ਕਰੈਕਸ਼ਨਜ਼ ਕਾਰਪੋਰੇਸ਼ਨ ਆਫ ਅਮਰੀਕਾ (ਕੈਦੀਆਂ ਤੋਂ ਕੰਮ ਕਰਾਉਣ ਦਾ ਠੇਕਾ ਲੈਣ ਵਾਲਾ ਸਭ ਤੋਂ ਵੱਡਾ ਨਿਗਮ) ਨੇ ਗਰੀਬ ਕਾਉਂਸਿਲ ਦੇ ਸ਼ੈਰਿਕਾਂ ਨਾਲ ਨਵੀਆਂ ਜੇਲ੍ਹਾਂ ਬਣਾਉਣ ਅਤੇ ਚਲਾਉਣ ਦੇ ਕਰਾਰ ਕੀਤੇ ਤਾਂ ਕਿ ਮੁਨਾਫੇ ਵਿਚ ਹਿੱਸਾ ਵਧਾ ਸਕੇ। ਅਟਲਾਂਟਿਕ ਰਸਾਲੇ ਦੇ ਅਨੁਸਾਰ ਨਵੇਂ ਜੇਲ੍ਹਖਾਨੇ ਬਣਾਉਣ ਅਤੇ ਚਲਾਉਣ ਦੇ ਪ੍ਰੋਗਰਾਮ ਨੂੰ ਮੈਰਿਲ ਲਿੰਚ, ਸਿਚਰਸਨ, ਲੇਹਮੇਨ, ਅਮੈਰਿਕਨ ਐਕਸਪ੍ਰੈਸ ਅਤੇ ਆਲ ਸਟੇਟ ਦੇ ਨਿਵੇਸ਼ਕਾਂ ਦਾ ਸਮਰਥਨ ਹਾਸਲ ਹੈ ਤਾਂ ਪੂਰੇ ਟੈਕਸਾਸ ਦੇ ਪਿੰਡਾਂ ਵਿਚ ਇਹਨਾਂ ਦਾ ਜਾਲ ਹੈ। ਤਾਜ਼ਾ ਰਿਪੋਰਟ ਇਹ ਹੈ ਕਿ ਇਕ ਲੱਖ ਪੱਚੀ ਹਜ਼ਾਰ ਸੰਯੁਕਤ ਕੈਦੀਆਂ ਦਾ 97 ਪ੍ਰਤੀਸ਼ਤ ਅਹਿੰਸਕ ਅਪਰਾਧਾਂ ਦੇ ਲਈ ਸਜ਼ਾ ਕੱਟ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਨਗਰ ਨਿਗਮ ਅਤੇ ਕਾਉਂਟੀ ਜੇਲ੍ਹਾਂ ਦੇ 6 ਲੱਖ 23 ਹਜ਼ਾਰ ਕੈਦੀਆਂ ਵਿਚੋਂ ਅੱਧੇ ਨਿਰਦੋਸ਼ ਹਨ। ਇਹਨਾਂ ਵਿਚੋਂ ਬਹੁਤਿਆਂ 'ਤੇ ਅਜੇ ਮੁਕੱਦਮਾ ਚੱਲ ਰਿਹਾ ਹੈ। ਰਾਜ ਦੀਆਂ ਜੇਲ੍ਹਾਂ ਵਿਚ 10 ਲੱਖ ਕੈਦੀਆਂ ਵਿਚੋਂ ਦੋ ਤਿਹਾਈ 'ਤੇ ਅਹਿੰਸਕ ਅਪਰਾਧਾਂ ਦਾ ਇਲਜ਼ਾਮ ਹੈ।

# ਹੋਸ਼ਿਆਰ, ਜਾਗਦੇ ਰਹਿਣਾ ਦੇਸ਼ ਵਿਚ ਲੋਕ ਸਭਾ ਚੋਣਾਂ ਦਾ ਬਿਗੁਲ ਵੱਜ ਗਿਆ



**ਯੂਨਸ ਮਸੀਹ ਰਜਾਦਾ**
ਜਨਰਲ ਸਕੱਤਰ ਪੰਜਾਬ ਮਸੀਹੀ ਦਲ,
ਮੋਬਾ 98158-70667

ਯੂਨਸ ਮਸੀਹ ਜਨਰਲ ਸਕੱਤਰ ਮਸੀਹੀ ਦਲ ਪੰਜਾਬ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਮਸੀਹੀ ਸੰਤ ਸਮਾਜ, ਮਸੀਹੀ ਜਗਤ ਦੇ ਲੋਕਾਂ, ਮੁਸਲਮਾਨ ਭਾਈਚਾਰੇ, ਅਤੇ ਦੇਸ਼ ਵਾਸੀਆਂ ਨੂੰ ਇਹਨਾਂ ਲੋਕ ਸਭਾ ਚੋਣਾਂ ਵਿਚ ਵੋਟਾਂ ਪਾਉਣ ਲਈ ਕਿਸ ਪਾਰਟੀ/ਉਮੀਦਵਾਰ ਨੂੰ ਵੋਟ ਪਾਉਣੀ ਹੈ ਉਸ ਤੋਂ ਪਹਿਲਾ ਕਿ ਉਹ ਆਪਣਾ ਮਨ ਬਣਾਉਣ ਉਹਨਾਂ ਨੂੰ ਹੇਠ ਲਿਖੇ ਕੁਝ ਤੱਥਾਂ ਉਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਦੇਸ਼ ਵਿਚ ਜੋ ਲੋਕ ਸਭਾ ਚੋਣਾਂ ਅੱਜ ਤਕ ਹੋਈਆਂ ਸਾਰੀਆਂ ਲੋਕ ਸਭਾ ਚੋਣਾਂ ਤੋਂ ਬਹੁਤ ਹੀ ਫਰਕ ਹਨ। ਕਿਉਂ ਜੋ ਬੀ.ਜੇ.ਪੀ ਵਲੋਂ ਪ੍ਰਧਾਨ ਮੰਤਰੀ ਦੇ ਅਹੁੱਦੇ ਲਈ ਜਿਸ ਉਮੀਦਵਾਰ ਨੂੰ ਨਾਮਜ਼ਦ ਕੀਤਾ ਗਿਆ ਹੈ ਉਸ ਦੇ ਕਿਰਦਾਰ ਬਾਰੇ ਜਾਨਣਾ ਅਤੇ ਸਮਝਣਾ ਬਹੁਤ ਹੀ ਜ਼ਰੂਰੀ ਹੈ। ਕਿਉਂ ਜੋ ਦੇਸ਼-ਵਾਸੀਆਂ ਅਤੇ ਦੇਸ਼ ਦੇ ਭਵਿਖ ਦਾ ਸਵਾਲ ਖੜਾ ਹੁੰਦਾ ਹੈ ਅਤੇ ਇਹੀ ਸਵਾਲ ਦੇਸ਼ ਵਾਸੀਆਂ ਲਈ ਇਹਨਾਂ ਚੋਣਾਂ ਵਿਚ ਇਕ ਬਹੁਤ ਵੱਡਾ ਸਵਾਲੀਆ ਨਿਸ਼ਾਨ ਖੜਾ ਕਰ ਰਿਹਾ ਹੈ। ਕਿ-ਕੀ ਸਾਨੂੰ ਦੇਸ਼ ਲਈ ਇਕ ਅਜਿਹਾ ਪ੍ਰਧਾਨ ਮੰਤਰੀ ਚਾਹੀਦਾ ਹੈ ਜਿਸ ਦੇ ਹੱਥ ਫਿਰਕੂ ਦੰਗਿਆਂ ਵਿੱਚ ਖੂਨ ਨਾਲ ਰੰਗੇ ਹੋਣ ਅਤੇ ਉਹ ਫਿਰਕੂ ਦੰਗਿਆਂ ਲਈ ਮਾਸਟਰ ਮਾਈਂਡ ਹੋਵੇ। ਕੀ ਬੀਜੇਪੀ ਅਜਿਹੇ ਆਦਮੀ ਨੂੰ ਪ੍ਰਧਾਨ-ਮੰਤਰੀ ਦੇ ਅਹੁੱਦੇ ਲਈ ਨਾਮਜ਼ਦ ਕਰਕੇ ਇਹ ਸਪਸ਼ਟ ਨਹੀਂ ਕਰ ਰਹੀ ਕਿ ਸ੍ਰੀ ਅਟਲ ਬਿਹਾਰੀ ਭਾਜਪਾਈ ਦੇ ਪ੍ਰਧਾਨ ਮੰਤਰੀ ਦੇ ਸਮੇਂ ਵਿਚ ਜਦ ਪੱਤਰਕਾਰਾਂ ਵਲੋਂ ਕਿਸੇ ਬੀਜੇਪੀ ਦੇ ਸੀਨੀਅਰ ਆਗੂ ਕੋਲੋਂ ਇਹ ਪੁਛਿਆ ਗਿਆ ਸੀ ਕਿ-ਕੀ ਤੁਸੀਂ ਆਪਣਾ ਬੀਜੇਪੀ ਦਾ ਏਜੰਡਾ ਤਿਆਗ ਦਿੱਤਾ ਹੈ ਤਾਂ ਉਸ ਸੀਨੀਅਰ ਲੀਡਰ ਦਾ ਜਵਾਬ ਸੀ ਕਿ ਏਜੰਡਾ ਤਿਆਗਿਆ ਨਹੀਂ ਗਿਆ ਬਲਕਿ ਬੀਜੇਪੀ ਉਸ ਏਜੰਡੇ ਨੂੰ ਲਾਗੂ ਕਰਨ ਲਈ ਉਸ ਸਮੇਂ ਦੀ ਉਡੀਕ ਵਿਚ ਹੈ ਜਿਸ ਸਮੇਂ ਉਹ ਆਪਣੇ ਬਲਬੂਤੇ ਉਤੇ ਉਸ ਏਜੰਡੇ ਨੂੰ ਲਾਗੂ ਕਰ ਸਕੇ। ਸਪਸ਼ਟ ਹੈ ਕਿ ਜਿਸ ਆਦਮੀ ਨੂੰ ਅੱਜ ਪ੍ਰਧਾਨ ਮੰਤਰੀ ਦੇ ਅਹੁੱਦੇ ਲਈ ਬੀਜੇਪੀ ਵਲੋਂ ਨਾਮਜ਼ਦ ਕੀਤਾ ਗਿਆ ਹੈ ਉਸੇ ਹੀ ਆਦਮੀ ਰਾਹੀਂ, ਉਸ ਆਦਮੀ ਨੂੰ ਦੇਸ਼ ਦਾ ਪ੍ਰਧਾਨ-ਮੰਤਰੀ ਬਣਾ ਕੇ ਬੀ ਜੇ ਪੀ ਆਪਣਾ ਏਦੰਡਾ ਲਾਗੂ ਕਰਨਾ ਚਾਹੁੰਦੀ ਹੈ। ਦੇਸ਼ ਵਿੱਚ ਧਰਮ-ਨਿਰਪੱਖ ਪਾਰਟੀ ਪ੍ਰਧਾਨ ਮੰਤਰੀ ਚਾਹੀਦਾ ਹੈ ਜਾਂ ਕੱਟੜ-ਪੰਥੀ ਅਤੇ ਫਿਰਕੂ ਸੋਚ ਰੱਖਣ ਵਾਲਾ ਅਤੇ ਦੂਜੇ ਘਟ ਗਿਣਤੀ ਧਰਮਾਂ ਦਾ ਦੇਸ਼ ਵਿਚੋਂ ਖਾਤਮਾ ਕਰਨ ਵਾਲਾ ਪ੍ਰਧਾਨ ਮੰਤਰੀ/ਪਾਰਟੀ ਚਾਹੀਦੀ ਹੈ। ਇਹ ਫੈਸਲਾ ਦੇਸ਼ ਦੇ ਵੋਟਰਾਂ ਦੇ ਹੱਥ ਵਿੱਚ ਹੈ।

### ਮਸੀਹੀ ਸੰਤ ਸਮਾਜ ਅਤੇ ਮਸੀਹੀ ਜਗਤ ਨੂੰ ਅਪੀਲ

ਯੂਨਸ ਮਸੀਹ ਜਨਰਲ ਸਕੱਤਰ ਮਸੀਹੀ ਦਲ ਪੰਜਾਬ ਵਲੋਂ ਮਸੀਹੀ ਸੰਤ-ਸਮਾਜ ਅਤੇ ਮਸੀਹੀ ਜਗਤ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਦੇਸ਼ ਦੀ ਅਜ਼ਾਦੀ ਤੋਂ ਲੈ ਕੇ ਅੱਜ ਤੱਕ ਦੇਸ਼ ਵਿਚ ਜਿੰਨੇ ਵੀ ਮਸੀਹੀ ਮਿਸ਼ਨਰੀਆਂ ਦਾ ਕਤਲ ਗਿਆ ਹੈ ਜਾਂ ਉਨ੍ਹਾਂ ਨੂੰ ਜੀਪ ਵਿੱਚ ਸੁਟ ਕੇ ਅੱਗ ਲਾ ਦਿੱਤੀ ਗਈ ਅਤੇ ਜ਼ਿੰਦਾ ਸਾੜ ਦਿੱਤਾ ਗਿਆ। ਮਸੀਹੀ ਧਾਰਮਿਕ ਪ੍ਰਚਾਰ ਨੂੰ ਬੰਦ ਕਰਨ/ ਕਰਵਾਉਣ ਮਸੀਹੀ ਸੰਮੇਲਨਾਂ ਉਤੇ ਪਾਬੰਦੀ ਲਾਉਣ/ਲਵਾਉਣ ਮਸੀਹੀ ਸੰਤ ਸਮਾਜ ਸੇਵਕਾਂ ਨੂੰ ਜ਼ਲੀਲ ਕਰਨ/ ਅਪਮਾਨਿਤ ਕਰਨ, ਉਹਨਾਂ ਵਿਰੁਧ ਝੂਠੇ ਕੇਸ ਬਣਾਉਣ ਅਤੇ ਮਸੀਹੀ ਜਗਤ ਦੇ ਲੋਕਾਂ ਨਾਲ ਹਰ ਪਧੱਰ ਉਤੇ ਵਿਤਰਕਾ ਕਰਨ/ਕਰਵਾਉਣ ਮਸੀਹੀ ਧਰਮ ਨੂੰ ਦੇਸ਼ ਵਿੱਚ ਖਤਮ ਕਰਨ ਲਈ ਸਾਜਿਸ਼ਾਂ ਰਚਨ ਵਾਲੀਆਂ ਪਾਰਟੀਆਂ ਦਾ ਨਿਰੀਖਣ ਕਰੀਏ ਤਾਂ ਸਪਸ਼ਟ ਹੋ ਜਾਵੇਗਾ ਕਿ ਪਹਿਲਾਂ ਜਨਸੰਘ ਅਤੇ ਫਿਰ ਉਸ ਤੋਂ ਬਣੀ ਬੀ.ਜੇ.ਪੀ ਅਤੇ ਉਸਦੇ ਨਾਲ ਬਣੇ ਉਸਦੇ ਸਹਿਯੋਗੀ ਸੰਗਠਨ ਜਿਵੇਂ ਆਰ.ਐਸ.ਐਸ, ਸ਼ਿਵ ਸੈਨਾ, ਹਿੰਦੂ ਵਿਸ਼ਵ ਪਰੀਸ਼ਦ, ਬਜਰੰਗ ਦਲ ਵਰਗੇ ਅਨੇਕਾਂ ਸੰਗਠਨ ਜੁੜੇ ਹੋਏ ਹਨ। ਇਸ ਲਈ ਮਸੀਹੀ ਦਲ ਪੰਜਾਬ ਸਮੁੱਚੇ ਮਸੀਹੀ ਸੰਤ ਸਮਾਜ ਅਤੇ ਮਸੀਹੀ ਭਾਈਚਾਰੇ ਨੂੰ ਅਪੀਲ ਕਰਦਾ ਹੈ ਕਿ ਭਾਰਤ ਦੇਸ਼ ਵਿਚ ਮਸੀਹੀ ਧਰਮ ਨੂੰ ਬਚਾਉਣ ਲਈ ਆਪਣੀ ਇਕ-ਇਕ ਵੋਟ ਦਾ ਇਸਤੇਮਾਲ ਬੀਜੇਪੀ ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਵਿਰੁੱਧ ਕੀਤਾ ਜਾਵੇ।

ਮੁਸਲਮਾਨ ਭਾਈਚਾਰੇ ਨੂੰ ਅਪੀਲ ਇਹਨਾਂ ਲੋਕ ਸਭਾ ਚੋਣਾਂ ਵਿਚ ਮੁਸਲਮਾਨ ਭਾਈਚਾਰੇ ਨੂੰ ਆਪਣੀਆਂ ਵੋਟਾਂ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਇਹ ਸੋਚਣਾਂ ਅਤੇ ਸਮਝਣਾ ਜ਼ਰੂਰੀ ਹੈ ਕਿ ਦੇਸ਼ ਦੀ ਅਜ਼ਾਦੀ ਤੋਂ ਲੈ ਕੇ ਅੱਜ ਤਕ ਦੇਸ਼ ਵਿਚ ਹਿੰਦੂ ਮੁਸਲਮਾਨ ਕਿੰਨੇ ਦੰਗੇ ਹੋਏ ਹਨ। ਉਹਨਾਂ ਦੰਗਿਆਂ ਨੂੰ ਕਿਸੇ ਵੀ ਗਲਤ ਫਹਿਮੀ ਵਿਚ ਭੁਲਾ ਕੇ ਵੋਟਾਂ ਦਾ ਇਸਤੇਮਾਲ ਕਰਨਾ ਸਾਡੀ ਬਹੁਤ ਵੱਡੀ ਭੁੱਲ ਹੋਵੇਗੀ। ਨਾ ਤਾਂ ਅਸੀਂ ਹਾਲ ਵਿਚ ਹੋਏ ਮਿਰਜ਼ਾਪੁਰ ਦੇ ਦੰਗਿਆਂ ਨੂੰ ਭੁਲਾ ਸਕਦੇ ਹਾਂ ਅਤੇ ਨਾ ਹੀ ਗੁਜਰਾਤ ਦੇ ਦੰਗਿਆਂ ਨੂੰ ਅਤੇ ਨਾ ਹੀ ਅਲੀਗੜ ਅਤੇ ਦੇਸ਼ ਦੇ ਬਾਕੀ ਦੰਗਿਆਂ ਨੂੰ ਭੁਲਾ ਸਕਦੇ ਹਾਂ। ਇਹਨਾਂ ਦੰਗਿਆਂ ਦੇ ਮੁੱਖ-ਦੋਸ਼ੀ ਜਨੰਸਘ/ਬੀਜੇਪੀ ਅਤੇ ਉਸਦੇ ਸਹਿਯੋਗੀ ਸੰਗਠਨ ਹੀ ਹਨ। ਇਹਨਾਂ ਦਾ ਮਾਸਟਰਮਾਈਂਡ ਕਿਸ ਨਕਾਬ ਵਿਚ ਛੁਪਿਆ ਹੋਇਆ ਹੈ ਉਸ ਨਕਾਬ ਨੂੰ ਲੀਰੋ-ਲੀਰ ਤੁਹਾਡੀਆਂ ਵੋਟਾਂ ਹੀ ਕਰ ਸਕਦੀਆਂ ਹਨ। ਜੇ ਤੁਸੀਂ ਆਪਣੀ ਇਕ-ਇਕ ਵੋਟ ਦਾ ਇਸਤੇਮਾਲ ਬੀਜੇਪੀ ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਦੇ ਖਿਲਾਫ ਕਰਕੇ ਉਸ ਨਕਾਬ ਵਿਚ ਛਿਪੇ ਚੇਹਰੇ ਨੂੰ ਨੰਗਾ ਕਰ ਸਕਦੇ ਹੋ।

### ਦੇਸ਼ ਵਾਸੀਆਂ ਲਈ ਅਪੀਲ

ਮਸੀਹੀ ਦਲ ਪੰਜਾਬ ਵਲੋਂ ਦੇਸ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਹਨਾਂ ਚੋਣਾਂ ਵਿਚ ਸਾਨੂੰ ਭਾਰਤ ਦਾ ਪਿਛਲੇ ਇਤਿਹਾਸ ਦੇ ਪੰਨੇ ਪਿਛੋ "ਜ਼ਰੂਰ ਪਲਟਨੇ ਪੈਣਗੇ

(ਬਾਕੀ ਸਫਾ 15 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ



ਅਮਰਜੀਤ ਚੰਦਰ

ਦਲਿਤਾ ਦੇ ਮਸੀਹਾ, ਦੁਨੀਆਂ ਦੇ ਮਹਾਂਨ ਕ੍ਰਾਂਤੀਕਾਰੀ ਡਾ, ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਉਘੇ ਵਿਦਵਾਨ, ਦੇਸ ਭਗਤ, ਅਤੇ ਉਚ ਕੋਟੀ ਦੇ ਕਨੂੰਨਦਾਰ ਸਨ। ਉਨੀਵੀ ਸਦੀ ਵਿਚ ਛੂਆ-ਛਾਤ ਤੇ ਹੋਰ ਸਮਾਜਿਕ ਬੁਰਾਈਆ, ਕੁਰੀਤੀਆ ਬੜੇ ਹੀ ਜੋਰਾਂ ਤੇ ਚਲ ਰਹੀਆਂ ਸਨ। ਉਨਾਂ ਸਮ੍ਰਿਆਂ ਵਿਚ ਪਛੜੀਆਂ ਜਾਤੀਆਂ ਨੂੰ ਬੜੇ ਹੀ ਨਫਰਤ ਨਾਲ ਦੇਖਿਆ ਜਾਂਦਾ ਸੀ, ਜਿਹਦੇ ਵਿਚ ਡਾ, ਬਾਵਾ ਸਾਹਿਬ ਅੰਬੇਡਕਰ ਦਾ ਪਰਿਵਾਰ ਵੀ ਆਉਦਾ ਸੀ। ਉਸ ਸਮੇਂ ਦਲਿਤਾਂ ਨੂੰ ਬਹੁਤ ਹੀ ਜਿਆਦਾ ਨੀਚ ਸਮਝਿਆ ਜਾਂਦਾ ਸੀ, ਉਹਨਾਂ ਨੂੰ ਹਰ ਪਾਸਿਉ ਦਰਕਾਰਿਆ ਜਾਂਦਾ ਸੀ।ਏਥੋਂ ਤੱਕ ਕਿ ਦਲਿਤਾ ਨੂੰ ਇਸ ਧਰਤੀ ਤੇ ਕੋਈ ਵੀ ਕੰਮ ਕਰਨ ਦੀ ਇਜਾਜ਼ਤ ਨਹੀ ਹੁੰਦੀ ਸੀ। ਉਨਾਂ ਹਲਾਤਾ ਵਿਚ ਬਾਵਾ ਸਾਹਿਬ ਅੰਬੇਡਕਰ ਦਾ ਜਨਮ 14 ਅਪ੍ਰੈਲ ਸੰਨ 1891 ਨੂੰ ਸ੍ਰੀਮਤੀ ਭੀਮਾ ਬਾਈ ਦੀ ਕੁਖੋ ਮੱਧ ਪ੍ਰਦੇਸ ਦੇ ਇਕ ਛੋਟੇ ਜਿਹੇ ਪਿੰਡ ਮੰਹੂ ਵਿਚ ਹੋਇਆ। ਉਨਾਂ ਦੇ ਪਿਤਾ ਦਾ ਨਾਮ ਰਾਮ ਜੀ ਦਾਸ ਸੀ, ਜੋ ਕਿ ਸੰਨ 1894 ਵਿਚ ਸਰਕਾਰੀ ਨੌਕਰੀ 'ਤੋ ਰਿਟਾਇਰ ਹੋਏ ਸਨ।ਨੌਕਰੀ ਕਰਨ ਉਪਰੰਤ ਹੀ ਉਹਨਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਦੀ ਲਗਨ ਲੱਗੀ। ਬਾਵਾ ਸਾਹਿਬ ਨੇ ਅਜੇ ਪੂਰੀ ਤਰਾਂ ਤੁਰਨਾ ਵੀ ਨਹੀ ਸਿਖਿਆ ਸੀ, ਅਜੇ ਆਪਣੇ ਪਿੰਡ ਦੀਆਂ ਗਲੀਆਂ ਦਾ ਸਾਥ ਵੀ ਨਹੀ ਛੱਡਿਆ ਸੀ, ਬਾਵਾ ਸਾਹਿਬ ਅਜੇ ਮਸਾ ਹੀ ਚਾਰ ਪੰਜ ਸਾਲ ਦੇ ਹੀ ਸਨ,ਕਿ ਉਨਾਂ ਦੇ ਸਿਰ ਤੋ ਉਨਾਂ ਦੀ ਮਾਤਾ ਜੀ ਦਾ ਸਾਇਆ ਉਠ ਗਿਆ। ਬਾਵਾ ਸਾਹਿਬ ਨੂੰ ਆਪਣੀ ਮਾਤਾ ਜੀ ਦੇ ਸਵਰਗਵਾਸ ਹੋਣ ਦਾ ਬਹੁਤ ਦੁੱਖ ਹੋਇਆ। ਮਾਤਾ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਬਾਵਾ ਸਾਹਿਬ ਦਾ ਸੁਭਾਅ ਚਿੜਚਿੜਾ ਜਿਹਾ ਹੋ ਗਿਆ,ਸੁਭਾਅ ਚਿੜਚਿੜਾ ਹੋਣ ਨਾਲ ਉਹ ਥੋੜਾ ਗੁਸੇਖੋਰ ਤਾਂ ਜਰੂਰ ਹੋ ਗਏ, ਪਰ ਉਹਨਾਂ ਨੇ ਆਪਣੇ ਆਪ ਨੂੰ ਸਥਿਰ ਰੱਖਿਆ। ਛੋਟੀ ਜਾਤ (ਅਛੂਤ) ਹੋਣ ਕਰਕੇ ਉਨਾਂ ਨਾਲ ਸਕੂਲ ਵਿਚ ਸਾਰੇ ਵਿਦਿਆਰਥੀ ਘ੍ਰਿਣਾ ਕਰਦੇ ਅਤੇ ਉਹਨਾਂ ਤੋਂ ਦੂਰ ਹੀ ਬੈਠਦੇ ਸਨ,ਪਰ ਉਹ ਇਕਾਗਰ ਹੋ ਕੇ ਪੜ੍ਹਾਈ ਵਲ ਹੀ ਧਿਆਨ ਦਿੰਦੇ ਰਹਿੰਦੇ। ਉਨਾਂ ਨੂੰ ਸਕੂਲ ਵਿਚ ਸੱਭ ਤੋ ਵੱਖਰਾ ਬੈਠਾਇਆ ਜਾਂਦਾ।ਸੱਭ ਤੋਂ ਜਿਆਦਾ ਠੇਸ ਉਨਾਂ ਨੂੰ ਉਦੋ ਪਹੁੰਚੀ ਜਦੋ ਉਹ ਅੱਠਵੀ ਜਮਾਤ ਵਿਚ ਪੜਦਿਆ ਕਲਾਸ ਵਿਚ ਉਨਾਂ ਨੂੰ ਇਹ ਕਹਿ ਕੇ ਬੈਠਾ ਦਿਤਾ ਕਿ ਸੰਸਕ੍ਰਿਤ ਦੇਵ ਭਾਸ਼ਾ ਹੋਣ ਕਰਕੇ ਕੋਈ ਛੋਟੀ ਜਾਤ ਵਾਲਾ (ਅਛੂਤ) ਇਸ ਨੂੰ ਨਹੀ ਪੜ ਸਕਦਾ।ਬਾਵਾ ਸਾਹਿਬ ਬੈਠ ਤਾਂ ਗਏ ਪਰ ਉਹ ਆਪਣੇ ਆਪ ਨੂੰ ਵੀ ਕੁਝ ਕਹਿ ਨਹੀ ਸਕੇ। ਇਸ ਦੇ ਨਾਲ ਨਾਲ ਉਨਾਂ ਨਾਲ ਦੁਰ-ਵਿਵਹਾਰ ਬਹੁਤ ਜਿਆਦਾ ਕੀਤਾ ਜਾਦਾ ਸੀ। ਇਹਨਾਂ ਗੱਲਾਂ ਨੇ ਬਾਬਾ ਸਾਹਿਬ ਭੀਮ ਰਾਉ ਦੇ ਮਨ ਉਪਰ ਗਹਿਰਾ ਅਸਰ ਪਾਇਆ। ਉਹਨਾਂ ਨੇ ਛੂਆ-ਛਾਤ ਦਾ ਖਾਤਮਾ ਕਰਨ ਦੀ ਮਨ ਵਿਚ ਠਾਣ ਲਈ। ਅੱਜ ਦੁਨੀਆ ਦੇ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਤੁਹਾਨੂੰ ਮਿਲ ਜਾਣਗੀਆਂ ਕਿ ਗਰੀਬ ਘਰ ਵਿਚੋ ਕੋਈ ਇਸ ਮੰਜਿਲ ਤੇ ਪਹੁੰਚਿਆ ਹੋਵੇ, ਪਰ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਵਰਗੇ ਇਨਸਾਨ ਦੀ ਮਿਸਾਲ ਤੁਹਾਨੂੰ ਸੰਸਾਰ ਵਿਚ ਕਿਤੇ ਵੀ ਨਹੀ ਮਿਲੇਗੀ।

ਦੱਸਵੀ ਜਮਾਤ ਉਨਾਂ ਨੇ ਬਹੁਤ ਚੰਗੇ ਨੰਬਰ ਲੈ ਕੇ ਸੰਨ 1907 ਵਿਚ ਪਾਸ ਕਰ ਲਈ ਸੀ।ਇਸ ਤੋ ਬਾਅਦ ਆਪਣੇ ਘਰ ਵਿਚ ਸਲਾਹ ਮਸ਼ਵਰਾ ਕਰਕੇ ਬੰਬਈ ਵਿਖੇ ਐਲਫਿਨਸਟਨ ਕਾਲਜ ਵਿਚ ਦਾਖਲਾ ਲੈ ਲਿਆ। ਸੰਨ 1912 ਵਿਚ ਉਨਾਂ ਨੇ ਬੀ ਏ ਪਾਸ ਕਰ ਲਈ। ਰਾਜਿਆ ਦਾ ਰਾਜ ਹੋਣ ਕਰਕੇ, ਸੰਨ 1913 ਵਿਚ ਉਥੇ ਦੇ ਰਾਜੇ ਨੇ ਉਚ ਸਿਖਿਆ ਪ੍ਰਾਪਤ ਕਰਨ ਵਾਸਤੇ ਕੁਝ ਵਿਦਿਆਰਥੀਆ ਨੂੰ ਅਮਰੀਕਾ ਪੜਣ ਵਾਸਤੇ ਭੇਜਣ ਦਾ ਫੈਸਲਾ ਲਿਆ। ਜਦ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨਾਂ ਨੇ ਸਿੱਧੇ ਹੀ ਰਾਜੇ ਨਾਲ ਜਾ ਮੁਲਾਕਾਤ ਕੀਤੀ ਤੇ ਰਾਜੇ ਨੇ ਇਕਰਾਰਨਾਮੇ ਅਧੀਨ ਉਸ ਨੂੰ ਅਮਰੀਕਾ ਵਿਚ ਉਚ ਸਿੱਖਿਆ ਪ੍ਰਾਪਤ ਕਰਨ ਦੀ ਇਜਾਜਤ ਦੇ ਦਿਤੀ।ਅਮਰੀਕਾ ਵਿਚ ਉਨਾਂ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਦਾਖਲਾ ਲੈ ਕੇ ਪੜ੍ਹਾਈ ਸੁਰੂ ਕਰ ਦਿਤੀ। ਉਸ ਦੇਸ਼ ਵਿਚ ਛੂਤ-ਛਾਤ ਨਾਮ ਦੀ ਕੋਈ ਚੀਜ਼ ਨਹੀ ਸੀ, ਉਹਨਾਂ ਨੂੰ ਬਿਲਕੁਲ ਪਤਾ ਨਹੀ ਸੀ ਕਿ ਛੂਤ-ਛਾਤ ਕੀ ਹੁੰਦੀ ਹੈ। ਉਸੇ ਯੂਨੀਵਰਸਿਟੀ ਵਿਚ ਉਨਾਂ ਨੇ ਕਈ ਵਿਸ਼ਿਆਂ ਵਿਚ ਪੜਾਈ ਕੀਤੀ ਤੇ ਪੀ ਐਚ ਡੀ ਦੀ ਡਿਗਰੀ ਹਾਸਲ ਕੀਤੀ। 2 ਫਰਵਰੀ 1913 ਨੂੰ ਉਨਾਂ ਦੇ ਸਿਰ ਤੋ ਉਨਾਂ ਦੇ ਪਿਤਾ ਜੀ ਦਾ ਸਾਇਆ ਸਦਾ ਲਈ ਉਠ ਗਿਆ, ਬਾਵਾ ਸਾਹਿਬ ਅੰਬੇਡਕਰ ਜੀ ਨੂੰ ਅੰਦਰੋ ਅੰਦਰੀ ਬਹੁਤ ਮਹਿਸੂਸ ਹੋਇਆ,ਕਿਉਕਿ ਇਸ ਨਾਲ ਉਹਨਾਂ ਉਤੇ ਉਨਾਂ ਦੇ ਘਰ ਦੀ ਜਿਮੇਵਾਰੀ ਦਾ ਬੋਝ ਹੋਰ ਵੀ ਵੱਧ ਗਿਆ। ਪਰ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ ਇਸ ਨਾਲੋ ਵੱਧ ਚਿੰਤਾ ਸਮਾਜ ਦੀ ਸੀ,ਜੋ ਹਰ ਜਗ੍ਹਾ ਛੂਤ-ਛਾਤ ਦੀ ਲਾਹਨਤ ਦਾ ਸ਼ਿਕਾਰ ਹੋ ਰਿਹਾ ਸੀ। ਉਹ ਹੋਰ ਉਚੇਰੀ ਸਿਖਿਆ ਪ੍ਰਾਪਤ ਕਰਨ ਲਈ ਅਮਰੀਕਾ ਤੋਂ ਲੰਡਨ ਚਲੇ ਗਏ। ਇਸ ਸਮੇ ਉਨਾਂ ਦੇ ਵਜੀਫੇ ਦੀ ਮਿਆਦ ਖੱਤਮ ਹੋ ਚੁੱਕੀ ਸੀ। ਰਾਜੇ ਨਾਲ ਇਕਰਾਰਨਾਮੇ ਦੇ ਮੁਤਾਬਿਕ ਬੜੋਦਾ ਰਿਆਸਤ ਦੀ 10 ਸਾਲ ਸੇਵਾ ਕਰਨੀ ਸੀ, ਉਚੇਰੀ ਸਿਖਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਬੜੌਦਾ ਦੇ ਮਹਾਰਾਜੇ ਦੇ ਸਕੱਤਰ ਨਿਯੁੱਕਤ ਬਣੇ ਅਤੇ ਕੁਝ ਸਮ੍ਹਾਂ ਉਨਾਂ ਨੇ ਇਕਨਾਮਿਕਸ ਦੇ ਪ੍ਰੋਫੈਸਰ ਵਜੋਂ ਉਥੇ ਸੇਵਾ ਨਿਭਾਈ, ਉਥੇ ਉਨਾਂ ਨੂੰ 25 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਦੀ ਸੀ। ਹਰ ਜਗਾ ਉਨਾਂ ਨੂੰ ਅਛੂਤ ਸਮਝਿਆ ਜਾਣ ਲੱਗਿਆ। ਉਨਾਂ ਨੂੰ ਪੈਰ ਪੈਰ ਤੇ ਛੂਆ-ਛਾਤ ਦਾ ਸ਼ਿਕਾਰ ਹੋਣਾ ਪਿਆ। ਪ੍ਰਾਇਮਰੀ ਤੋਂ ਲੈ ਕੇ ਉਚ ਵਿਦਿਆ ਹਾਸਲ ਕਰਨ ਤਕ ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਛੂਆ-ਛਾਤ, ਭੇਦ ਭਾਵ, ਤਸੀਹੇ, ਨਫਰਤ, ਮਾੜੇ ਵਿਵਹਾਰ ਨੂੰ ਆਪਣੇ ਸਰੀਰ ਤੇ ਝੱਲਿਆ, ਪਰ ਸਿਦਕ ਨਹੀ ਹਾਰਿਆ, ਅੱਗੇ ਤੋਂ ਅੱਗੇ ਵੱਧਦੇ ਗਏ, ਪਿੱਛੇ ਮੁੜ ਕੇ ਨਹੀ ਦੇਖਿਆ।ਇਸ ਦਾ ਨਤੀਜਾ ਹੀ ਹੈ ਕਿ ਉਹ ਅੱਜ ਕਰੋੜਾ ਲੋਕਾਂ ਦੇ ਪ੍ਰੇਰਨਾ-ਸਰੋਤ ਬਣੇ। ਉਚੀਆਂ ਜਾਤਾਂ ਵਾਲਿਆਂ ਵਲੋਂ ਛੋਟੀਆਂ ਜਾਤਾ ਵਾਲਿਆ ਨੂੰ ਲਤਾੜਣਾ, ਜਾਤ-ਪਾਤ ਦੀ ਨਾ ਬਰਾਬਰੀ ਨੇ ਹੀ ਉਨਾਂ ਨੂੰ ਖੁੱਲ ਕੇ ਨਿਤਰਨ ਲਈ ਪ੍ਰੇਰਿਆ, ਉਨਾਂ ਨੇ ਦੇਸ਼ ਦੀ ਅਜਾਦੀ, ਪੱਛੜੇ ਵਰਗਾ ਦੀ ਭਲਾਈ ਅਤੇ ਆਰਥਿਕ ਖੁਸ਼ਹਾਲੀ ਲਈ ਸੰਗਠਨ ਬਣਾ ਕੇ ਦੇਸ਼ ਦੀ ਸੇਵਾ ਲਈ ਕਾਰਜ ਅਰੰਭੇ। ਉਨਾਂ ਨੇ ਅਜਾਦ ਭਾਰਤ ਦੇ ਲੋਕਾਂ ਦੇ ਹੱਥ ਵਿਚ ਸ਼ਾਸ਼ਨ ਦੀ ਵਾਗਡੋਰ ਦੇ ਕੇ ਸਭ ਨੂੰ ਬਰਾਬਰੀ ਤੇ ਸਮਾਨਤਾ ਦਾ ਦਰਜਾ ਹੀ ਨਹੀ ਦਿਤਾ, ਸਗੋਂ ਆਪਸ ਵਿਚ ਰਲ-ਮਿਲ ਕੇ ਰਹਿਣ ਲਈ ਆਪਣੇ ਭਾਈਚਾਰੇ ਨੂੰ ਸੰਦੇਸ਼ ਦਿਤਾ। ਉਨਾਂ ਦਾ ਇਕੋ ਇਕ ਹੀ ਮਿਸ਼ਨ ਸੀ ਕਿ ਲੋਕਾਂ ਨੂੰ ਪੁਰਾਣੇ ਰੂੜੀਵਾਦੀ ਵਿਚਾਰਾਂ ਤੋਂ ਨਿਜਾਤ ਦੁਆ ਕੇ ਬੁਧੀਵਾਦ ਤੇ ਨੈਤਿਕਤਾ ਦੇ ਰਾਹ ਤੋਂ ਜਾਣੂ ਕਰਵਾਉਣਾ।

ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਸੰਨ 1927 ਵਿਚ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਸਰਵ ਸੰਪਤੀ ਨਾਲ ਮੈਂਬਰ ਚੁਣੇ ਗਏ।ਪਰ ਛੂਆ-ਛਾਤ ਦਾ ਮਨਹੂਸ ਸਾਇਆ ਉਥੇ ਵੀ ਉਨਾਂ ਦੇ ਨਾਲ ਨਾਲ ਹੀ ਰਿਹਾ, ਏਥੇ ਵੀ ਉਨਾਂ ਨੂੰ ਛੂਤ-ਛਾਤ ਦਾ ਬਹੁਤ ਸਾਹਮਣਾ ਕਰਨਾ ਪਿਆ।ਪਰ ਉਹਨਾਂ ਨੇ ਛੂਆ-ਛਾਤ ਦੀ ਨਾ ਪਰਵਾਹ ਕਰਦੇ ਹੋਏ ਬਹੁਤ ਸਾਰੀਆ ਕਿਤਾਬਾਂ ਲਿਖੀਆ ਜਿੰਨਾਂ ਕਿਤਾਬਾ ਵਿਚ ਉਹਨਾਂ ਨੇ ਖੁੱਲ ਕੇ ਛੂਆ-ਛਾਤ ਵਾਰੇ ਆਪਣੇ ਵਿਚਾਰ ਪ੍ਰਗਟ ਕੀਤੇ, ਜਗ੍ਹਾ ਜਗ੍ਹਾ ਉਹਨਾਂ ਦਾ ਖੁਲ ਕੇ ਵਿਰੋਧ ਵੀ ਹੋਇਆ, ਉਨਾਂ ਕਿਤਾਬਾ ਦਾ ਖੁਲਾਸਾ ਸੰਨ 1931 ਨੂੰ ਲੰਡਨ ਵਿਚ ਹੋਈ ਗੋਲਮੇਜ ਕਾਨਫਰੰਸ ਵਿਚ ਖੁੱਲ ਕੇ ਸਾਹਮਣੇ ਆਇਆ।ਇਸ ਕਾਨਫਰੰਸ ਦੇ ਅੰਦਰ ਵੀ ਉਹ ਨਿਧੜਕ ਹੋ ਕੇ ਡਟੇ ਰਹੇ,ਸਗੋਂ ਉਸ ਕਾਨਫਰੰਸ ਦੇ ਅੰਦਰ ਵੀ ਉਨਾਂ ਨੇ ਗਰਜ ਕੇ ਕਿਹਾ ਕਿ "ਅੰਗ੍ਰੇਜ਼ੋ ਤੁਸੀ ਪਹਿਲਾਂ ਭਾਰਤ ਛੱਡੋ"।ਇਸ ਕਿਤਾਬ ਦਾ ਅੰਗਰੇਜਾਂ ਵਲੋਂ ਵੀ ਬਹੁਤ ਵਿਰੋਧ ਜਿਤਾਇਆ ਗਿਆ,ਹਰ ਪਾਸਿਆ ਤੋ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਅਡੋਲ ਸਨ ਇਕ ਮੀਲ ਪੱਥਰ ਵਾਂਗ ਖੜੇ ਰਹੇ। ਭੋਰਾ-ਭਰ ਵੀ ਉਹਨੇ ਦੇ ਚਿਹਰੇ ਤੇ ਸ਼ਿਕਨ ਨਹੀ ਦੇਖੀ ਗਈ, ਭਾਂਵੇ ਉਹਨਾਂ ਦੇ ਨਾਲ ਉਸ ਸਮੇਂ ਕੋਈ ਵੀ ਸਾਥੀ ਨਹੀ ਸੀ, ਉਨਾਂ ਨੇ ਆਪਣਾ ਹੌਸਲਾ ਨਹੀ ਛੱਡਿਆ।ਏਸੇ ਦਾ ਹੀ ਨਤੀਜਾ ਸੀ ਕਿ ਉਹ 15 ਅਗਸਤ 1947 ਵਿਚ ਜਦੋਂ ਭਾਰਤ ਅਜਾਦ ਹੋਇਆ, ਭਾਰਤ ਦੇਸ਼ ਅੰਦਰ ਪਹਿਲੀ ਸਰਕਾਰ ਬਣੀ ਤਾਂ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ ਭਾਰਤ ਦੀ ਪਹਿਲੀ ਲੋਕ ਸਭਾ ਵਿਚ ਪਹਿਲੇ ਕੰਨੂੰਨ ਮੰਤਰੀ ਬਣਾਇਆ ਗਿਆ। ਸਰਕਾਰ ਵਿਚ ਕਨੂੰਨ ਮੰਤਰੀ ਹੁੰਦੇ ਹੋਏ ਆਪਣੀ ਸੂਝ-ਬੂਝ ਦੇ ਨਾਲ ਉਨਾਂ ਨੇ ਇਕ ਸਮੁੱਚਾ ਸਵਿਧਾਨ ਤਿਆਰ ਕੀਤਾ ਅਤੇ ਉਸ ਸਮੁੱਚੇ ਸਵਿਧਾਨ ਨੂੰ ਲਾਗੂ ਵੀ ਕਰਵਾਇਆ।

ਸੰਨ 1928 ਵਿਚ ਸਾਈਮਨ ਕਮਿਸ਼ਨ ਬਣਾਇਆ ਗਿਆ,ਸਾਈਮਨ ਕਮਿਸ਼ਨ ਵਿਚ ਭਾਰਤ ਵਲੋ ਕੋਈ ਵੀ ਮੈਂਬਰ ਨਹੀ ਲਿਆ ਗਿਆ, ਸਰਕਾਰ ਨੇ ਏਨਾ ਜਰੂਰ ਕਰ ਦਿਤਾ ਸੀ ਕਿ ਭਾਰਤ ਦੇਸ਼ ਦੀਆਂ ਮੰਗਾਂ ਨੂੰ ਵਿਚਾਰਨ ਲਈ ਭਾਰਤ ਵਿਚ ਹੀ ਇਕ ਕਮੇਟੀ ਬਣਾ ਦਿਤੀ ਗਈ। ਜਿਸ ਵਿਚ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ ਮੈਂਬਰ ਬਣਾਇਆ ਗਿਆ। ਕਮੇਟੀ ਨੇ ਆਪਣਾ ਕੰਮ ਕਰਨਾ ਸੁਰੂ ਕਰ ਦਿਤਾ, ਮੀਟਿੰਗਾਂ ਦਾ ਸਿਲਸਿਲਾ ਸੁਰੂ ਹੋ ਚੁਕਿਆ ਸੀ। ਜਦੋ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਭਾਰਤ ਵਿਚ ਉਸ ਦਾ ਬਹੁਤ ਸਖਤ ਵਿਰੋਧ ਹੋਇਆ। ਭਾਰਤ ਵਿਚ ਥਾਂ ਥਾਂ ਧਰਨੇ ਮੁਜਾਹਰੇ ਹੋਣੇ ਸੁਰੂ ਹੋ ਗਏ। ਭਾਰਤ ਵਿਚ ਬਹੁਤ ਹਲ-ਚਲ ਮੱਚ ਗਈ ਦੁਜੀਆ ਜਾਤਾਂ ਵਾਲਿਆ ਨੇ ਸਾਈਮਨ ਕਮਿਸ਼ਨ ਦਾ ਡਟ ਕੇ ਵਿਰੋਧ ਕਰਦੇ ਹੋਏ 'ਸਾਈਮਨ ਕਮਿਸ਼ਨ ਵਾਪਸ ਜਾਉ' ਦੇ ਨਾਅਰੇ ਵੀ ਲਾਏ।

ਭਾਰੀ ਵਿਰੋਧ ਹੋਣ ਦੇ ਬਾਵਜੂਦ ਵੀ ਸਾਈਮਨ ਕਮਿਸ਼ਨ ਆਪਣਾ ਕੰਮ ਕਰਦਾ ਰਿਹਾ ਅਤੇ ਉਹਨੇ ਬਹੁਤ ਜਲਦੀ ਆਪਣਾ ਕੰਮ ਪੂਰਾ ਕਰ ਲਿਆ। ਸਾਈਮਨ ਕਮਿਸ਼ਨ ਦਾ ਕੰਮ ਨੇਪਰੇ ਚਾੜਣ ਤੋ ਬਾਅਦ ਉਤਰ ਪ੍ਰਦੇਸ ਦੇ ਲਖਨਊ ਸ਼ਹਿਰ ਅੰਦਰ ਹਿੰਦੂ ਮਹਾਸਭਾ ਦੀ ਇਕ ਬਹੁਤ ਵੱਡੀ ਆਮ ਮੀਟਿੰਗ ਹੋਈ ਜਿਸ ਵਿਚ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਸਪੈਸ਼ਲ ਤੌਰ ਤੇ ਸ਼ਾਮਿਲ ਹੋਏ, ਜਿਸ ਵਿਚ 'ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਦੀ ਜੈ ਹੋ, ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਦੀ ਜੈ ਹੋ' ਦੇ ਨਾਅਰਿਆ ਨਾਲ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ। 17 ਅਗਸਤ 1932 ਨੂੰ ਅੰਗਰੇਜ ਸਰਕਾਰ ਵਲੋਂ'ਕਮਿਊਨਲ ਅਵਾਰਡ'ਦੀ ਘੋਸ਼ਣਾ ਕੀਤੀ ਗਈ, ਜਿਸ ਵਿਚ ਛੋਟੀਆਂ ਜਾਤਾਂ (ਅਛੂਤਾਂ) ਲਈ ਕੁਝ ਸਹੂਲਤਾਂ ਅਤੇ ਉਨਾਂ ਦੀ ਜੰਨਸੰਖਿਆਂ ਦੇ ਅਧਾਰ ਤੇ ਵਿਧਾਨ ਸਭਾਵਾਂ ਵਿਚ ਕੁਝ ਸੀਟਾਂ ਰਾਖਵੀਆਂ ਕਰ ਦਿਤੀਆਂ। ਇਸ ਤੋ ਇਲਾਵਾ ਆਮ ਸੀਟਾਂ ਤੇ ਖੜੇ ਉਮੀਦਵਾਰਾਂ ਦੀ ਚੋਣ ਲਈ ਵੀ ਛੋਟੀਆਂ ਜਾਤਾਂ (ਅਛੂਤਾਂ) ਨੂੰ ਵੋਟ ਦੇਣ ਦਾ ਅਧਿਕਾਰ ਦਿਤਾ ਗਿਆ। ਇਹ ਵੀ ਛੋਟੀਆਂ ਜਾਤਾਂ (ਅਛੂਤਾਂ) ਲਈ ਇਕ ਬਹੁਤ ਵੱਡੀ ਉਪਲੱਬਧੀ ਸੀ।

ਛੋਟੀਆਂ ਜਾਤਾਂ (ਅਛੂਤ) ਵੀ ਥੋੜੇ ਥੋੜੇ ਇਕੱਠੇ ਹੋ ਕੇ ਬਾਵਾ ਸਾਹਿਬ ਅੰਬੇਡਕਰ ਦੀ ਜੈ ਜੈ ਕਾਰ ਕਰਨ ਲੱਗੇ। ਗਾਂਧੀ ਜੀ ਨੇ ਛੋਟੀਆਂ ਜਾਤਾਂ (ਅਛੂਤਾਂ) ਨੂੰ ਮਿਲੇ ਅਧਿਕਾਰਾਂ ਦੀ ਮੁਖਾਲਫਤ ਕੀਤੀ। ਉਹ ਚਾਹੁੰਦੇ ਨਹੀ ਸੀ ਕਿ ਛੋਟੀਆਂ ਜਾਤਾਂ (ਅਛੂਤਾਂ) ਨੂੰ ਕੋਈ ਵੀ ਅਧਿਕਾਰ ਮਿਲੇ। ਅਖਿਰ ਵਿਚ ਗਾਂਧੀ ਜੀ ਵਲੋ 20-09-1932 ਨੂੰ ਪੂਨਾ ਦੀ ਯਰਵਦਾ ਜੇਲ ਵਿਚ ਮਰਨ ਵਰਤ ਰੱਖਿਆ ਗਿਆ।

ਗਾਂਧੀ ਪਰਿਵਾਰ ਨੇ ਬਹੁਤ ਹੱਥ ਪੈਰ ਮਾਰੇ ਕਿ ਗਾਂਧੀ ਜੀ ਦਾ ਮਰਨ ਵਰਤ ਖਤਮ ਕਰਾਇਆ ਜਾਏ, ਪਰ ਉਹਨਾਂ ਦੀ ਕਿਤੇ ਵੀ ਸੁਣਵਾਈ ਨਹੀ ਹੋਈ, ਅੰਗਰੇਜ਼ ਸਰਕਾਰ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਬਾਵਾ ਸਾਹਿਬ ਅੰਬੇਡਕਰ ਨੂੰ ਮਨ੍ਹਾ ਲਵੋ ਸਾਨੂੰ ਕੋਈ ਇਤਰਾਜ਼ ਨਹੀ ਹੈ, ਬਾਵਾ ਸਾਹਿਬ ਅੰਬੇਡਕਰ ਪਹਿਲਾਂ ਤਾਂ ਬਹੁਤ ਦੇਰ ਤੱਕ ਅੜੇ ਰਹੇ। ਆਖਿਰ ਦੇਵੀ ਦਾਸ ਗਾਂਧੀ ਰੋਂਦੇ ਹੋਏ ਬਾਵਾ ਸਾਹਿਬ ਅੰਬੇਡਕਰ ਦੇ ਸਾਹਮਣੇ ਪੇਸ਼ ਹੋਏ ਅਤੇ ਨਾਲ ਹੀ ਸ੍ਰੀਮਤੀ ਕਸਤੂਰਬਾ ਗਾਂਧੀ ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਦੇ ਅੱਗੇ ਆਪਣੀ ਝੋਲੀ ਅੱਡ ਕੇ ਆਪਣੇ ਪਤੀ ਦੀ ਜਾਨ ਦੀ ਭੀਖ ਮੰਗਣ ਲੱਗੀ ਚਾਰੇ ਪਾਸਿਆਂ ਤੋਂ ਬਾਵਾ ਸਾਹਿਬ ਉਪਰ ਦਬਾ ਬਣਾਇਆ ਜਾਣ ਲੱਗਾ, ਬਹੁਤ ਸਾਰੀਆਂ ਉਚੀਆਂ ਜਾਤਾਂ ਵਾਲੇ ਬਾਵਾ ਸਾਹਿਬ ਅੰਬੇਡਕਰ ਉਤੇ ਦਬਾ ਬਣਾਉਣ ਲੱਗੇ, ਬਾਵਾ ਸਾਹਿਬ ਅੰਬੇਡਕਰ ਇਸ ਫੈਸਲੇ ਲਈ ਸੋਚਣ 'ਤੇ ਮਜ਼ਬੂਰ ਹੋ ਗਏ, ਬਾਵਾ ਸਾਹਿਬ ਦੇ ਦਿਮਾਗ ਵਿਚ ਉਸ ਸਮ੍ਹੇ ਪਤਾ ਨਹੀ ਕੀ ਆਇਆ,ਉਸ ਸਮ੍ਹੇ ਉਹਨਾਂ ਦੀ ਕੀ ਮਜਬੂਰੀ ਰਹੀ ਹੋਵੇਗੀ। ਪਰ ਕੁਝ ਦੇਰ ਬਾਅਦ ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਇਸ ਫੈਸਲੇ ਅੱਗੇ ਝੁਕ ਗਏ।ਆਖਿਰ ਗਾਂਧੀ ਜੀ ਨਾਲ ਸਮਝੋਤਾ ਕਰਨਾ ਪਿਆ।ਇਹ ਸਮਝੋਤਾ 24 ਸਤੰਬਰ 1932 ਨੂੰ ਰਾਤ ਦੇ ਨੌ ਵਜੇ ਕੀਤਾ ਗਿਆ ਜਿਸ ਨੂੰ ਪੂਨਾ ਪੈਕਟ ਦਾ ਨਾਮ ਦਿੱਤਾ ਗਿਆ।

ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਇਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੂੰ 29 ਅਗਸਤ ਨੂੰ ਸੱਤ ਮੈਂਬਰੀ ਕਮੇਟੀ ਦਾ ਪ੍ਰਧਾਨ ਐਲਾਨਿਆ ਗਿਆ, ਉਹਨਾਂ ਨੂੰ ਪ੍ਰਧਾਨ ਉਹਨਾਂ ਦੀ ਕਾਬਲੀਅਤ ਦੇ ਮੁਤਾਬਿਕ ਹੀ ਬਣਾਇਆ ਗਿਆ ਸੀ, ਕਿਉਕਿ ਉਹ ਇਕ ਨਵੇ ਯੁੱਗ ਦੇ ਮਹਾਨ ਵਿਦਵਾਨ, ਸਿਆਸਤਦਾਨ ਅਤੇ ਉਚ ਕੋਟੀ ਦੇ ਕਨੂੰਨਦਾਰ ਵੀ ਸਨ। ਡਾ, ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੇ ਆਪਣੇ ਕਮੇਟੀ ਮੈਂਬਰਾਂ ਨੂੰ ਨਾਲ ਲੈ ਕੇ ਬਹੁਤ ਮਿਹਨਤ ਕੀਤੀ ਅਤੇ ਉਹਨਾਂ ਦੀ ਕਮੇਟੀ ਵਲੋਂ ਕਈ ਮਹੀਨਿਆ ਦੀ ਮਿਹਨਤ ਕਰਨ ਤੋ ਬਾਅਦ 21 ਫਰਵਰੀ 1948 ਨੂੰ ਸੰਵਿਧਾਨ ਸਭਾ ਦੇ ਸਾਹਮਣੇ ਨਵੇ ਬਣਾਏ ਗਏ ਸਵਿਧਾਨ ਦੀ ਰਿਪੋਰਟ ਪੇਸ਼ ਕੀਤੀ ਗਈ। ਰਿਪੋਰਟ ਦਾ ਕੁਝ ਕੁ ਨੂੰ ਛੱਡ ਤਕਰੀਬਨ ਸਾਰਿਆਂ ਵਲੋਂ ਸਵਾਗਤ ਭਰੀ ਹਾਂ ਵਿਚ ਹੁੰਗਾਰਾ ਭਰਿਆ ਗਿਆ।

ਉਸ ਤੋਂ ਬਾਅਦ ਇਸ ਵਿਸ਼ੇ ਨੂੰ ਲੈ ਕੇ ਸੰਵਿਧਾਨ ਸਭਾ ਵਿਚ ਚਾਰ ਨਵੰਬਰ ਨੂੰ ਬਹਿਸ ਸ਼ੁਰੂ ਹੋਈ,ਇਸ ਸੰਵਿਧਾਨ ਸਭਾ ਦੀਆਂ ਕੁਲ 11 ਮੀਟਿੰਗਾਂ ਹੋਈਆ, ਇਹਨਾਂ ਮੀਟਿੰਗਾਂ ਦੌਰਾਨ ਬਹੁਤ ਸਾਰੇ ਮੈਂਬਰਾਂ ਨੇ ਸੁਝਾਅ ਦਿਤੇ ਪਰ ਉਨਾਂ ਵਿਚੋਂ ਕੁੱਝ ਸੁਝਾਅ ਤਾਂ ਪ੍ਰਵਾਨ ਕੀਤੇ ਗਏ ਅਤੇ ਕੁਝ ਸੁਝਾਅ ਨਹੀ ਵੀ ਪ੍ਰਵਾਨ ਕੀਤੇ ਗਏ।ਇਹ ਸੰਵਿਧਾਨ ਜਨਵਰੀ ਮਹੀਨੇ ਵਿਚ ਸਾਰੇ ਪਾਸਿਆ ਤੋ ਪਾਸ ਕਰਵਾ ਕੇ 26 ਜਨਵਰੀ ਨੂੰ ਸਮੁੱਚੇ ਦੇਸ਼ ਅੰਦਰ ਲਾਗੂ ਕੀਤਾ ਗਿਆ। ਇਸ ਦੇਸ਼ ਦੇ ਸਮੁੱਚੇ ਸੰਵਿਧਾਨ ਵਿਚ ਕੁੱਲ 305 ਧਰਾਵਾਂ ਸ਼ਾਮਿਲ ਸਨ। ਡਾ, ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਆਪਣੇ ਦੇਸ਼ ਦੇ ਲੋਕਾਂ ਬਾਰੇ ਬਿਲਕੁਲ ਸਾਫ ਨੀਅਤ ਰੱਖਦੇ ਸਨ,ਆਪਣੇ ਦੇਸ਼ ਦੀ ਤਰੱਕੀ ਚਾਹੁੰਦੇ ਸਨ, ਆਪਣੇ ਦੇਸ਼ ਨੂੰ ਅੱਗੇ ਵਧਣਾ ਦੇਖਣਾ ਚਾਹੁੰਦੇ ਸਨ।

ਇਹ ਅਧਿਕਾਰ ਕੋਈ ਭੀਖ ਵਿਚ ਨਹੀ ਮਿਲਦੇ,ਅਤੇ ਨਾ ਹੀ ਮਿੰਨਤਾਂ ਤਰਲੇ, ਅਰਜੋਈਆਂ ਕਰਕੇ ਝੋਲੀ ਵਿਚ ਪਾਏ ਜਾਂਦੇ ਹਨ। ਡਾ, ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਨੂੰ ਹਜ਼ਾਰਾਂ ਹੀ ਧਮਕੀਆਂ ਮਿਲ ਰਹੀਆਂ ਸਨ,ਚਾਰੇ ਪਾਸੇ ਖਤਰਾ ਹੀ ਖਤਰਾ ਹੋਣ ਦੇ ਬਾਵਜੂਦ ਵੀ ਉਹ ਆਪਣੀ ਮੰਜ਼ਲ ਵਲ ਵਧਦੇ ਗਏ। ਅੱਜ ਦਲਿਤ ਸਮਾਜ ਲਈ ਡਾ, ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਇਕ ਮਸੀਹਾ ਬਣ ਕੇ ਇਕ ਧਰੂਹ ਤਾਰੇ ਵਾਂਗ ਚਮਕ ਰਹੇ ਹਨ।

ਸੰਨ 1935 ਵਿਚ ਬਾਵਾ ਸਾਹਿਬ ਨੇ ਸਰਕਾਰੀ ਲਾਅ ਕਾਲਜ ਦੇ ਪ੍ਰਿਸੀਪਲ ਵਲੋਂ ਅਹੁਦਾ ਸੰਭਾਲਿਆ। ਦੋ ਸਾਲ ਤੱਕ ਉਹਨਾਂ ਨੇ ਪ੍ਰਿਸੀਪਲ ਦੇ ਅਹੁਦੇ ਤੇ ਕੰਮ ਕੀਤਾ। ਦਲਿਤਾਂ ਨੂੰ ਅੱਜ ਸਹੂਲਤਾ ਮਿਲ ਰਹੀਆਂ ਹਨ ਤਾਂ ਉਹ ਸਿਰਫ ਬਾਵਾ ਸਾਹਿਬ ਅੰਬੇਡਕਰ ਦੀ ਬਦੌਲਤ ਹੀ ਮਿਲ ਰਹੀਆਂ ਹਨ। ਇਹ ਉਹਨਾਂ ਦੀ ਮਿਹਨਤ ਅਤੇ ਲਗਨ ਦਾ ਹੀ ਨਤੀਜਾ ਹੈ।ਅੱਜ ਦਲਿਤ ਕੌਮ ਦੇ ਲੋਕ ਪਿੰਡ ਦੇ ਪੰਚ ਤੋਂ ਲੈ ਕੇ ਰਾਸ਼ਟਰਪਤੀ ਦੀ ਕੁਰਸੀ ਤਕ ਪਹੁੰਚੇ ਹੋਏ ਹਨ।

ਅੱਜ ਔਰਤ ਜਾਤੀ ਨੂੰ ਵੀ ਜੋ ਬਰਾਬਰੀ ਦੇ ਹੱਕ ਮਿਲ ਰਹੇ ਹਨ ਤਾਂ ਉਹ ਵੀ ਬਾਵਾ ਸਾਹਿਬ ਦੀ ਹੀ ਦੇਣ ਹੈ।ਡਾ,ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਨਾਲ ਵਿਤਕਰਾ, ਮਾੜਾ ਵਿਵਹਾਰ ਬੰਦ ਨਾ ਹੋਇਆ। ਬਾਵਾ ਸਾਹਿਬ ਅੰਬੇਡਕਰ ਜਿਥੇ ਵੀ ਜਾਂਦੇ ਆਉਂਦੇ ਰਹੇ, ਕਿਸੇ ਵੀ ਕੁਰਸੀ ਤੇ ਬੈਠੇ, ਛੂਤ-ਛਾਤ ਪਿਛੇ ਪਿਛੇ, ਉਹਨਾਂ ਨੂੰ ਵਿਤਕਰਾ ਮਾੜਾ ਵਿਵਹਾਰ ਦਾ ਸਾਹਮਣਾ ਕਰਨਾ ਹੀ ਪੈਂਦਾ ਸੀ।

ਇਹ ਸੱਭ ਕੁੱਝ ਨਾ ਸਹਾਰਦੇ ਹੋਏ ਡਾ,ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਨੇ ਸੰਨ 1951 ਵਿਚ ਮੰਤਰੀ ਮੰਡਲ ਤੋਂ ਤਿਆਗ ਪੱਤਰ ਦੇ ਦਿਤਾ।ਪਰ ਉਹ ਆਪਣੀ ਕਾਬਲੀਅਤ ਦੇ ਅਨੁਸਾਰ 1952 ਵਿਚ ਮੁੜ ਰਾਜ ਸਭਾ ਦੇ ਮੈਂਬਰ ਚੁਣੇ ਗਏ। ਅਖੀਰਲੇ ਸਾਲਾਂ ਵਿਚ ਡਾ, ਬਾਵਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ। 14 ਅਕਤੂਬਰ 1956 ਵਿਚ ਉਨਾਂ ਨੇ ਬੁੱਧ ਵਿਹਾਰ ਦੀ ਸਥਾਪਨਾ ਵੀ ਕੀਤੀ ।

ਇਸ ਕਰਕੇ ਹੀ 14 ਅਕਤੂਬਰ ਵਾਲੇ ਦਿਨ ਦੇਸ ਭਰ ਵਿਚ ਬੁੱਧ ਧਰਮ ਵਿਚ ਵਿਸ਼ੇਸ਼ ਜੱਗ ਕਰਾਏ ਜਾਂਦੇ ਹਨ।ਡਾਇਬਟੀਜ਼ ਦੇ ਮਰੀਜ਼ ਹੋਣ ਕਰਕੇ ਉਹ ਦਿਲੀ ਆ ਕੇ ਰਹਿਣ ਲੱਗ ਪਏ ਸਨ।

ਭਾਰਤ ਦਾ ਮਹਾਨ ਕ੍ਰਾਂਤੀਕਾਰੀ, ਦੇਸ਼ ਦਾ ਮਸੀਹਾ, ਪੱਛੜੀਆ ਸ੍ਰੈਣੀਆ ਦਾ ਮਸੀਹਾ, ਭਾਰਤ ਮਾਤਾ ਦਾ ਇਹ ਮਹਾਨ ਸਪੂਤ 6 ਦਸੰਬਰ 1956 ਨੂੰ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਅਤੇ ਬਹੁਤ ਵੱਡਾ ਕਾਫਲਾ ਆਪਣੇ ਪੈਰੋਕਾਰਾਂ ਲਈ ਪਿੱਛੇ ਛੱਡ ਗਏ।

ਅਫਸੋਸ ਹੈ ਕਿ ਅੱਜ ਦੇ ਦਿਨ ਦਾ ਪ੍ਰੋਗ੍ਰਾਮ ਕੁੱਝ ਲੋਕਾਂ ਤੱਕ ਹੀ ਸੀਮਿਤ ਬਣ ਕੇ ਰਹਿ ਗਿਆ ਹੈ।ਅੱਜ ਉਨਾਂ ਵਲੋ ਲਿਖੇ,ਉਹਨਾਂ ਵਲੋਂ ਬੋਲੇ ਗਏ ਬੋਲ ਯਾਦ ਆਉਂਦੇ ਹਨ। ਉਨਾਂ ਨੇ ਬੜੇ ਹੀ ਸਾਫ ਸ਼ਬਦਾ ਵਿਚ ਕਿਹਾ ਸੀ ਕਿ "ਮੈਂ ਇਸ ਕਾਫਲੇ ਨੂੰ ਵੱਡਾ ਕਰਨ ਲਈ ਬਹੁਤ ਮਿਹਨਤ ਕੀਤੀ ਹੈ,ਬਹੁਤ ਸਾਰੀਆਂ ਤਕਲੀਫਾਂ ਝੱਲੀਆਂ ਹਨ,ਬਹੁਤ ਸਾਰੇ ਤਸੀਹੇ ਝੱਲੇ ਹਨ,ਇਹ ਕਾਫਲਾ ਐਵੇ ਨਹੀ ਵੱਡਾ ਹੁੰਦਾ ਗਿਆ।ਇਹ ਮੇਰੇ ਦੇਸ਼ ਦੇ ਲੋਕੋ ਜੇਕਰ ਤੁਸੀ ਏਨੇ ਵੱਡੇ ਕਾਫਲੇ ਨੂੰ ਅੱਗੇ ਨਾ ਲਿਜਾ ਸਕੇ ਤਾਂ ਇਸ ਨੂੰ ਪਿੱਛੇ ਵੀ ਨਾ ਜਾਣ ਦਿਉ"।

# ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਨਿਊਆਰਕ- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਪਾਵਨ ਮੌਕੇ ਤੇ ਬਹੁਤ ਸਾਰੇ ਆਗੂਆਂ ਨੇ ਸ਼ਮੂਲੀਅਤ ਕੀਤੀ ਅਤੇ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਇਕੱਤਰ ਹੋਈ ਸੰਗਤ ਨੂੰ ਭਾਈ ਬਲਦੇਵ ਸਿੰਘ ਦੇ ਰਾਗੀ ਜਥੇ ਨੇ ਸ਼ਬਦ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਸੁਖਦੇਵ ਸਾਹਿਲ, ਜੀਤ ਰਾਮ, ਭਾਈ ਹਰਬਿਲਾਸ ਸਿੰਘ, ਬੀਬੀ ਕਮਲਜੀਤ ਕੌਰ ਅਤੇ ਕਥਾ ਵਾਚਕ ਹਰਸਿਮਰਤ ਕੌਰ ਨੇ ਵੀ ਹਾਜ਼ਰੀ ਲਵਾਈ।


ਭਾਈਚਾਰੇ ਦੇ ਆਗੂ ਦੇਬੋ ਬੈਂਸ ਚੇਅਰਪਰਸਨ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਸਤੀਸ਼ ਰੱਲ੍ਹ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਦੇਸ਼ ਰਾਜ ਬੰਗੜ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਰਜਿੰਦਰ ਸਿੰਘ ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ ਤੇ ਗੁਰਬਚਨ ਸਿੰਘ ਜੱਖੂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਫਰੀਮਾਂਟ ਦੇ ਮੇਅਰ ਬਿਲ ਹੈਰੀਸਨ, ਕੌਂਸਲ ਮੈਂਬਰ ਰਾਜ ਸਲਵਾਨ, ਟਰੇਸਾ ਕੌਸਿਸ (ਸਟੇਟ ਅਸੈਂਬਲੀ), ਜੌਹਨ ਅਰਨੇਟ (ਪ੍ਰਧਾਨ ਬਾਰਟ ਚੈਪਟਰ 1021), ਕ੍ਰਿਸ ਫਿਨ (ਪ੍ਰਧਾਨ ਬਾਰਟ ਚੈਪਟਰ ਏ ਟੀ ਯੂ 1035 ਅਤੇ ਬੌਬ ਵਿਕੋਸੋਕੀ (ਸਟੇਟ ਸੈਨੇਟਰ) ਨੇ ਵੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਉਹਨਾਂ ਵੱਲੋਂ 13ਵੀਂ ਸਦੀ ਵਿਚ ਜਾਤ-ਪਾਤ ਵਿਰੁੱਧ ਉਠਾਈ ਆਵਾਜ਼ ਬਾਰੇ ਵਿਚਾਰ ਪੇਸ਼ ਕੀਤੇ। ਟੀ. ਜੇ. ਧਾਮੀ ਅਤੇ ਸ੍ਰੀ ਢਿੱਲੋਂ ਨੇ ਸਮੁੱਚੇ ਭਾਈਚਾਰੇ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਚੱਲਣ ਦੀ ਅਪੀਲ ਕੀਤੀ। ਹੋਰ ਬੁਲਾਰਿਆਂ ਵਿਚ ਸ੍ਰੀ ਦਸ਼ਵਿੰਦਰਪਾਲ (ਚੇਅਰਮੈਨ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ) ਨੇ ਸੰਬੋਧਨ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਵੀ ਭਾਰਤੀ ਸਮਾਜ ਵਿਚ ਜਾਤ-ਪਾਤ ਬਣੀ ਹੋਈ ਹੈ ਅਤੇ ਕਿਸ ਤਰ੍ਹਾਂ ਇਹ ਪੱਛਮੀ ਦੇਸ਼ਾਂ ਵਿਚ ਵੀ ਫੈਲੀ।

"ਦੇਸ਼ ਦੁਆਬਾ" ਅਤੇ "ਅੰਬੇਡਕਰ ਟਾਈਮਜ਼" ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਵੀ ਗੁਰੂ ਰਵਿਦਾਸ ਜੀ ਦੀ ਬਾਣੀ, ਸਿੱਖਿਆਵਾਂ ਅਤੇ ਮਾਨਵਤਾ ਨੂੰ ਦੇਣ ਬਾਰੇ ਆਪਣੇ ਵਿਚਾਰ ਰੱਖੇ। ਅਮਰ ਦਰੋਚ ਨੇ ਸੰਬੋਧਨ ਦੌਰਾਨ ਕਿਹਾ ਕਿ ਭਾਰਤ ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿਚ ਸਾਨੂੰ ਆਪਣੀ ਲੀਡਰਸ਼ਿਪ ਦੀ ਮਜ਼ਬੂਤੀ ਲਈ ਬਸਪਾ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਪ੍ਰਿਅੰਕਾ ਸਾਂਧੀ, ਮੱਖਣ ਲੁਹਾਰ, ਗੁਰਮੇਲ ਸਿੰਘ ਨੇ ਵੀ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਬਾਰੇ ਵਿਚਾਰ ਰੱਖੇ। ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਅਸੀ ਸਿੱਖ ਸਥਾਨਾਂ'ਤੇ ਸ਼ਮੂਲੀਅਤ ਕਰਦੇ ਹਾਂ ਪਰ ਉਹਨਾਂ ਦੀ ਸ਼ਮੂਲੀਅਤ ਇੱਥੇ ਨਹੀਂ ਦੇਖੀ ਗਈ।

ਉਹਨਾਂ ਕਿਹਾ ਕਿ ਸਾਨੂੰ ਸਹੀ ਰੂਪ ਵਿਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਪਾਲਣ ਕਰਨਾ ਚਾਹੀਦਾ ਹੈ। ਜਾਤੀ ਸਿਸਟਮ ਦੇ ਖਿਲਾਫ ਗੁਰੂ ਗ੍ਰੰਥ ਸਾਹਿਬ ਜੀ ਵਿਚ 36 ਪੈਗੰਬਰਾਂ ਦਾ ਸੁਨੇਹਾ ਹੈ।

ਕੇਵਲ ਸਿੰਘ (ਵਾਈਸ ਚੇਅਰਮੈਨ) ਅਤੇ ਮਹਿੰਦਰ ਸਿੰਘ ਮਾਹੀ (ਪ੍ਰਧਾਨ) ਨੇ ਆਈਆਂ ਸੰਗਤਾਂ, ਭਾਈਚਾਰੇ ਦੇ ਆਗੂਆਂ ਅਤੇ ਸਟੇਟ ਡੈਲੀਗੇਟਸ ਦਾ ਧੰਨਵਾਦ ਕੀਤਾ। ਸਮੁੱਚੀ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸਭਾ ਦੇ ਸਾਬਕਾ ਚੇਅਰਮੈਨ ਸ੍ਰੀ ਰਾਮ ਮੂਰਤੀ ਸਰੋਏ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਹਨਾਂ ਨੇ ਸਭਾ ਨੂੰ 20,000 ਡਾਲਰ ਦੀ ਰਾਸ਼ੀ ਦਾਨ ਵਜੋਂ ਮੁਹੱਈਆ ਕਰਵਾਈ। ਸਮੂਹ ਪ੍ਰਬੰਧਕ ਕਮੇਟੀ ਸ੍ਰੀ ਸਰੋਏ ਸਾਹਿਬ ਦਾ ਧੰਨਵਾਦ ਕਰਦੀ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



ਇਸ ਸ਼ੁਭ ਅਵਸਰ ਉਤੇ ਕਮਿਊਨਿਟੀ ਦੇ ਨਿਸਕਾਮ ਸੇਵਕ ਆਗੂ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਸ੍ਰੀ ਗੁਰੂ ਰਵਿਦਾਸ ਸਭਾ, ਬੇ-ਏਰੀਆ (ਕੈਲੇਫੋਰਨੀਆ) ਨੂੰ 20 ਹਜ਼ਾਰ ਡਾਲਰ ਦੀ ਰਾਸ਼ੀ ਦਾਨ ਕੀਤੀ। ਸਮੂਹ ਪ੍ਰਬੰਧਕ ਕਮੇਟੀ ਉਹਨਾਂ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹੈ।



















































ਚਮਨ ਸਟੂਡੀਓ



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਡਾਟ ਕਾਮ)



# ਸੈਲਮਾ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ












ਸੈਲਮਾ (ਕੁਲਵੀਰ ਹੇਅਰ)- ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 637ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ।

ਪਹਿਲਾਂ ਗੁਰੂਘਰ ਦੇ ਵਜ਼ੀਰ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ, ਰਾਗੀ ਜਥਾ ਦੀਦਾਰ ਸਿੰਘ ਲਵਿੰਗਸਟਨ ਵਾਲੇ ਅਤੇ ਰਾਗੀ ਜਥਾ ਗੁਰਦੁਆਰਾ ਸਾਹਿਬ ਕਰਦਰ ਵਾਲੇ ਆਦਿ ਪੰਥ ਪ੍ਰਸਿੱਧ ਜਥਿਆਂ ਵਲੋਂ ਗੁਰੂ ਕੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਉਪਰੰਤ 'ਰੈਡੀਓ ਵਤਨੋਂ ਦੂਰ' ਦੇ ਬੱਚੇ ਜਿਨ੍ਹਾਂ ਵਿਚ ਹਰਬਾਵਰੀ ਕੌਰ, ਖੇਵਨਖੁਦਾਈ ਕੌਰ, ਆਂਚਲ ਸਿੰਘ ਹੇਅਰ, ਮਨਭਾਵਨੀ ਕੌਰ, ਦਿਲਜੋਤ ਕੌਰ, ਹਰਜੋਤ ਕੌਰ ਵਲੋਂ ਰਸਭਿੰਨ੍ਹਾ ਕੀਰਤਨ ਕੀਤਾ ਗਿਆ। ਆਂਚਲ ਹੇਅਰ ਵਲੋਂ ਪੀਟੇ ਚੰਦੇਲੀ ਵਾਲੇ ਦੀ ਲਿਖੀ ਕਵਿਤਾ 'ਆਇਆ ਇਕ ਰੱਬੀ ਨੂਰ' ਵੀ ਪੜ੍ਹੀ ਗਈ।

ਇਸ ਮੌਕੇ ਸੰਗਤਾਂ ਫਰਿਜ਼ਨੋਂ, ਪਿਟਸਬਰਗ, ਫਰੀਮਾਂਟ ਅਤੇ ਯੂਬਾਸਿਟੀ ਤੋਂ ਵੀ ਹੁੰਮ ਹੁਮਾ ਕੇ ਪੁੱਜੀਆਂ ਹੋਈਆਂ ਸਨ। ਇਸ ਮੌਕੇ ਹਰਨਿਦਰ ਸਿੰਘ ਗਿੱਲ, ਉੱਘੇ ਲੇਖਕ ਅਤੇ ਗੀਤਕਾਰ ਅਜੇ ਤਨਵੀਰ ਸਿੰਘ (ਪੀਟਾ ਚੰਦੇਲੀ ਵਾਲਾ)ਕਰਮ ਸਿੰਘ ਬੰਗੜ, ਸ੍ਰੀ ਸੁਖਰਾਜ ਚੋਪੜਾ ਅਤੇ ਸ਼੍ਰੀਮਤੀ ਰੋਸ਼ਨੀ ਚੋਪੜਾ, ਸੁਰਜੀਤ ਸਿੰਘ ਆਦਿ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਗੁਰੂ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਬੇਨਤੀ ਕੀਤੀ ਅਤੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

ਲੰਗਰਾਂ ਦੀ ਸੇਵਾ ਲਖਵਿੰਦਰ ਸਿੰਘ ਸੰਧੂ, ਬਾਬਾ ਦੇਵ ਰਾਜ ਜੀ, ਬਾਬਾ ਬੀਰਾ ਸਿੰਘ ਜੀ ਨੇ ਕੀਤੀ ਅਤੇ ਬਾਕੀ ਸੇਵਾਦਾਰਾਂ ਵਿਚ ਮੱਖਣ ਰਾਮ, ਰਾਮ ਲਾਲ, ਸੁਲੱਖਣ ਸਿੰਘ, ਨਿਰਮਲ ਨਰ, ਜਸਵੀਰ ਸਿੰਘ ਮੰਮਣ, ਹਰਦੇਵ ਸਿੰਘ ਜੱਸਲ, ਮਨੋਹਰ ਲਾਲ ਅਤੇ ਹੋਰ ਸੰਗਤਾਂ ਵਲੋਂ ਤਿੰਨੇ ਦਿਨ ਸੇਵਾ ਕੀਤੀ ਗਈ।

ਮੰਚ ਸੰਚਾਲਕ ਦੀ ਜ਼ਿੰਮੇਵਾਰੀ ਰਜਿੰਦਰ ਸਿੰਘ 'ਦਿਲ' ਨੇ ਨਭਾਈ। ਆਖਰ ਵਿਚ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਦਾ ਸਮਾਗਮ ਵਿਚ ਸ਼ਾਮਿਲ ਹੋਣ ਲਈ ਤਹਿ ਦਿਲੋਂ ਧੰ-ਨਵਾਦ ਕੀਤਾ ਗਿਆ।ਸਾਰਾ ਦਿੰਨ ਗੁਰੂ ਕੇ ਲੰਗਰ ਅਤੱਟ ਵਰਤਾਏ ਗਏ।

# ਮੋਡੈਸਟੋ ਵਿਖੇ ਨਾਮਵਰ ਗਾਇਕ ਚੰਦਨ ਸਿੰਘ ਦੀ ਨਵੀਂ ਐਲਬਮ "ਫ਼ਜ਼ਲ" ਦਾ ਉਦਘਾਟਨ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ ਡਾਟ ਕਾਮ)




# ਦੂਸਰਾ ਮਹਾਨ ਸੰਤ ਸੰਮੇਲਨ 108 ਸੰਤ ਨਿਰੰਜਣ ਦਾਸ ਮਹਾਰਾਜ ਗੱਦੀ ਨਸ਼ੀਨ ਡੇਰਾ ਸਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ







ਫਗਵਾੜਾ (ਬੀ. ਕੇ. ਰੱਤੂ)- ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਆਗਮਨ ਪੁਰਬ, ਰਵਿਦਾਸੀਆ ਧਰਮ ਦੇ ਪੰਜਵੇਂ ਸਥਾਪਨਾ ਦਿਵਸ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਦੂਸਰਾ ਮਹਾਨ ਸੰਤ ਸੰਮੇਲਨ 108 ਸੰਤ ਨਿਰੰਜਣ ਦਾਸ ਮਹਾਰਾਜ ਗੱਦੀ ਨਸ਼ੀਨ ਡੇਰਾ ਸਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ, ਬਲਾਕ ਫਗਵਾੜਾ ਅਤੇ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੱਜ ਸਥਾਨਕ ਨਵੀਂ ਦਾਣਾ ਮੰਡੀ ਹੁਸ਼ਿਆਰਪੁਰ ਰੋਡ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ।

ਇਸ ਮੌਕੇ ਮਿਸ਼ਨਰੀ ਕਲਾਕਾਰਾਂ ਭਾਈ ਸਤੀਸ਼ ਕੁਮਾਰ ਜਲੰਧਰ ਕੈਂਟ ਅਤੇ ਭਾਈ ਸਤਨਾਮ ਸਿੰਘ ਹੁਸੈਨਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕਰਕੇ ਗੁਰੂ ਯਸ਼ ਸੁਣਾਇਆ। ਇਸ ਤੋਂ ਪਹਿਲਾਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਅਖੰਡ ਜਾਪ ਵੀ ਕੀਤੇ ਗਏ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੀ ਛਤਰ ਛਾਇਆ ਹੇਠ ਕਰਵਾਏ ਗਏ ਉਕਤ ਸੰਤ ਸੰਮੇਲਨ ਵਿਚ ਸੰਤ ਨਿਰੰਜਣ ਦਾਸ ਜੀ ਤੋਂ ਇਲਾਵਾ ਆਵਾਜ਼ ਏ ਕੌਮ 108 ਸੰਤ ਕ੍ਰਿਸ਼ਨ ਨਾਥ ਨਾਨਕ ਨਗਰੀ ਚਹੇੜੂ, 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ, 108 ਸੰਤ ਸੁਖਵਿੰਦਰ ਦਾਸ ਢੱਡੇ ਵਾਲੇ, 108 ਸੰਤ ਲੇਖਰਾਜ ਨੂਰਪੁਰ ਵਾਲੇ ਅਤੇ 108 ਸੰਤ ਪ੍ਰੀਤਮ ਦਾਸ ਸੰਗਤਪੁਰ ਵਾਲਿਆਂ ਤੋਂ



ਇਲਾਵਾ ਵੱਖ ਡੇਰਿਆਂ ਦੇ ਸੰਤ ਮਹਾਂਪੁਰਸ਼ਾਂ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਸੰਗਤਾਂ ਨੂੰ ਗੁਰੂ ਯਸ਼ ਨਾਲ ਨਿਹਾਲ ਕੀਤਾ ਅਤੇ ਆਸ਼ੀਰਵਾਦ ਦਿੱਤਾ। ਸਮਾਗਮ ਦੌਰਾਨ ਉਕਤ ਮਹਾਂਪੁਰਸ਼ਾਂ ਨੇ ਕਿਹਾ ਕਿ ਸਾਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ ਤੇ ਚਲਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬੱਚਿਆਂ ਨੂੰ ਉਚ ਸਿੱਖਿਆ ਦੇਣਾ ਬਹੁਤ ਜ਼ਰੂਰੀ ਹੈ। ਨਸ਼ਿਆਂ ਦਾ ਤਿਆਗ ਅਤੇ ਆਪਸੀ ਸਦਭਾਵਨਾ ਹੀ ਸਮਾਜ ਦੀ ਮੌਜੂਦਾ ਦਿਖ ਨੂੰ ਬਦਲ ਕੇ ਇਕ ਨਰੋਏ ਸਮਾਜ ਅਤੇ ਸਤਿਗੁਰੂ ਮਹਾਰਾਜ ਦੇ ਸੁਪਨਿਆਂ ਦੇ ਬੇਗਮਪੁਰੇ ਦੀ ਸਿਰਜਣਾ ਕਰਨ ਵਿਚ ਸਹਾਈ ਹੋ ਸਕਦਾ ਹੈ। ਉਹਨਾਂ ਸੰਗਤ ਨੂੰ ਆਪਣੇ ਧਰਮ ਦੇ ਪੱਕੇ ਰਹਿੰਦਿਆਂ ਦੂਸਰੇ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਨ ਲਈ ਵੀ ਪ੍ਰੇਰਿਆ। ਇਸ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਨਤਮਸਤਕ ਹੋ ਕੇ ਸੰਤ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਸਮਾਗਮ 'ਚ ਸੋਮ ਪ੍ਰਕਾਸ਼ ਕੈਂਥ ਮੁੱਖ ਸੰਸਦੀ ਸਕੱਤਰ, ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ, ਭਗਵਾਨ ਸਿੰਘ ਚੌਹਾਨ ਉਮੀਦਵਾਰ ਲੋਕ ਸਭਾ ਹਲਕਾ ਹੁਸ਼ਿਆਰਪੁਰ, ਯਾਮਿਨੀ ਗੋਮਰ ਆਮ ਆਦਮੀ ਪਾਰਟੀ ਉਮੀਦਵਾਰ ਲੋਕ ਸਭਾ ਹਲਕਾ ਹੁਸ਼ਿਆਰਪੁਰ, ਜਰਨੈਲ ਨੰਗਲ ਬਸਪਾ ਆਗੂ, ਪ੍ਰਕਾਸ਼ ਰਾਮ ਬੀ.ਏ., ਤਰਸੇਮ ਚੁੰਬਰ, ਬਲਵਿੰਦਰ ਬੌਬੀ, ਤੇਜਪਾਲ ਬਸਰਾ, ਚਰਨ ਦਾਸ ਜੱਸਲ, ਓਮ ਪ੍ਰਕਾਸ਼ ਬਿੱਟੂ ਪੀ. ਏ., ਗੁਰਦੀਪ ਦੀਪਾ, ਸਰਵਣ ਸਿੰਘ ਬੱਲ ਐਸ. ਐਚ. ਓ. ਸਿਟੀ, ਕੁਲਵਿੰਦਰ ਕੈਂਥ, ਸੁਰਿੰਦਰ ਮਹੇ ਜਲੰਧਰ, ਅਸ਼ੋਕ ਸੰਧੂ, ਰਜਿੰਦਰ ਕਲੇਰ, ਬਿਸ਼ੰਭਰ ਭਬਿਆਣਾ, ਡਾ. ਸਤੀਸ਼ ਸੁਮਨ, ਰਾਮ ਮੂਰਤੀ ਖੇੜਾ, ਬੇਅੰਤ ਬਾਵਾ, ਪ੍ਰਮਜੀਤ ਖਲਵਾੜਾ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਹਾਜ਼ਰੀ ਭਰੀ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾਂ, ਪਤਵੰਤਿਆਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਗੁਰੂ ਘਰ ਕਾ ਲੰਗਰ ਅਤੁਟ ਵਰਤਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਰੰਜਣ ਦਾਸ ਚੀਮਾ ਟਰੱਸਟੀ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਕਾਂਸ਼ੀ ਬਨਾਰਸ ਨੇ ਬਾਖ਼ੂਬੀ ਨਿਭਾਈ। ਸਮਾਗਮ ਦੌਰਾਨ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ, ਬਲਾਕ ਫਗਵਾੜਾ ਦੇ ਸੇਵਾਦਾਰਾਂ ਵਲੋਂ ਆਪਣੀਆਂ ਸੇਵਾਵਾਂ ਨੂੰ ਬਾਖ਼ੂਬੀ ਨਿਭਾਇਆ ਗਿਆ।

# ਮੋਡੈਸਟੋ ਵਿਖੇ ਨਾਮਵਰ ਗਾਇਕ ਚੰਦਨ ਸਿੰਘ ਦੀ ਨਵੀਂ ਐਲਬਮ "ਫ਼ਜ਼ਲ" ਦਾ ਉਦਘਾਟਨ

ਮੋਡੈਸਟੋ (ਡੀ ਡੀ ਬੀ)- ਪੰਜਾਬੀ ਗੀਤਕਾਰ ਅਤੇ ਗਾਇਕ ਕਲਾਕਾਰ ਚੰਦਨ ਸਿੰਘ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ, ਜਿਸ ਨੇ ਪਹਿਲਾਂ ਪੰਜਾਬੀ ਗੀਤਕਾਰੀ ਤੇ ਗਾਇਕੀ 'ਚ ਆਪਣਾ ਖਾਸਾ ਨਾਮ ਬਣਾਇਆ। ਹੁਣ ਉਹ ਪਿਛਲੇ ਲੱਗਭੱਗ ਤਿੰਨ ਚਾਰ ਸਾਲ ਤੋਂ ਜਿੱਥੇ ਮਸੀਹੀ ਜਗਤ 'ਚ ਵਿੱਚਰ ਰਿਹਾ ਹੈ, ਉਥੇ ਉਹ ਆਪਣੇ ਦੁਨਿਆਵੀ ਕੰਮਾਂ ਕਾਰਾਂ ਦੇ ਨਾਲ ਨਾਲ ਆਪਣੇ ਪਿਆਰੇ ਪਰਿਵਾਰ ਨਾਲ ਪ੍ਰਭੂ ਯੀਸੂ ਮਸੀਹ ਦੀ ਬੰਦਗੀ 'ਚ ਲੀਨ ਹੋ ਕੇ ਉਸ ਦੀ ਮਹਿਮਾ ਦਾ ਗੁਣਗਾਨ ਚਰਚ ਅੰਦਰ ਹੋ ਰਹੀਆਂ ਪ੍ਰਾਰਥਾਵਾਂ ਵਿਚ, ਮਸੀਹੀ ਲੋਕ ਜਿੱਥੇ ਚੰਦਨ ਸਿੰਘ ਦੇ ਚੰਗੇ ਸੁਭਾਅ ਨੂੰ ਬਹੁਤ ਪਸੰਦ ਕਰਦੇ ਹਨ, ਉਥੇ ਉਸ ਦੁਆਰਾ ਲਿਖੇ ਅਤੇ ਆਪਣੇ ਹੀ ਮਿਊਜ਼ਿਕ ਤੇ ਗਾਏ ਗੀਤਾਂ ਨੂੰ ਬਹੁਤ ਪਿਆਰ ਨਾਲ ਸੁਣਦੇ ਉਸ ਦੀਆਂ ਸਿਫਤਾਂ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ ਅਤੇ ਪ੍ਰਭੂ ਯੀਸੂ ਮਸੀਹ ਦਾ ਧੰਨਓਦ ਕਰਦੇ ਹਨ ਕਿ ਉਹਨਾਂ ਚੰਦਨ ਸਿੰਘ ਨੂੰ ਇੰਨਾ ਵਧੀਆ ਗਾਇਕੀ ਦਾ ਗੁਰ ਬਖਸ਼ਿਆ ਹੈ ਕਿ ਉਹ ਮਸੀਹੀ ਜਗਤ ਵਿਚ ਪ੍ਰਭੂ ਦਾ ਸੁਨੇਹਾ ਥਾਂ-ਥਾਂ ਅਕਸਰ ਗੀਤਾਂ ਰਾਹੀਂ ਪਹੁੰਚਾ ਰਿਹਾ ਹੈ।

16 ਮਾਰਚ ਐਤਵਾਰ ਵਾਲੇ ਦਿਨ ਇਮੈਨੂਅਲ ਮਸੀਹ ਆਊਟਰੀਚ ਚਰਚ ਮੋਡੈਸਟੋ (ਕੈਲੀਫੋਰਨੀਆ) ਵਿਖੇ ਇਕ ਸ਼ਾਨਦਾਰ ਪ੍ਰਭੂ ਯੀਸੂ ਦੀ ਪ੍ਰਾਰਥਨਾ ਸਮਾਗਮ ਦੌਰਾਨ ਨਾਮਵਰ ਗਾਇਕ ਚੰਦਨ ਸਿੰਘ ਦੀ ਧਾਰਮਿਕ ਐਲਬਮ "ਫਜ਼ਲ" ਦਾ ਉਦਘਾਟਨ ਅਲੱਗ ਅਲੱਗ ਚਰਚਾਂ ਦੇ ਪਾਸਟਰ ਸਾਹਿਬਾਨ, ਜੌਹਨ ਮੂਰਤੀ ਲੈਥਰੋਪ, ਬਲਬੀਰ ਸ਼ੁਭਕਰਮ ਯੂਬਾ ਸਿਟੀ, ਵਿਲਸਨ ਰਫੀਕ ਮੋਡੈਸਟੋ, ਰਜ਼ਕ ਜੌਹਨ, ਪ੍ਰਵੇਜ਼ ਭੱਟੀ ਅਤੇ ਅਜੀਤ ਪ੍ਰਸਾਦ ਆਦਿ ਤੋਂ ਇਲਾਵਾ ਕੋਈ ਦੋ ਸੌ ਤੋਂ ਵੱਧ ਗਿਣਤੀ ਵਿਚ ਇਕੱਤਰ ਹੋਏ ਮਸੀਹੇ ਲੋਕਾਂ ਦੀ ਹਾਜ਼ਰੀ ਵਿਚ ਇੰਡੀਆ ਤੋਂ ਉਚੇਚੇ ਤੌਰ ਤੇ ਆਏ ਪਾਸਟਰ ਸਾਹਿਬ ਅਨਿਲ ਕਾਂਤ ਜੋ ਇਕ ਭਾਰਤ ਦੇ ਮੰਨੇ-ਪ੍ਰਮੰਨੇ ਗਾਇਕ ਕਲਾਕਾਰ ਵੀ ਹਨ, ਨੇ ਚੰਦਨ ਸਿੰਘ ਦੀ ਇਹ ਨਵੀਂ ਐਲਬਮ "ਫਜ਼ਲ" ਦਾ ਉਦਘਾਟਨ ਕੀਤਾ। ਜਿਉਂ ਹੀ ਐਲਬਮ "ਫਜ਼ਲ" ਦਾ ਉਦਘਾਟਨ ਕਰਨ ਸਟੇਜ ਤੇ ਆਏ ਤਾਂ ਹਾਜਰੀਨ ਸੰਗਤਾਂ ਨੇ ਜ਼ਬਰਦਸਤ ਮਸੀਹੀ ਜੈਕਾਰਿਆਂ ਅਤੇ ਮਸੀਹੀ ਮਿਊਜ਼ਿਕ ਨਾਲ ਉਹਨਾਂ ਦਾ ਸਵਾਗਤ ਕੀਤਾ। "ਫਜ਼ਲ' ਦਾ ਉਦਘਾਟਨ ਕਰਨ ਵਕਤ ਮਾਣਯੋਗ ਪਾਸਟਰ ਅਨਿਲ ਕਾਂਤ ਜੀ ਦੇ ਨਾਲ ਉਪਰੋਕਤ ਪਾਸਟਰ ਸਾਹਿਬਾਨ ਤੋਂ ਇਲਾਵਾ ਚੰਦਨ ਸਿੰਘ ਤੇ ਉਹਨਾਂ ਦੀ ਹਮਸਫਰ ਆਦਿ ਸਟੇਜ ਤੇ ਮੌਜੂਦ ਸਨ।

ਅੱਜ ਦੇ ਇਸ ਸਮਾਗਮ ਦੀ ਸ਼ੁਰੂਆਤ ਗਾਇਕ ਕਲਾਕਾਰ ਚੰਦਨ ਸਿੰਘ ਤੇ ਉਹਨਾਂ ਦੇ ਗੁਰਦੁਆਰਾ ਮਸੀਤੀ ਭਜਨ/ਗੀਤਾਂ ਨਾਲ ਕੀਤੀ ਗਈ ਜ਼ਿਆਦਾਤਰ ਉਹਨਾਂ ਆਪਣੀ ਇਸ ਨਵੀਂ ਐਲਬਮ "ਫਜ਼ਲ" 'ਚੋਂ ਹੀ ਗਾਏ, ਜਿਸ ਨੂੰ ਸੁਣ ਕੇ ਸਭ ਨੇ ਸਲਾਹਿਆ ਅਤੇ ਐਲਬਮ "ਫਜ਼ਲ" ਦਾ ਉਦਘਾਟਨ ਕਰਨ ਉਪਰੰਤ ਮਾਣਯੋਗ ਪਾਸਟਰ ਅਤੇ ਗਾਇਕ ਸ੍ਰੀ ਅਨਿਲ ਕਾਂਤ ਜੀ ਨੇ ਆਪਣੇ ਨਾਲ ਇੰਡੀਆ ਤੋਂ ਆਏ ਉਹਨਾਂ ਦੇ ਹਮਸਫਰ ਮਿਸਿਜ਼ ਰੀਨਾ ਕਾਂਤ ਜੀ ਅਤੇ ਉਹਨਾਂ ਦੀ ਸਪੁੱਤਰੀ ਸਿਰਈਆ ਕਾਂਤ ਨੇ ਬਹੁਤ ਰਸਭਿੰਨੇ ਮਸੀਹੀ ਭਜਨ/ਗੀਤਾਂ ਨਾਲ ਦਰਸ਼ਕਾਂ ਨੂੰ ਨਿਹਾਲ ਕੀਤਾ।

ਯਾਦ ਰਹੇ ਸ੍ਰੀ ਅਨਿਲ ਕਾਂਤ ਦੀ ਧਰਮਪਤਨੀ ਅਤੇ ਬੇਟੀ ਖੁਦ ਇਕ ਨਾਮਵਰ ਗਾਇਕ ਕਲਾਕਾਰ ਹਨ। ਅੱਜ ਦੇ ਇਸ ਸਮਾਗਮ ਵਿਚ ਚੰਦਨ ਸਿੰਘ ਦਾ ਮਿਊਜ਼ਿਕ ਨਾਲ ਵੀਨਾ ਸਾਗਰ ਨੇ ਵਧੀਆ ਸਾਥ ਦਿੱਤਾ। ਮੀਡੀਆ ਵੱਲੋਂ ਅੰਬੇਦਕਰ ਟਾਇਮਜ਼ ਅਤੇ ਦੇਸ਼ ਦੁਆਬਾ ਦੇ ਸੰਪਾਦਕ ਪ੍ਰੇਮ ਚੁੰਬਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਅਖੀਰ ਵਿਚ ਇਮੈਨੂਅਲ ਮਸੀਹ ਆਊਟਰੀਚ ਚਰਚ ਮੋਡੈਸਟੋ (ਕੈਲੀਫੋਰਨੀਆ) ਦੇ ਪਾਸਟਰ ਸਾਹਿਬ ਨੇ ਸਾਰੀਆਂ ਆਈਆਂ ਦਾ ਧੰਨਵਾਦ ਕੀਤਾ।


Sam's Auto Repair & Services

Professional Auto Repairs & Services

BRAKE & LAMP INSPECTION

Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004

SMOG N TAG

(916) 334-7664

6421 Watt Ave.

North Highlands, CA 95660

$10.00 Off initial Smog Check

Restrictions Apply - See Store for Details

STAR Certified


# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਦੀ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ

ਸੈਕਰਾਮੈਂਟੋ- ਬੀਤੀ 6 ਅਪ੍ਰੈਲ ਦਿਨ ਐਤਵਾਰ ਨੂੰ ਸੰਗਤਾਂ ਦੇ ਭਾਰੀ ਇਕੱਠ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਨਵੀਂ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ। ਗੁਰੂ ਘਰ ਦੀ ਕਮੇਟੀ ਅਤੇ ਬਿਲਡਿੰਗ ਕਮੇਟੀ ਨੂੰ ਭੰਗ ਕਰਕੇ ਬੋਰਡ ਆਫ ਡਾਇਰੈਕਟਰ ਚੁਣੇ ਗਏ, ਉਹਨਾਂ ਵਿਚੋਂ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਗਈ। ਇਸ ਸਾਰੇ ਕਾਰਜ ਲਈ ਬਲਵੀਰ ਕਲੇਰ ਨੇ ਬੜੇ ਸੁਚੱਜੇ ਢੰਗ ਨਾਲ ਕਾਰਵਾਈ ਨੂੰ ਨੇਪਰੇ ਚਾੜ੍ਹਿਆ। ਨਵੀਂ ਬਣੀ ਕਮੇਟੀ ਦੇ ਅਹੁਦੇਦਾਰ ਵਿਚ ਰਾਕੇਸ਼ ਚੰਦਰ, ਹੰਸ ਰਾਜ ਕਾਜਲਾ, ਤਵਿੰਦਰ ਕਾਜਲਾ, ਤਵਿੰਦਰ ਕਾਜਲਾ ਦਾ ਵੱਡਾ ਯੋਗਦਾਨ ਰਿਹਾ। ਇਸ ਤੋਂ ਪਹਿਲਾਂ ਪਿਛਲੇ ਪ੍ਰਧਾਨ ਸਤੀਸ਼ ਰੱਲ੍ਹ ਨੇ ਗੁਰੂ ਘਰ ਦੀਆਂ ਪ੍ਰਾਪਤੀਆਂ ਦਾ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਨਗਰ ਕੀਰਤਨ ਨੂੰ ਕਾਮਯਾਬ ਕਰਨ ਵਿਚ ਸੰਗਤਾਂ ਦਾ ਧੰਨਵਾਦ ਕੀਤਾ। ਰਾਜ ਬੱਧਣ ਅਤੇ ਇੰਦਰਜੀਤ ਪੱਡਵੱਗਾ ਦੀਆਂ ਆਫਿਸ ਵਿਚ ਸੇਵਾਵਾਂ ਅਤੇ ਕਰਨੈਲ ਵਿਰਕ, ਦਰਸ਼ਨ ਵਿਰਕ ਭਰਾਵਾਂ ਦੀਆਂ ਬਿਲਡਿੰਗ ਰਿਪੇਅਰ ਦੀਆਂ



ਚੇਅਰਮੈਨ ਜਸਵਿੰਦਰ ਬੰਗਾ, ਵਾਈਸ ਚੇਅਰਮੈਨ ਦਰਸ਼ਨ ਵਿਰਕ, ਪ੍ਰਧਾਨ ਜੋਗਿੰਦਰ ਚੁੰਬਰ, ਵਾਈਸ ਪ੍ਰਧਾਨ ਸਤਨਾਮ ਮੰਢਾਲੀ ਅਤੇ ਬਲਵਿੰਦਰ ਰੱਲ੍ਹ, ਸੈਕਟਰੀ ਜੀਵਨ ਰੱਤੂ ਤੇ ਰਾਜ ਕੁਮਾਰ ਸੂਦ, ਹੈਡ ਕੈਸ਼ੀਅਰ ਰਾਜ ਬੱਧਣ, ਆਫਿਸ ਸੈਕਟਰੀ ਸੁਰਿੰਦਰ ਮੱਲ, ਕੈਸ਼ੀਅਰ ਇੰਦਰਜੀਤ ਪੱਡਵੱਗਾ ਅਤੇ ਮਨਜੀਤ ਭਾਰਦਵਾਜ, ਬਿਲਡਿੰਗ ਰਿਪੇਅਰ ਕਰਨੈਲ ਵਿਰਕ ਅਤੇ ਮਨਜੀਤ, ਪੀ. ਆਰ. ਓ. ਜਸਵੰਤ ਜੱਸੀ ਸ਼ੀਮਾਰ ਚੁਣੇ ਗਏ। ਇਸ ਕਮੇਟੀ ਦੀ ਹੋਈ ਸਰਬਸੰਮਤ ਚੋਣ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਗੁਰੂ ਘਰ ਦੇ ਨਵੇਂ ਬਣੇ ਪ੍ਰਧਾਨ ਸ੍ਰੀ ਜੋਗਿੰਦਰ ਚੁੰਬਰ ਨੇ ਸੇਵਾ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਜੀ ਨੇ ਸਾਰਿਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਅੰਤ ਵਿਚ ਚੜ੍ਹਦੀ ਕਲਾ ਲਈ ਜੈਕਾਰੇ ਛੱਡੇ ਗਏ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਹ ਜਾਣਕਾਰੀ ਪੀ. ਆਰ. ਓ. ਜਸਵੰਤ ਜੱਸੀ ਸ਼ੀਮਾਰ 916-293-6030 ਨੇ ਦਿੱਤੀ।

## ਵਿਸਾਖੀ ਮੇਲੇ ਦੀ ਸਿਲਵਰ ਜੁਬਲੀ ਤੇ ਵਿਸ਼ੇਸ਼

# ਅਮਰੀਕਾ ਦੀ ਧਰਤੀ ਤੇ 25 ਸਾਲ ਤੋਂ ਵਿਸਾਖੀ ਮੇਲਾ ਲਗਾਉਣ ਵਾਲਾ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਦਾ ਅਲੰਬਰਦਾਰ - ਰਸ਼ਪਾਲ ਫਰਵਾਲਾ

ਹਰ ਵਿਅਕਤੀ ਲਈ ਉਸ ਦੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਉਸਦਾ ਵਡਮੁੱਲਾ ਸਰਮਾਇਆ ਹੁੰਦੀਆਂ ਹਨ। ਸਮਾਜ ਵਿੱਚ ਵਿਚਰਦਿਆਂ ਭਾਵੇਂ ਉਹ ਇਨਾਂ ਦੇ ਅੰਗ ਸੰਗ ਰਹਿੰਦਾ ਹੈ ਤਾਂ ਉਹ ਕੁਝ ਖਾਸ ਮਹਿਸੂਸ ਨਹੀਂ ਕਰ ਸਕਦਾ ਕਿਉਂਕਿ ਉਹ ਤਾਂ ਉਸ ਦੀ ਜਿੰਦਗੀ ਦਾ ਹਿੱਸਾ ਬਣ ਚੁੱਕੀਆਂ ਹੁੰਦੀਆਂ ਹਨ। ਪਰ ਜਦੋਂ ਉਸ ਨੂੰ ਆਪਣੀ ਜੰਮਣ-ਭੋਂਇ ਛੱਡਣੀ ਪੈਂਦੀ ਹੈ। ਕਿਸੇ ਹੋਰ ਦੇਸ਼ ਦੇ ਸੱਭਿਆਚਾਰ ਦਾ ਹਿੱਸਾ ਬਣਨ ਪੈਂਦਾ ਹੈ ਤਾਂ ਇਸ ਵਿਗੋਚੇ ਵਿਚੋਂ ਉਪਜਦੇ ਆਪਣੇ ਸਮਾਜ ਦੇ ਦੇਸ਼ ਦੇ ਸੱਭਿਆਚਾਰ ਦੇ ਮੋਹ ਦਾ ਦਰਦ ਮਹਿਸੂਸ ਹੁੰਦਾ ਹੈ। ਜਦੋਂ ਉਹ ਬੇਗਾਨੇ ਦੇਸ਼ ਦੇ ਸੱਭਿਆਚਾਰ ਨਾਲ ਆਪਣੇ ਦੇਸ਼ ਦੇ ਸੱਭਿਆਚਾਰ ਦਾ ਵਰ ਮੇਚਦੇ ਹਨ ਤਾਂ ਆਪਣਾ ਪੱਲਾ ਹਮੇਸ਼ਾ ਵੱਡਾ ਨਿਕਲਦਾ ਹੈ। ਮਜ਼ਬੂਰੀ ਵੱਸ ਉਹ ਆਪਣੇ ਆਪ ਨੂੰ ਉਸ ਅਨੁਸਾਰ ਢਲ ਤਾਂ ਜਾਂਦਾ ਹੈ ਪਰ ਫਿਰ ਵੀ ਤਾਂਘ ਰਹਿੰਦੀ ਹੈ ਕਿ ਅਗਲੀ ਪੀੜੀ ਨੂੰ ਆਪਣੇ ਰਸਮੋਂ ਰਿਵਾਜਾਂ ਅਨੁਸਾਰ ਜਿਉਣ ਵੀ ਪ੍ਰੇਰਨਾ ਦਿੱਤੀ ਜਾਵੇ। ਆਪਣੀ ਮਿਹਨਤ ਨਾਲ ਇਸ 'ਚ ਕਾਮਯਾਬੀ ਵੀ ਹਾਸਲ ਕਰ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ ਦੁਹਾਕਿਆਂ ਤੋਂ ਵਸੋਂ ਲੋਕ ਆਪੋ ਆਪਣੇ ਤਰੀਕਿਆਂ ਨਾਲ ਆਪਣੇ ਦੇਸੀ ਪੁਰਬ, ਤਿਉਹਾਰ, ਮੇਲਿਆਂ ਦੀ ਯਾਦਾਂ ਨੂੰ ਸਾਕਾਰ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ। ਵੱਡੇ-ਵੱਡੇ ਸ਼ੋਅ, ਸਮਾਗਮ ਆਦਿ ਕਰਵਾ ਕੇ ਮਸ਼ੀਨੀ ਬਣੀ ਜ਼ਿੰਦਗੀ 'ਚੋ ਸਕੂਨ ਲੱਭਣ ਦੀ ਕੋਸ਼ਿਸ਼ ਕਰਦੇ ਹਨ ਪਰ ਫਿਰ ਵੀ ਉਹ ਆਪਣੇ ਸੱਭਿਆਚਾਰ ਦੇ ਹਾਣ ਦੇ ਨਹੀਂ ਪਾਉਂਦੇ। ਦੁਆਬੇ ਦੀ ਧਰਤੀ ਦੇ ਨੂਰਮਹਿਲ ਬਿਲਗੇ ਲਾਗਲੇ ਪਿੰਡ ਫਰਵਾਲਾ ਤੋਂ ਪੜ੍ਹ ਲਿਖ ਕੇ ਨੌਕਰੀ ਦੀ ਤਲਾਸ਼ ਦੋਸਤ ਹਰਭਜਨ ਸਿੰਘ ਦੇ ਸੱਦੇ ਤੇ ਜਰਮਨ ਜਾਣ ਉਪੰਰਤ 1982 'ਚ ਅਮੀਰਕਾ ਆ ਵਸੇ ਨੰਬਰਦਾਰ ਸਵ: ਮਾਤਾ ਨਸੀਬ ਕੌਰ ਦੇ ਸਪੁੱਤਰ ਰਸ਼ਪਾਲ ਸਿੰਘ ਫਰਵਾਲਾ 25 ਸਾਲਾ ਤੋਂ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ/ਐਲਕ ਗਰੋਵ (ਕੈਲਫਰੋਨੀਆਂ) ਵਿੱਚ ਵਿਸਾਖੀ ਦਾ ਨਿਰੋਲ ਸੱਭਿਆਚਾਰਕ ਮੇਲਾ ਲਗਾ ਕੇ ਆਪਣੇ ਸੱਭਿਆਚਾਰ ਅਲੰਬਰਦਾਰ ਬਣਿਆ ਹੋਇਆ ਹੈ। ਵੱਡਾ ਕਾਰਨ ਰਸ਼ਪਾਲ ਫਰਵਾਲਾ ਦਾ ਆਪ ਇੱਕ ਵਧੀਆ ਗਾਇਕ ਗੀਤਕਾਰ ਅਤੇ ਵੱਖਰੀ ਸੋਚ ਦਾ ਧਾਰਨੀ ਹੋਣਾ ਹੈ। ਸੋਨੇ ਤੇ ਸੁਹਾਗੇਂ ਵਾਲੀ ਗੱਲ ਰਸ਼ਪਾਲ ਸਿੰਘ ਦੀ ਜੀਵਨ ਸਾਥਣ ਮਾਲਵੇ ਦੀ ਜੰਮਪਲ ਮਨਦੀਪ ਕੌਰ ਗਰੇਵਾਲ ਜੋ ਕਿਲਾ ਰਾਏਪੁਰ ਤੋਂ ਹੈ ਨਾਲ 1987 'ਚ ਵਿਆਹ ਹੋਇਆ ਜਿਸ ਨੂੰ ਗਿੱਧੇ ਦਾ ਸ਼ੌਕ ਸੀ ਰਸ਼ਪਾਲ ਹੋਰਾਂ ਦੇ ਸ਼ੌਕ ਨੂੰ ਹੋਰ ਹੁਲਾਰਾ ਮਿਲ ਗਿਆ ਮਨਦੀਪ ਦੇ ਇਸ ਸ਼ੌਕ ਕਰਕੇ ਉਸ ਨੇ 14 ਸਾਲ ਪਹਿਲਾਂ ਤੀਆਂ ਦਾ ਮੇਲਾ ਲਗਾਉਣਾ ਸ਼ੁਰੂ ਕਰ ਦਿੱਤਾ। ਜੋ ਨਿਰੰਤਰ ਬੁਲੰਦੀਆਂ ਛੂਹ ਰਿਹਾ ਹੈ। ਉਸਨੂੰ ਵੀ ਸੁੱਘੜ ਸਾਥ ਮਿਲਿਆ ਰਸ਼ਪਾਲ ਕੌਰ, ਬਲਦੇਵ ਕੌਰ, ਪਰਦੀਪ ਕੌਰ ਪੂੰਨੀ ਦਾ ਤੇ ਫਿਰ ਕੀ ਸੀ ਦਿਨੋ ਦਿਨ ਮੇਲੇ ਦੀ ਸ਼ਾਨ 'ਚ ਵਾਧਾ ਹੁੰਦਾ ਗਿਆ। ਨਿਰੋਲ ਸੱਭਿਆਚਾਰਕ ਮੇਲਿਆਂ ਕਰਕੇ ਲੋਕਾਂ ਦਾ ਨਿੱਘਾ ਸਾਥ ਮਿਲਿਆ ਅਤੇ ਅਖੌਤੀ ਸੱਭਿਆਚਾਰਕ ਮੇਲਿਆਂ ਦੇ 'ਲੰਬੜਦਾਰ' ਬਣੇ ਲੋਕਾਂ ਲਈ ਵੀ ਮਾਰਗ ਦਰਸ਼ਕ ਬਣਿਆ ਹੋਇਆ ਹੈ। ਅਮਰੀਕਾਂ 'ਚ ਜਨਮੇ ਬੱਚੇ ਵੀ ਆਪਣੀਆਂ ਜੜ੍ਹਾਂ ਨਾਲ ਜੁੜਕੇ, ਇਸ 'ਚ ਭਾਗ ਲੈ ਕੇ, ਦੇਖ, ਮਾਣ ਕੇ, ਆਪਣੀ ਰੂਹ ਸਰਸ਼ਾਰ ਕਰਦੇ ਹਨ। ਪੰਜਾਬੀ ਕਲਚਰ ਸੁਸਾਇਟੀ ਇਸ ਸਾਰੇ ਪ੍ਰਬੰਧ ਦੀ ਗੱਲ ਕਰੀਏ ਤਾਂ ਕੋਈ ਪ੍ਰਬੰਧ ਕੀ ਕਮੇਟੀ ਨਹੀਂ ਕੋਈ ਵਿਸ਼ੇਸ਼ ਅਹੁਦੇਦਾਰ ਨਹੀਂ ਸਿਰਫ਼ ਤੇ ਸਿਰਫ਼ ਸਾਰੇ ਕਾਰਜਕਾਰੀ ਮੈਂਬਰ ਹਨ। ਜੋ ਇੱਕ ਕੜੀ ਦੇ ਰੂਪ 'ਚ ਬੱਝ ਕੇ ਕੰਮ ਕਰਦੇ ਹਨ ਇਨ੍ਹਾਂ 'ਚ ਰਾਜਿੰਦਰ ਪਾਲ ਸਿੰਘ, ਅਮਰੀਕ ਪਰਿਹਾਰ, ਕੀਰਤ ਸਹੋਤਾ ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਜਰਨੈਲ ਸਰਪੰਚ, ਦੇਬੀਗਿੱਲ, ਸੁਖਰਾਜ ਔਲਖ਼, ਜਸਵੰਤ ਸ਼ਾਦ, ਐਸ. ਐਸ. ਚਾਹਲ, ਪਵਿੱਤਰ ਮਾਹਲ, ਸਤਵਿੰਦਰ ਰੰਗੀ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਸਿੰਘ ਡੌਡ, ਹਰਜਿੰਦਰ ਪੰਧੇਰ ਅਤੇ ਹਰਪਾਲ ਸੰਧੂ ਇਸ ਮੇਲੇ ਦੇ ਵੱਡੇ ਸਹਿਯੋਗੀ ਹਨ। ਕਦੇ ਵੀ ਇੱਕ ਪੈਨੀ ਤੋਂ/ਅਹੁਦੇ ਤੋਂ ਕੋਈ ਰੁਸੇਵਾਂ ਨਹੀਂ ਹੋਇਆ ਕਦੇ ਕੋਈ ਅਹੁਦੇਦਾਰੀਆਂ ਦੀ ਸੋਚ ਲੈ ਕੇ ਆਵੇ ਵੀ ਤਾਂ ਉਸਨੂੰ ਸੋਸਾਇਟੀ ਹੱਥ ਜੋੜ ਦਿੰਦੀ ਹੈ।

ਮੇਲਿਆਂ ਤੋਂ ਦੋ ਦੋ ਮਹੀਨੇ ਪਹਿਲਾਂ ਰਸਪਾਲ ਹੋਰਾਂ ਦੇ ਘਰ ਮੇਲੇ ਵਰਗਾ ਮਾਹੌਲ ਬਣਨਾ ਸੁਰੂ ਹੋ ਜਾਂਦਾ ਹੈ ਵਿਉਂਤਾਂ ਬਣਦੀਆਂ, ਤਿਆਰੀਆਂ ਹੁੰਦੀਆਂ ਰਲ਼ ਮਿਲ ਕੇ ਪ੍ਰਬੰਧ ਕੀਤਾ ਜਾਂਦਾ ਹੈ ਦੋਵੇਂ ਮੇਲੇ ਇਸੇ ਤਰ੍ਹਾਂ ਦਾ ਸੁਚੱਜੇ ਪ੍ਰਬੰਧ ਅਧੀਨ ਜੁੜਦੇ ਤੇ ਪਰਵਾਨ ਚੜ੍ਹਦੇ ਹਨ। ਵਿਸਾਖੀ ਮੇਲੇ 'ਚ ਕੋਈ ਲੱਚਰਤਾ ਨਹੀਂ ਕੋਈ ਊਟ ਪਟਾਂਗ ਗਾਇਕੀ ਨਹੀਂ, ਸ਼ਰਾਬੀਆਂ ਲਈ ਸਖ਼ਤ ਮਨਾਹੀ, ਗਾਇਕਾਂ ਨੂੰ ਸਾਫ਼ ਸੁਥਰਾ ਗਾਉਣ ਦੀ ਤਾੜਨਾ ਦੇ ਦਰਮਿਆਨ ਇਸ ਮੇਲੇ 'ਚ ਭੰਗੜਾ ਗਿੱਧਾ ਤੇ ਵਧੀਆ ਗਾਇਕੀ ਦੀ ਪੇਸ਼ਕਾਰੀ ਮਿਸਾਲ ਬਣਦੀ ਹੈ। ਕੋਈ ਗਾਇਕ ਪੈਸੇ ਲੈ ਕੇ ਨਹੀਂ ਗਾਉਂਦਾ। ਹਜ਼ਾਰਾਂ ਦੀ ਗਿਣਤੀ ਦਾ ਇਕੱਠ ਬੱਚਿਆਂ, ਜਵਾਨਾਂ, ਬਜ਼ੁਰਗਾਂ ਅਰੌਤਾਂ ਨੂੰ ਆਪਣੇ ਪਿੰਡਾਂ 'ਚ ਜੁੜਦੇ ਮੇਲਿਆਂ ਤੋਂ ਵੀ ਵਧ ਕੇ ਨਸ਼ਿਆ ਜਾਂਦਾ ਹੈ। ਇਸ ਵਿੱਚ ਅਮਰੀਕਾ 'ਚ ਜਨਮੇ ਬੱਚੇ ਭਾਗ ਲੈਂਦੇ ਹੋਏ ਬਿਲਕੁਲ ਵੀ ਅਮਰੀਕਨ ਪੰਜਾਬੀ ਨਹੀਂ ਲਗਦੇ ਸਗੋਂ ਪੰਜਾਬੀ ਮਾਹੌਲ 'ਚ ਰੰਗੇ ਪੰਜਾਬੋਂ ਆਏ ਲਗਦੇ ਹਨ। ਰਾਜਨੀਤਕ ਧਾਰਮਿਕ ਪਹਿਲੂ ਤੋਂ ਨਿਰਲੇਪ ਇਹ ਮੇਲੇ ਸਾਂਝੀਵਾਲਤਾ ਦਾ ਵੱਖਰਾ ਮਾਹੌਲ ਸਿਰਜਦੇ ਹਨ। ਸੌ ਸੌ ਮੀਲ ਤੋਂ ਵੀ ਲੋਕ ਇਨ੍ਹਾਂ 'ਚ ਸ਼ਾਮਲ ਹੁੰਦੇ ਹਨ।




ਵਿਸਾਖੀ ਮੇਲਾ ਅਤੇ ਤੀਆਂ ਦਾ ਮੇਲਾ ਵਿਦੇਸ਼ ਵਸਦੇ ਬੱਚਿਆਂ ਦੇ ਮਨਾਂ 'ਚ ਘਰ ਕਰਦੇ ਜਾ ਰਹੇ ਹਨ। ਰਸ਼ਪਾਲ ਹੋਰੀ ਦੱਸਦੇ ਹਨ ਕਿ ਕਈ ਵਾਰ ਛੋਟੇ ਬੱਚੇ ਅਚਾਨਕ ਪੁੱਛ ਲੈਂਦੇ ਹਨ ਅੰਕਲ ਵਿਸਾਖੀ ਕਦੋਂ ਹੈ ਮੈਂ ਉੱਥੇ ਭੰਗੜਾ ਪਾਉਣੈ। ਭੰਗੜੇ ਦਾ ਸ਼ੌਕੀ ਗਿੱਧੇ ਗਾਇਕੀ ਨਾਲ ਬੱਚਿਆਂ ਦਾ ਮੋਹ ਇੰਨਾ ਹੈ ਕਿ ਰਸ਼ਪਾਲ ਫਰਵਾਲਾ ਦਾ ਸਟੇਟ ਜੌਬ ਕਰਦਾ ਯੂ. ਸੀ. ਯੂਨੀਵਰਸਿਟੀ ਦਾ ਗਰੈਜੂਏਜ ਬੇਟਾ ਵਰਿੰਦਰ ਸਿੰਘ ਸੰਘੇੜਾ ਭੰਗੜੇ ਦੀਆਂ ਕਈ ਟੀਮਾਂ ਤਿਆਰ ਕਰ ਚੁੱਕਾ ਹੈ। ਗਿਆਰਵੇਂ ਗਰੇਡ 'ਚ ਪੜ੍ਹਦਾ ਛੋਟਾ ਬੇਟਾ ਅਮ੍ਰਿਤ ਸੰਘੇੜਾ ਵੀ ਘਰ ਦੇ ਮਾਹੌਲ 'ਚ ਰੰਗਿਆਂ ਹੋਇਆ ਹੈ। ਵਿਸਾਖੀ ਦੀਆਂ ਧਾਰਨਾਵਾਂ ਨੂੰ ਮੁੱਖ ਰੱਖ ਕੇ ਇਨਾਂ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਫਰੀ ਪਾਰਕਿੰਗ ਸਹੂਲਤ, ਫਰੀ ਪੰਜਾਬੀ ਪਕਵਾਨਾਂ ਦਾ ਵਰਤਣਾ, ਬੁੱਕ ਸਟਾਲ, ਕੱਪੜੇ, ਗਹਿਣਿਆਂ ਦੀਆਂ ਦੁਕਾਨਾਂ ਦੀ ਸਜਾਵਟ ਦੇਸੀ ਮੇਲੇ ਦੀ ਸ਼ਕਲ ਅਪਤਿਆਰ ਕਰ ਜਾਂਦੀਆਂ ਹਨ। ਤੀਆਂ ਦੇ ਮੇਲੇ ਦੇ ਚਾਰ ਪੜਾਅ ਹੁੰਦੇ ਹਨ। ਪਹਿਲੇ 'ਚ ਔਰਤਾਂ ਇਕੱਠੀਆਂ ਬੈਠ ਕੇ ਗੀਤ ਗਾਉਂਦੀਆਂ ਹਨ ਜੋ ਰਵਾਇਤੀ ਹੁੰਦੇ ਹਨ ਤੇ ਲੋਕ ਗੀਤ ਹੁੰਦੇ ਹਨ ਖੂਬ ਮਾਹੌਲ ਬੱਝਦਾ ਹੈ।

ਦੂਸਰੇ 'ਚ ਸਟੇਜੀ ਪ੍ਰੋਗਰਾਮ ਵਿੱਚ ਲੋਕ ਨਾਚ, ਹਾਸ ਰਸ ਝਲਕੀਆਂ ਪੇਸ਼ ਕੀਤੀਆਂ ਜਾਦੀਆਂ ਹਨ। ਤੀਸਰੇ 'ਚ ਗਿੱਧੇ ਅਤੇ ਬੋਲੀਆਂ ਰਾਂਹੀ ਵੱਖ-ਵੱਖ ਦੀਆਂ ਟੀਮਾਂ ਆਪਣਾ ਪਰਦਰਸ਼ਨ ਕਰਦੀਆਂ ਹਨ। ਚੌਥੇ ਪੜਾਅ 'ਚ ਸਾਫ਼ ਸੁਥਰੇ ਪੰਜਾਬੀ ਗੀਤਾਂ ਤੇ ਸਾਰੇ ਦਾ ਸਾਰਾ ਮੇਲਾ ਹੀ ਝੂਮਦਾ ਹੈ। ਇਸ ਮੇਲੇ 'ਚ ਵੱਖਰੀ ਕਿਸਮ ਦੇ ਮੁਕਾਬਲਿਆਂ ਵਿੱਚ ਚਰਖੇ ਤੇ ਸਭ ਤੋਂ ਲੰਬਾ ਤੰਦ ਪਾਉਣ ਵਾਲੀ ਤੇ ਵਧੀਆ ਪੰਜਾਬੀ ਪਹਿਰਾਵੇ ਵਾਲੀਆਂ ਅਰੌਤਾਂ ਨੂੰ ਪਹਿਲਾ ਇਨਾਮ ਦਿੱਤਾ ਜਾਂਦਾ ਹੈ। ਗੱਲ ਕੀ ਹਰ ਸੱਭਿਆਚਾਰਕ ਵੰਨਗੀ ਰਾਹੀ ਆਪਣੀ ਕਮਿਊਨਿਟੀ ਦੇ ਬੱਚਿਆਂ ਵੱਡਿਆਂ ਵਿਦੇਸ਼ੀਆਂ ਨੂੰ ਜਾਣੂ ਕਰਵਾਉਣ ਦਾ ਹਰ ਯਤਨ ਕੀਤਾ ਜਾਂਦਾ ਹੈ। ਜਿਹੜੇ ਲੋਕ ਇਸ ਮੇਲੇ ਦੀਆਂ ਨੁਕ-ਤਚੀਨੀਆਂ ਅਤੇ ਵਿਰੋਧੀ ਸੁਰ ਰੱਖਦੇ ਸਨ ਉਹ ਹੁਣ ਕਹਿੰਦੇ ਹਨ ਕਿ ਪੱਛਮੀ ਸੱਭਿਆਚਾਰ ਦੇ ਰੰਗ 'ਚ ਰੰਗੇ ਬੱਚਿਆਂ ਨੂੰ ਵੀ ਇਸ ਮੇਲੇ ਨਾਲ ਜੋੜ ਲਵੋ ਨਹੀਂ ਤਾਂ ਅਸੀਂ ਬੇਗਾਨੇ ਦੇਸ਼ 'ਚ ਹੋਰ ਵੀ ਬੇਗਾਨੇ ਹੋ ਜਾਵਾਂਗੇ। ਇੱਕ ਵਿੱਲਖਣ ਸੋਚ ਦਾ ਮਾਲਕ ਰਸ਼ਪਾਲ ਫਰਵਾਲਾ ਪੇਂਡੂ ਮੱਧ ਵਰਗੀ ਪਰਿਵਾਰਕ ਪਿਛੋਕੜ ਵਾਲਾ ਸਖਸ਼ ਹੈ। ਇੱਕ ਅਮਰੀਕਾ ਅਤੇ ਇੰਡੀਆਂ ਵਸਦੀਆਂ ਭੈਣਾਂ ਅਤੇ ਨਿਊਜੀਲੈਂਡ, ਅਮਰੀਕਾ ਅਤੇ ਇੱਕ ਇੰਡੀਆਂ 'ਚ ਵਸਦੇ ਸਵਰਗੀ ਭਰਾ ਦੇ ਬੱਚਿਆਂ ਦੇ ਪਰਿਵਾਰ ਦਾ ਇੱਕ ਮੋਢੀ ਮੈਂਬਰ ਹੈ। ਪਿਤਾ ਪੁਰਖੀ ਕਿੱਤੇ ਖੇਤੀਬਾੜੀ 'ਚ ਹੱਥ ਵਟਾਉਂਦਿਆਂ ਨਾਲ-ਨਾਲ ਰਸਪਾਲ ਸਿੰਘ 1980 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ. ਏ. ਕਰਨ ਉਪਰੰਤ ਲੁਧਿਆਣੇ ਦੇ ਆਰੀਆ ਕਾਲਜ ਤੋਂ ਐਮ. ਏ. ਵੀ ਕਰ ਗਿਆ। ਇਸ ਪੜ੍ਹੇ ਲਿਖੇ ਸਖਸ਼ ਦੇ ਮਨ 'ਚ ਪਰਹਿਤ ਲਈ ਕੰਮ ਕਰਨ ਦੀ ਕਸਕ ਪਹਿਲਾਂ ਤੋਂ ਹੀ ਰਹੀ ਹੈ।

ਕਿਸਾਨ ਮਜਦੂਰਾਂ ਦੇ ਸੰਘਰਸ਼ ਹਿੱਤ ਲਗਦੀਆਂ ਸਟੇਜਾਂ ਤੋਂ ਇਨਕਲਾਬੀ ਗੀਤ ਗਾਉਣ ਵਾਲੇ ਰਸ਼ਪਾਲ ਕਾਲਜ ਸਮੇਂ ਦੇ ਯੂਥ ਫੈਸਟੀਵਲਾਂ ਤੇ ਕਈ ਮੁਕਾਬਲੇ ਵੀ ਜਿੱਤੇ। ਉਨ੍ਹੀ ਦਿਨੀ ਸਟਾਰ ਗਾਇਕ ਮਲਕੀਤ ਸਿੰਘ ਯੂ. ਕੇ. ਅਤੇ ਹਰਦੀਪ ਚੰਡੀਗੜ੍ਹ ਵਾਲੇ ਵੀ ਉਨਾਂ ਮੁਕਾਬਲਿਆਂ 'ਚ ਭਾਗ ਲੈਂਦੇ ਹੁੰਦੇ ਸਨ। ਰਸ਼ਪਾਲ ਫਰਵਾਲਾ ਨੇ ਜਲੰਧਰ ਰੇਡੀਓ ਤੋਂ ਵੀ ਤਿੰਨ ਵਾਰ ਦਿਹਾਤੀ ਪ੍ਰੋਗਰਾਮ ਵਿੱਚ ਗੀਤ ਪੇਸ਼ ਕਰਕੇ ਆਪਣੇ ਫ਼ਨ ਦਾ ਮੁਜਾਹਰਾ ਕੀਤਾ। ਆਪਣੇ ਅਤੇ ਹੋਰ ਗੀਤਕਾਰਾਂ ਦੇ ਲਿਖੇ ਗੀਤਾਂ ਦੀ ਇੱਕ ਕੈਸਟ ਐਚ ਐਮ ਵੀ ਅਤੇ ਦੋ ਕੈਸਟਾਂ ਅਮੀਰਕਾਂ 'ਚ ਵੀ ਪੰਜਾਬੀ ਗਾਇਕੀ ਦੀ ਝੋਲੀ ਪਾਈਆਂ। ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਦਾ ਕਾਲਜ ਵੇਲੇ ਦੇ ਸਰਕਾਰਮ ਕਾਰਕੁੰਨ, ਅਗਾਂਹਵਧੂ ਵਿਚਾਰਾਂ ਦੇ ਧਾਰਨੀ ਰਸ਼ਪਾਲ ਸਿੰਘ ਨੇ ਅਮੀਰਕਾ ਆ ਕੇ ਮੁੱਢਲੇ ਦਿਨਾਂ ਦੇ ਸੰਘਰਸ਼ 'ਚ ਮਜਦੂਰੀ, ਫੈਕਟਰੀਆਂ ਦਾ ਕੰਮ,ਗੱਲ ਕੀ ਜਿਹੜਾ ਕੰਮ ਮਿਲਿਆ ਕੀਤਾ। ਮਿਹਨਤ ਦਾ ਸਿੱਟਾ ਇਹ ਕਿ ਹੁਣ ਸੱਤ ਸਾਲ ਤੋਂ ਇੱਕ ਪਿਜਾ ਰੈਸਟੋਰੈਂਟ ਚਲਾਉਦੇ ਹਨ ਨਾਲੋ-ਨਾਲੋਂ ਅਵੱਲੇ ਸ਼ੌਕ ਪਾਲਦੇ ਹਨ। ਉਨਾਂ ਦੀ ਜੀਵਨ ਸਾਥਣ ਮਨਦੀਪ ਬਤੌਰ ਮੈਡੀਕਲ ਸਹਾਇਕ ਦੇ ਆਈਡੀਆਲੋਜੀ ਹਰਟ ਸਪੈਸ਼ਲਿਸਟ ਵਿਭਾਗ 'ਚ ਕੰਮ ਕਰਦਿਆਂ ਰੀਅਲ ਅਸਟੇਟ ਦਾ ਕੰਮ ਵੀ ਕਰਦੀ ਹੈ ਤੇ ਤੀਆਂ ਦੇ ਮੇਲੇ ਦੇ ਨਾਲ ਨਾਲ ਸੇਵਾ ਭਾਵਨਾ ਹਿੱਤ ਪੰਜਾਬੀਆਂ ਦੇ ਕੋਰਟਾਂ ਦਾ ਮਾਮਲਿਆਂ, ਇਮੀਗਰਸ਼ੇਨ ਆਦਿ ਹੋਰ ਕੰਮਾਂ ਦੇ ਫਾਰਮ ਆਦਿ ਭਰਨ ਦੇ ਵੰਡੇ ਖਰਚੇ ਵਾਲੇ ਕੰਮ ਅਤੇ ਦੋ ਭਾਸ਼ੀਏ ਤੇ ਤੌਰ ਤੇ ਪੰਜਾਬੀ ਔਰਤਾਂ ਦੀ ਸੇਵਾ 'ਚ ਵੱਡੀ ਭੂਮਿਕਾ ਨਿਭਾ ਰਹੀ ਹੈ। ਪਰਹਿਤ ਲਈ ਕਾਰਜਾਂ ਅਤੇ ਮਿਲਣਸਾਰ ਸੁਭਾਅ ਦਾ ਸਦਕਾ ਹੈ ਇਹ ਪਰਿਵਾਰ ਹਰ ਖੁਸ਼ੀ ਮਾਣ ਰਿਹਾ ਹੈ।

ਪਰਾਏ ਦੇਸ਼ 'ਚ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਦੇ ਹੁੰਦਿਆਂ ਕਈ ਵਾਰ ਮਨ ਆਪਣੇ ਦੇਸ਼ ਨੂੰ ਝੂਰਦਾ ਹੈ ਜਿਸ ਤਰ੍ਹਾਂ ਦਾ ਪੰਜਾਬ ਛੱਡ ਕੇ ਉਦੇਸ਼ ਗਏ ਸੀ ਉਸ ਤਰ੍ਹਾਂ ਦਾ ਹੀ ਦੇਖਣ ਨੂੰ ਹੀ ਜੀਅ ਕਰਦਾ ਹੈ। ਰਸ਼ਪਾਲ ਸਿੰਘ ਨੇ ਦੱਸਿਆ ਕਿ ਸੋਚਿਆ ਤਾਂ ਸੀ ਕਿ ਬਾਹਰ ਪੰਜ ਸੱਤ ਸਾਲ ਲਾ ਕੇ ਫਿਰ ਵਤਨ 'ਚ ਹੀ ਕੋਈ ਕਾਰੋਬਾਰ ਕਰਾਂਗੇ ਪਰ ਇੱਥੇ ਆ ਕੇ ਸਾਰਾ ਕਾਰੋਬਾਰੀ, ਸਮਾਜਿਕ ਤਾਣਾ ਬਾਣਾ ਐਸਾ ਬੁਣਿਆ ਗਿਆ ਜਿਸ ਨੂੰ ਛੱਡਣਾ ਹੋਰ ਵੀ ਮੁਸ਼ਕਿਲ ਹੋ ਗਿਆ ਹੈ ਮਨ ਗੱਲਾਂ ਗੁਣਗੁਣਾ ਕੇ ਭਾਵੁਕ ਹੋ ਜਾਂਦੇ ਹਾਂ:

ਕਿਵੇਂ ਭੁਲਾਵਾਂ ਤੂਤਾਂ ਵਾਲੇ ਖੂਹ ਦੀਆਂ ਟਿੰਡਾਂ ਨੂੰ,<br>
ਕਿਵੇਂ ਭੁਲਾਵਾਂ ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ,<br>
ਰਾਤ ਚਾਨਣੀ ਵਿੱਚ ਕੋਠੇ ਉੱਤੇ ਮੰਜੇ ਹੁੰਦੇ ਸੀ,<br>
ਆਉਂਦਾ ਯਾਦ ਪੰਜਾਬ ਬੜੇ ਦਿੰਨ ਚੰਗੇ ਹੁੰਦੇ ਸੀ।

ਪੰਜਾਬੀਆਂ ਦੇ ਵਿਦੇਸ਼ਾ ਵਿੱਚ ਜਾਣ ਦੇ ਰੁਝਾਨ ਕਈ ਵਾਰ ਮਾੜਾ ਕਿਹਾ ਜਾਂਦਾ ਹੈ ਤਾਂ ਰਸ਼ਪਾਲ ਨੇ ਦੱਸਿਆ ਕਿ ਇਹ ਤਾਂ ਕੰਧ ਟੱਪ ਕੇ ਹੀ ਪਤਾ ਲਗਦੈ ਕਿ ਇੱਧਰ ਨਰਕ ਅਤੇ ਉਧਰ ਸਵਰਗ ਹੁੰਦਾ ਹੈ। ਇਹ ਤਾਂ ਸਾਡੇ ਦੇਸ਼ ਦੇ ਸੁਚਾਰੂ ਪ੍ਰਬੰਧਕੀ ਢਾਂਚੇ ਦੀਆਂ ਵੱਡੀਆਂ ਕਮੀਆਂ ਹਨ। ਇੰਡੀਆਂ 'ਚ ਕੋਈ ਮਜ਼ਦੂਰ ਮਰਸਡੀਜ਼ ਕਾਰ ਨਹੀਂ ਲੈ ਸਕਦਾ। ਦੂਰ ਦੀ ਗੱਲ ਕੀ ਆਪਣੇ ਸਵਰਗੀ ਭਰਾਂ ਦੇ ਬੱਚਿਆਂ ਦੀ ਗੱਲ ਕਰਦੇ ਰਸ਼ਪਾਲ ਹੋਰੀਂ ਦੱਸਦੇ ਹਨ ਕਿ ਉਹ ਖੇਤੀਬਾੜੀ ਕਰਦੇ ਹੋਏ ਵੀ ਕਿੰਨੀ ਵਧੀਆਂ ਜ਼ਿੰਦਗੀ ਬਸਰ ਕਰਦੇ ਹਨ ਅਸੀਂ ਮਹਿਸੂਸ ਕਰ ਸਕਦੇ ਹਾਂ। ਸਹੀ ਢੰਗ ਨਾ਼ਲ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ। ਬਾਕੀ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਦੀ ਖੁਸ਼ਹਾਲੀ 'ਚ ਵੱਡਾ ਸਹਿਯੋਗ ਐਨ. ਆਰ. ਆਈਜ਼ ਦਾ ਹੈ ਜੋ ਆਪਣੇ ਲੋਕਾਂ ਲਈ ਗਾਹੇ-ਬਗਾਹੇ ਸਹਾਰਾ ਬਣ ਕੇ ਸਹੂਲਤਾਂ ਪ੍ਰਦਾਨ ਕਰਦੇ ਹਨ। ਰਸ਼ਪਾਲ ਹੋਰੀਂ ਆਪ ਵੀ ਦੱਸਦੇ ਹਨ ਕਿ ਇਹ ਪਿੰਡ ਨਾਲ ਆਪਣੀ ਸਾਂਝ ਬਣਾਈ ਰੱਖਣ ਹਿੱਤ ਲੜਕੀਆਂ ਦੇ ਵਿਆਹਾਂ, ਖੇਡਾਂ ਹੋਰ ਸਮਾਜਿਕ ਕੰਮਾਂ ਲਈ 'ਚ ਜ਼ਰੂਰ ਯੋਗਦਾਨ ਪਾਉਂਦੇ ਹਨ।

ਪਰ ਭਾਵੁਕ ਪਲਾਂ ਬਾਰੇ ਪੁੱਛਣ ਤੇ ਰਸ਼ਪਾਲ ਨੇ ਦੱਸਿਆਂ ਕਿ ਪਿੰਡ 'ਚ ਹੁਣ ਮਾਤਾ-ਪਿਤਾ ਦੇ ਹੁਣ ਦਾ ਝੋਰਾ ਬਹੁਤ ਵਾਰੀ ਭਾਵੁਕ ਕਰ ਜਾਂਦਾ ਹੈ। ਆਪਣੀ ਵਿਦੇਸ਼ 'ਚ ਰਹਿੰਦਿਆਂ ਪ੍ਰਾਪਤ ਕਾਮਯਾਬੀ ਅਤੇ ਸਮਾਜਿਕ ਸੱਭਿਆਚਾਰਕ ਸਰਗਰਮੀਆਂ 'ਚ ਸਫ਼ਲਤਾ ਦਾ ਕਾਰਨ ਇਸ ਮੂਲ ਮੰਤਰ ਨੂੰ ਜ਼ਿੰਦਗੀ 'ਚ ਲਾਗੂ ਕਰ ਲੈਣਾ ਵਡਮੁੱਲਾ ਮੰਨਦੇ ਹੋਏ ਰਸ਼ਪਾਲ ਹੋਰੀ ਦੱਸਦੇ ਹਨ ਕਿ ''ਨੀਅਤ ਸਾਫ਼ ਹੋਵੇ, ਮੰਜ਼ਿਲ ਤੈਅ ਹੋਵੇ ਲੋਕ ਆਪਣੇ ਆਪ ਤੁਹਾਡਾ ਸਾਥ ਦੇਣਗੇ।'' ਅਮਰੀਕਾ ਨਿਕਲਦੇ ਅਖ਼ਬਾਰ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੇ ਸਬੰਧ 'ਚ ਰਸ਼ਪਾਲ ਫਰਵਾਲਾ ਨੇ ਦੱਸਿਆ ਕਿ ਇਹ ਅਖਬਾਰ ਸਾਫ਼ ਸੁਥਰੇ ਅਕਸ, ਰਾਜਨੀਤੀ ਤੋਂ ਦੂਰ, ਸੇਧ ਦੇਣ ਵਾਲੇ ਹਨ।

ਸਮਾਜ ਦੇ ਹਰ ਪਹਿਲੂ ਇਨ੍ਹਾਂ ਵਿੱਚ ਵਿਚਾਰਿਆ ਜਾਂਦਾ ਹੈ। ਇੱਕ ਦੂਜੇ ਨੂੰ ਭੰਡਣ ਅਤੇ ਪੀਲੀ ਪੱਤਰਕਾਰੀ ਤੋਂ ਦੂਰ ਰਹਿ ਕੇ ਸਮਾਜਿਕ ਬਰਾਬਰਤਾ ਲਈ ਸਾਰਥਕ ਯਤਨ ਕਰ ਰਹੇ ਹਨ।

ਰਸ਼ਪਾਲ ਫਰਵਾਲਾ ਦੀ ਸਮੁੱਚੀ ਕਾਰਗੁਜ਼ਾਰੀ ਦੀ ਚਰਚਾ ਕਰਦਿਆਂ ਇੱਕ ਵਿਲੱਖਣ ਸਖਸ਼ੀਅਤ ਝਲਕ ਪੈਂਦੀ ਹੈ ਜੋ ਆਪਣੇ ਅਹਿਦ ਤੇ ਖਰਾ ਓਤਰਦਿਆਂ ਇੱਕ ਸਦੀ ਦੇ ਚੌਥੇ ਹਿੱਸੇ ਭਾਵ 25 ਸਾਲਾਂ ਤੋਂ ਸੱਭਿਆਚਾਰ ਦੀ ਸੇਵਾ 'ਚ ਸਮਰਪਣ ਦੀ ਭਾਵਨਾ ਨਾਲ ਕੰਮ ਕਰ ਰਿਹਾ ਹੈ। ਇੰਨਾ ਵੱਡਾ ਕਾਰਜ ਨਿਰੰਤਰ ਕਰਨਾ ਆਪਣੇ ਆਪ ਵਿਚ ਇੱਕ ਮਿਸਾਲ ਹੈ।

ਇਸ ਪਰਿਵਾਰ ਅਤੇ ਸਮੁੱਚੀ ਕਾਰਜਕਾਰੀ ਟੀਮ ਦੇ ਯਤਨਾਂ ਨਾਲ ਲਾਇਆ ਇਹ ਸੱਭਿਆਚਾਰ ਦਾ ਬੂਟਾ ਘਣਛਾਂਵਾਂ ਹੋਵੇ। ਬੁਲੰਦੀਆਂ ਛੋਹਣ ਵਾਲਾ ਗ੍ਰਾਫ਼ ਦਿਨੋ ਦਿਨ ਤਰੱਕੀ ਦਰਸਾਉਂਦਾ ਰਹੇ। ਰਸ਼ਪਾਲ ਫਰਵਾਲਾ ਹੋਰ ਪ੍ਰਾਪਤੀਆਂ ਨੂੰ ਜ਼ਿੰਦਗੀ ਦੀ ਕਿਤਾਬ 'ਚ ਚਾਂਦੀ ਰੰਗੇ ਪੰਨੇ ਜੋੜਦਿਆਂ ਇਸਨੂੰ ਹੋਰ ਸ਼ੋਭਾ ਮਈ ਬਣਾਵੇ।

**- ਰੇਸ਼ਮ ਕਰਨਾਣਵੀ**<br>
**(98158- 80104)**

# ਸ਼੍ਰੀ ਹਰਭਜਨ ਲਾਖਾ ਦਾ 'ਹੱਡਾ ਰੋੜੀ ਤੋਂ ਪਾਰਲੀਮੈਂਟ ਤੱਕ' ਦਾ ਸਫ਼ਰ

## ਕਦੇ ਸਾਇਕਲ 'ਤੇ ਚੋਣ ਪ੍ਰਚਾਰ ਕਰਕੇ ਬਣੇ ਸੀ 'ਐਮ ਪੀ'



**ਸੁਰਜੀਤ ਮਜਾਰੀ**<br>
**98721 93237**

1989 'ਚ ਲੋਕ ਸਭਾ ਚੋਣਾਂ ਦਾ ਪੰਜਾਬ 'ਚੋਂ ਪਹਿਲਾ ਨਤੀਜਾ ਸਾਹਮਣੇ ਆਇਆ ਸੀ ਤਾਂ ਬਹੁਜਨ ਸਮਾਜ ਪਾਰਟੀ 'ਚ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਹਰਭਜਨ ਲਾਖਾ ਤਾਤਕਲੀਨ ਲੋਕ ਸਭਾ ਹਲਕਾ ਫਿਲੌਰ ਤੋਂ ਵੱਡੇ ਫ਼ਰਕ ਨਾਲ ਐਮ ਪੀ ਚੁਣੇ ਗਏ ਸਨ। ਉਦੋਂ ਦੀ ਗੱਲ ਕਰਦਿਆਂ ਹਰਭਜਨ ਲਾਖਾ ਨੇ ਦੱਸਿਆ ਕਿ ਉਹਨਾਂ ਨੇ ਹਲਕੇ ਅੰਦਰ ਸਾਇਕਲ 'ਤੇ ਚੋਣ ਪ੍ਰਚਾਰ ਕੀਤਾ ਸੀ ਅਤੇ ਨਾ ਤਾਂ ਨਸ਼ਿਆਂ ਦਾ ਪ੍ਰਛਾਵਾਂ ਪੈਣ ਦਿੱਤਾ ਅਤੇ ਨਾ ਹੀ ਪੈਸਿਆਂ ਦੇ ਲਾਲਚ ਦਾ। ਉਹਨਾਂ ਅਨੁਸਾਰ ਜਦੋਂ ਮਿਸ਼ਨ 'ਸਮਾਜਿਕ ਪ੍ਰੀਵਰਤਨ ਅਤੇ ਆਰਥਿਕ ਮੁਕਤੀ ' ਦਾ ਹੋਵੇ ਤਾਂ ਲੋਕਾਂ ਦਾ ਤੁਹਾਡੇ ਨਾਲ ਤੁਰਨਾ ਸੁਭਾਵਿਕ ਹੁੰਦਾ ਹੈ ਤੇ ਇਹੀ ਵਰਤਾਰਾ ਉਦੋਂ ਵਾਪਰਿਆ ਤੇ ਲੋਕਾਂ ਨੇ ਉਹਨਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਐਮ ਪੀ ਬਣ ਕੇ ਹਰਭਜਨ ਲਾਖਾ ਖੇਤਰ 'ਚੋਂ ਕਿਸੇ ਵਰਕਰ ਦਾ ਆਇਆ ਟੈਲੀਫ਼ੂਨ ਵੀ ਖੁਦ ਸੁਣਦੇ ਸਨ, ਘਰ ਦਫ਼ਤਰ ਆਏ ਲੋਕਾਂ ਨੂੰ ਵੀ ਸਿੱਧੇ ਮਿਲਦੇ ਸਨ। ਇਥੋਂ ਤੱਕ ਉਦੋਂ ਤੋਂ ਲੈ ਕੇ ਹੁਣ ਤੱਕ ਉਹਨਾਂ ਸਫ਼ਰ ਵੀ ਜ਼ਿਆਦਾਤਰ ਰੋਡਵੇਜ਼ ਦੀਆਂ ਬੱਸਾਂ 'ਚ ਹੀ ਕੀਤਾ। ਹੁਣ ਜਦੋਂ ਮਿਸ਼ਨ 'ਤੇ ਸਿਆਸਤ ਭਾਰੂ ਹੋਣ ਕਾਰਨ ਉਹ ਪਾਰਟੀ ਤੋਂ ਅਲੱਗ ਹਨ ਤੇ ਹੁਣ ਉਹਨਾਂ ਦੀਆਂ ਅੱਖਾਂ ਦੀ ਨਮੀ ਤੇ ਬੋਲਾਂ ਦੀ ਭਾਵੁਕਤਾ ਇਕ ਕਹਾਣੀ ਆਪ ਮੁਹਾਰੇ ਬਿਆਨ ਕਰਦੀ ਹੈ ਕਿ ਜਦੋਂ ਹੱਥੀਂ ਲਾਏ ਮਿਸ਼ਨ ਦੇ ਬੂਟੇ 'ਤੇ ਰਾਜਸੀ ਮਾਹੌਲ ਭਾਰੂ ਹੋ ਜਾਵੇ ਤਾਂ ਸਮਰਪਿਤ ਸੇਵਾਵਾਂ ਨਿਭਾ ਕੇ ਕੀਤੀ ਮਿਹਨਤ ਦੀਆਂ ਯਾਦਾਂ ਆਪਣੇ ਆਪ 'ਚ ਨਾਸੂਰ ਬਣ ਜਾਂ-ਦੀਆਂ ਹਨ। ਉਹਨਾਂ ਪਿੰਡ ਕਰਨਾਣਾ ਦੇ ਲਹਿੰਦੇ ਪਾਸੇ ਛੋਟੀ ਜਿਹੀ ਗਲੀ ਦੀ ਨੁੱਕਰ 'ਤੇ ਬਣਾਏ ਘਰ 'ਚੋਂ ਲੋਕ ਭਲਾਈ ਹਿੱਤ ਸਫ਼ਰ ਆਰੰਭ ਕੀਤਾ ਸੀ। ਇੱਕ ਨਹੀਂ ਸਗੋਂ ਦੋ ਵਾਰ ਐਮ ਪੀ ਬਣਨ ਵਾਲੇ ਹਰਭਜਨ ਲਾਖਾ ਦਾ ਸਧਾਰਨ ਪਹਿਰਾਵਾ, ਠੇਠ ਬੋਲ ਚਾਲ ਵੀ ਜ਼ਿਕਰਯੋਗ ਹੈ।






ਸਰਕਾਰੀ ਨੌਕਰੀ ਤਿਆਗ ਕੇ ਬਸਪਾ ਦੇ ਬੈਨਰ ਹੇਠ ਸੰਘਰਸ਼ ਕਰਨ ਵਾਲੇ ਹਰਭਜਨ ਲਾਖਾ ਨੇ ਲੰਬਾ ਸਮਾਂ ਪਾਰਟੀ ਬਾਨੀ ਸਾਹਿਬ ਕਾਸ਼ੀ ਰਾਮ ਨਾਲ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਸਾਇਕਲ ਮਾਰਚ ਕੀਤਾ ਅਤੇ ਪਾਰਟੀ ਪ੍ਰਧਾਨ ਕੁਮਾਰੀ ਮਾਇਆਵਤੀ ਨਾਲ ਜੇਲਾਂ ਕੱਟੀਆਂ। ਹੁਣ ਉਹਨਾ ਦੇ ਪੁੱਤਰਾਂ ਨੇ ਉੱਕਤ ਜੀਵਨ ਸੰਘਰਸ਼ ਸਬੰਧੀ ਇੱਕ ਵੀਡੀਓ ਦਸਤਾਵੇਜ 'ਹੱਡਾ ਰੋੜੀ ਤੋਂ ਪਾਰਲੀਮੈਟ ਤੱਕ' ਤਿਆਰ ਕਰਵਾਈ ਹੈ।

ਹਰਭਜਨ ਲਾਖਾ ਅਨੁਸਾਰ, '' ਰਾਜਨੀਤਿਕ ਪਾਰਟੀਆਂ ਦਾ ਗਠਨ ਲੋਕਾਂ ਲਈ ਕੰਮ ਕਰਨ ਵਾਲੇ ਨੁਮਾਇੰਦੇ ਬਣਾਉਣ ਲਈ ਹੁੰਦਾ ਹੈ ਪਰ ਅੱਜ ਜਿਸ ਕਦਰ ਸ਼ਰਮਾਏਦਾਰੀ, ਪਰਿਵਾਰਵਾਦ ਅਤੇ ਧੱਕੇਸ਼ਾਹੀ ਨੇ ਦੇਸ਼ ਦੀ ਰਾਜਸੀ ਪ੍ਰਕਿਰਿਆ ਨੂੰ ਤਾਰੋ ਤਾਰ ਕਰ ਦਿੱਤਾ ਹੈ, ਉਹ ਬਹੁਤ ਮੰਦਭਾਗਾ ਹੈ।''

# ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੀ ਸਿਲਵਰ ਜੁਬਲੀ 19 ਅਪ੍ਰੈਲ ਨੂੰ

ਸੈਕਰਾਮੈਂਟੋ- ਸਮੂਹ ਪੰਜਾਬੀਆਂ ਲਈ ਇਹ ਇੰਤਹਾ ਖ਼ੁਸ਼ੀ ਤੇ ਫ਼ਖਰ ਵਾਲੀ ਗਲ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ 19 ਅਪ੍ਰੈਲ 2014 ਨੂੰ ਲਗਾਤਾਰ 25 ਵਰ੍ਹਿਆਂ ਦਾ ਮਾਣ ਮੱਤਾ ਸਫ਼ਰ ਤਹਿ ਕਰਦੀ ਹੋਈ ਸਿਲਵਰ ਜੁਬਲੀ ਦੀ ਦਹਿਲੀਜ਼ ਤੇ ਆਪਣੇ ਕਦਮ ਰੱਖ ਰਹੀ ਹੈ। 26 ਗੁਬਾਰਿਆਂ ਦੀ ਉੱਡਾਣ ਦੇ ਨਜ਼ਾਰੇ ਨੂੰ ਆਪਣੇ ਖਿਆਲਾਂ ਵਿਚ ਉਤਾਰਦਿਆਂ ਇਉਂ ਲਗਦਾ ਹੈ ਜਿਵੇਂ ਕੋਈ ਮਾਂ ਆਪਣੇ ਜਵਾਨ ਪੁੱਤਰ ਦਾ 26ਵਾਂ ਜਨਮ ਦਿਨ ਮਨਾ ਰਹੀ ਹੋਵੇ। ਜਾਂ ਕੋਈ ਪਰਬਤਾਰੋਹੀ ਸਿਖਰ ਤੇ ਪਹੁੰਚ ਕੇ, ਆਪਣੀ ਸਫਲਤਾ ਦਾ ਝੰਡਾ ਗੱਡ ਖੀਵਾ ਹੋ ਰਿਹਾ ਹੋਵੇ। ਪਰਾਈ ਧਰਤੀ ਦੇ ਅੰਬਰਾਂ ਤੇ ਜਦੋਂ ਅਸੀਂ ਅਨੇਕਾਂ ਸਭਿਆਚਾਰਾਂ ਦੇ ਆਤਿਸ਼ਬਾਜੀ ਰੰਗਾਂ ਵਿਚ ਆਪਣੇ ਅਮੁੱਲ ਵਿਰਸੇ ਵਾਲੇ ਪੰਜਾਬੀ ਸਭਿਆਚਾਰ ਦੇ ਖਿੜ੍ਹੇ ਰੰਗ ਮਾਣਦੇ ਹਾਂ ਤਾਂ ਰੂਹ ਇਉਂ ਸਰਸ਼ਾਰ ਹੋ ਜਾਂਦੀ ਹੈ ਕਿ ਕੁਝ ਕਹਿਣ ਲਈ ਅੱਖਰ ਵੀ ਊਣੇ ਊਣੇ ਲਗਦੇ ਨੇ। ਦੁਆਲੇ ਸਿਰਫ ਤੇ ਸਿਰਫ ਇਕ ਖੁਮਾਰੀ ਦਾ ਆਲਮ ਹੀ ਹੁੰਦਾ ਹੈ।

ਜੇ ਕਿਧਰੇ ਸਭਿਆਚਾਰ ਦੀ ਗੱਲ ਕਿਸੇ ਨਾਲ ਤੋਰ ਬੈਠੀਏ ਤਾਂ ਸਾਹਮਣਿਉਂ ਅਗਲਾ ਮੋਢੇ ਛੰਡਣ ਲੱਗ ਜਾਂਦਾ ਹੈ। ਅਸੀਂ ਆਪਣੇਂ ਦੇਸ ਤੋਂ ਪੈਸਾ ਕਮਾਉਣ, ਵਧੀਆ ਸਿਖਿਆ ਪ੍ਰਾਪਤੀ ਜਾਂ ਸਰਕਾਰੀ ਤਸ਼ੱਦਦ ਤੋਂ ਡਰਦੇ ਇਥੇ ਪਹੁੰਚਦੇ ਹਾਂ। ਇਥੇ ਆਕੇ ਸਾਡਾ ਵਾਹ ਇਕ ਵਖਰੀ ਕਿਸਮ ਦੇ ਲੋਕਾਂ ਅਤੇ ਮਹੌਲ ਨਾਲ ਪੈਂਦਾ ਹੈ । ਵੱਡੀਆਂ ਵੱਡੀਆਂ ਮਾਲਜ਼, ਸੈਵਨ ਅਲੈਵਨ, ਆਈ ਆਰ ਐਸ , ਵ਼ੱਖਰੀ ਬੋਲੀ ,ਪਹਿਰਾਵਾ ,ਇਕਲਤਾ ਅਤੇ ਹੋਰ ਅਜੇਹਾ ਕਿਨ੍ਹਾਂ ਕੁਝ ਸਾਨੂੰ ਅੰਦਰੋਂ ਵਿੰਨ੍ਹਣ ਲਗਦਾ ਹੈ। ਆਪਣੇ ਬਚਿਆਂ ਨੂੰ ਇਸ ਓਪਰੇ ਮਹੌਲ ਨਾਲ ਸਾਂਝ ਪਾਉਂਦਿਆਂ ਵੇਖ ਸਾਡੀ ਤੜਫ਼ਣ ਹੋਰ ਵਧਦੀ ਹੈ। ਨਤੀਜੇ ਵਜੋਂ ਅਸੀ ਉਹਨਾਂ ਸੱਭ ਦੁਸ਼ਵਾਰੀਆਂ ਨੂੰ ਜਿਹਨਾਂ ਕਾਰਣ ਇਥੇ ਆਉਣ ਲਈ ਮਜ਼ਬੂਰ ਹੋਏ ਘੱਟ ਕਰਕੇ ਦੇਖਣਾ ਸ਼ੁਰੂ ਕਰ ਦਿੰਦੇ ਹਾਂ। ਪਿਛੇ ਰਹਿ ਗਈ ਸਭਿਆਚਾਰਕ ਸੁੰਦਰਤਾ ਸਾਨੂੰ ਧੂਹ ਪਾਉਣ ਲਗਦੀ ਹੈ । ਸਦੀਆਂ ਤੋਂ ਚਲਦੇ ਆਉਂਦੇ ਜਨਮ ਤੋਂ ਮਰਨ ਤੱਕ ਦੇ ਰੀਤੀ ਰਿਵਾਜ, ਗਿਧੇ, ਭੰਗੜੇ, ਮੇਲੇ, ਮੌਸਮੀ ਤਿਉਹਾਰ, ਰੁੱਖ, ਗਲੀਆਂ, ਦੋਸਤਾਂ ਮਿਤਰਾਂ ਨਾਲ ਹੰਢਾਏ ਪਲ ਸਾਡੀ ਨੀਂਦ ਚੁਰਾਉਣ ਲਗਦੇ ਨੇ। ਗੱਲ ਕੀ ਜਿਵੇਂ ਚੱਕੀ ਦਾ ਗੇੜ ਪੁਠਾ ਚਲਣ ਲੱਗ ਪਵੇ । ਇਕ ਦਿਨ ਅਸੀਂ ਆਪਣੇ ਜੱਦੀ -ਪੁਸ਼ਤੀ ਮੁਲਕ ਤੋਂ ਤੰਗੀਆਂ ਤੁਰਸ਼ੀਆਂ ਦੇ ਮਾਰੇ ਏਧਰ ਦੌੜੇ ਸਾਂ ਤੇ ਜਦੋਂ ਏਧਰ ਦੀਆਂ ਹਕੀਕਤਾਂ ਨਾਲ ਵਾਹ ਪਿਆ ਫਿਰ ਪਿਛਾਂਹ ਦੌੜਨ ਦੀ ਸੋਚਣ ਲਗਦੇ ਹਾਂ।

ਨਿੱਤ ਪ੍ਰਤੀ ਦਿਨ ਵਾਪਰਦੀਆਂ ਅਜੇਹੀਆਂ ਸੰਵੇਦਨ ਸ਼ੀਲ ਗਲਾਂ ਸੂਖਮ ਮਨਾਂ ਤੇ ਗਹਿਰੇ ਪ੍ਰਭਾਵ ਉਕਰਦੀਆਂ ਰਹਿੰਦੀਆਂ ਹਨ। ਸੁਹਿਰਦ ਵਿਅਕਤੀ ਸਧਾਰਣ ਲੋਕਾਂ ਦੇ ਅਜੇਹੇ ਦਰਦਾਂ ਨੂੰ ਆਪਣਾ ਦਰਦ ਬਣਾ ਕੇ ਕੋਈ ਹੱਲ ਢੂੰਡਦੇ ਨੇ। ਕਿਸੇ ਐਸੇ ਪੁਲ ਦੀ ਸਿਰਜਣਾਂ ਵਿਚ ਲਗ ਜਾਂਦੇ ਨੇ ਜਿਸ ਨਾਲ ਦੋਹਾਂ ਪਾਸਿਆਂ ਦਾ ਮੇਲ ਸਥਾਪਤ ਹੋ ਸਕੇ। ਉਨ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਦੋਵੇਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ। ਸੁਲਝੇ ਹੋਏ ਸਮਾਜ ਸੇਵਕ ਕਈ ਢੰਗ ਅਪਣਾਉਦੇ ਹਨ। ਧਾਰਮਿਕ ਸਥਾਨ, ਮੀਡੀਆ, ਸਮਾਜਿਕ ਇਕਤ੍ਰਤਾਵਾਂ, ਤਿੱਥ ਤਿਉਹਾਰ, ਮੇਲੇ ਤੇ ਖੇਡਾਂ ਆਦਿ ਇਸ ਦੀਆਂ ਆਮ ਉਦਹਰਣਾਂ ਦਿਤੀਆਂ ਜਾ ਸਕਦੀਆਂ ਹਨ। ਵਿਸਾਖੀ ਤੇ ਤੀਆਂ ਦੇ ਮੇਲੇ ਵੀ ਜਿਨਾਂ ਨੂੰ ਅੱਜ ਕੱਲ ਅਸੀ ਹਰ ਕਸਬੇ ਜਾਂ ਸ਼ਹਿਰ ਵਿਚ ਪ੍ਰਫੁਲਤ ਹੁੰਦੇ ਵੇਖ ਰਹੇ ਹਾਂ ਇਸ ਖੇਤਰ ਵਿਚ ਬਹੁਤ ਵਧੀਆ ਕੰਮ ਕਰ ਰਹੇ ਹਨ । ਪਰ ਜਿਨ੍ਹਾਂ ਵਿਅਕਤੀਆਂ ਨੇ ਅਜੇਹੇ ਕੰਮਾਂ ਵਿਚ ਪਹਿਲ ਕੱਦਮੀ ਕੀਤੀ ਉਹਨਾਂ ਦੀ ਹਿੰਮਤ ਦੀ ਸਦਾ ਦਾਦ ਦੇਣੀ ਬਣਦੀ ਹੈ।

ਸਭਿਆਚਾਰ ਸ਼ਬਦ ਸੁਣਨ ਨੂੰ ਜਿਨ੍ਹਾ ਸੋਹਣਾ ਲਗਦਾ ਹੈ ਇਸ ਦੀ ਵਿਆਖਿਆ ਉਨੀ ਹੀ ਗੁੰਝਲਦਾਰ ਤੇ ਖੇਤਰ ਉਨ੍ਹਾਂ ਹੀ ਵਿਸ਼ਾਲ ਹੈ। ਕਈ ਵਾਰ ਤਾਂ ਇਸਦੇ ਆਪਣੇ ਸੁਹਜ ਭਰੇ ਅਰਥਾਂ ਦੀ ਅਨਰਥਾਂ ਵਿਚ ਹੀ ਵਰਤੋਂ ਹੋ ਰਹੀ ਨਜ਼ਰ ਆਉਂਦੀ ਹੈ। ਜਿਵੇਂ (ਪੁਲੀਸ ਜਾਂ ਕਾਰਪੋਰੇਟ ਘਰਾਣਿਆਂ ਦਾ ਸਭਿਆਚਾਰ)। ਪੰਜਾਬੀ ਸਭਿਆਚਾਰ ਜਿਹੜਾ ਬੋਹੜ ਦੇ ਭਰਵੇਂ ਰੁੱਖ ਵਰਗਾ ਹੈ। ਇਸ ਦੀਆਂ ਅਨੇਕ ਸ਼ਾਖਾਂ ਹਨ। ਸਮੇਂ ਤੇ ਸਥਾਨ ਦੇ ਨਾਲ ਨਾਲ ਇਸ ਵਿਚ ਤਬਦੀਲੀ ਜਾਂ ਨਵਾਂਪਣ ਆਉਣਾ ਵੀ ਸਹਿਜ ਸੁਭਾਵਿਕ ਹੈ । ਜਿਸ ਨੂੰ ਅਸੀਂ ਹਰ ਰੋਜ਼ ਦੇਖਦੇ ਹਾਂ। ਉਸਦੀਆਂ ਬਹੁਤ ਸਾਰੀਆਂ ਗਲਾਂ ਸਾਨੂੰ ਲੁਭਾਉਂਦੀਆਂ ਵੀ ਨੇ। ਪਰ ਉਨ੍ਹਾਂ ਨਾਲ ਨਰੋਏ ਸਬੰਧ ਬਣਾਉਣ ਤੋਂ ਝਿਜਕਦੇ ਹਾਂ।

ਸਭਿਆਚਾਰ ਵਿਚ ਲੋਕ ਸਮੂਹ ਦੀ ਸ਼ਮੂਲੀਅਤ ਹੁੰਦੀ ਹੈ। ਜਿਸ ਵਿਚ ਭਾਵਾਂ ਦੀ ਕੋਮਲਤਾ ਪ੍ਰਬਲ ਰਹਿੰਦੀ ਹੈ। ਇਸ ਨੂੰ ਸਮਿਆਂ ਦਾ ਹਾਣੀ ਬਣਾਈ ਰੱਖਣਾ। ਕਿਸੇ ਇਕਲੇ ਇਕਹਿਰੇ ਵਿਅਕਤੀ ਜਾਂ ਸੰਸਥਾ ਦੀ ਸਮਰੱਥਾ ਤੋਂ ਬਾਹਰ ਦੀ ਗਲ ਹੈ। ਪਰ ਇਹ ਵੀ ਸੱਚ ਹੈ ਕਿ ਗਮਲਿਆਂ ਵਿਚ ਖਿੜ੍ਹੇ ਫੁਲਾਂ ਦੀ ਮਹਿਕ ਤੇ ਸੁੰਦਰਤਾ ਵੀ ਆਪਣਾ ਪੂਰਾ ਰੰਗ ਵਿਖਾਉਂਦੀ ਹੈ। ਨਿਸ਼ਚੇ ਵਿਚ ਜਿੱਤ ਹੁੰਦੀ ਹੈ। ਕਿਸੇ ਕਾਰਜ਼ ਨੂੰ ਸਮਰਪਿਤ ਵਿਅਕਤੀ ਸਮੇਂ ਦੀਆਂ ਰਾਹਾਂ ਤੇ ਆਪਣੇ ਪੈਰਾਂ ਦੇ ਨਿਸ਼ਾਨ ਛੱਡਕੇ ਹੀ ਜਾਂਦੇ ਨੇ। ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਭਾਵੇਂ ਉਹਨਾਂ ਸੰਸਥਾਵਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਪੰਜਾਬ ਦੇ ਦੋ ਮੁੱਖ ਤਿਉਹਾਰਾਂ ਵਿਸਾਖੀ ਅਤੇ ਤੀਆਂ ਨੂੰ ਇਹਨਾਂ ਮੁਲਕਾਂ ਵਿਚ ਸਭਿਆਚਾਰ ਦੇ ਪਾਸਾਰ ਲਈ ਚੁਣਿਆ ਹੈ। ਪਰ ਇਸ ਦੀਆਂ ਕੁਝ ਖਾਸ ਵੱਖਰਤਾਵਾਂ ਵੀ ਹਨ। ਇਸ ਦਾ ਇਸ ਵਰ੍ਹੇ ਸਿਲਵਰ ਯੁਬਲੀ ਮਨਾਉਣਾਂ ਵੀ ਬਹੁਤ ਵਡੀ ਪ੍ਰਾਪਤੀ ਹੈ। ਅੱਜ ਤੋਂ 25 ਵਰ੍ਹੇ ਪਹਿਲਾਂ ਦੇ ਸਮੇਂ ਦਾ ਜਦੋਂ ਅਸੀਂ ਤੱਸਵਰ ਕਰਦੇ ਹਾਂ , ਤਾਂ ਹੈਰਾਨ ਹੋਣ ਲਗਦੇ ਹਾਂ। ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਵਿਚ ਕਿਸੇ ਮੇਲੇ ਦਾ ਨਾਂ ਥੇਹ ਵੀ ਸੁਣਨ ਨੂੰ ਨਹੀਂ ਸੀ ਮਿਲਦਾ। ਉਸ ਵੇਲੇ ਚੁੱਕੇ ਇਸ ਸਜੋਗ ਕਦਮ ਬਾਰੇ ਸੋਚਕੇ ਇਸ ਦੀ ਕਦਰ ਸਾਡੇ ਮੱਨ ਵਿਚ ਆਪਣੇ ਆਪ ਬਣਨੀ ਸ਼ੁਰੂ ਹੋ ਜਾਂਦੀ ਹੈ। ਰਛਪਾਲ ਸਿੰਘ ਫਰਵਾਲਾ ਦੇ ਮਨ ਵਿਚ ਇਸ ਸੰਸਥਾ ਦਾ ਝੰਡਾ ਬਰਦਾਰ ਬਣਨ ਦਾ ਖਿਆਲ ਉਹਨਾਂ ਦੇ ਮਨ ਅੰਦਰ ਬਚਪਨ ਤੋਂ ਸਭਿਆਚਾਰ ਪ੍ਰਤੀ ਪਲ ਰਿਹਾ ਅੰਤਾਂ ਦਾ ਗਹਿਰਾ ਮੋਹ ਹੈ। ਉਹਨਾਂ ਦੇ ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲੀ ਇਹ ਦਰਦਭਿੰਨੀ ਹੂਕ ਇਸ ਮੰਤਵ ਪ੍ਰਤੀ ਕਿਨੀ ਸਾਰਥਿਕ ਹੋ ਨਿਬੜਦੀ ਹੈ।

ਕਿਵੇਂ ਭੁਲਾਵਾਂ
ਤੂਤਾਂ ਵਾਲੇ ਖੂਹ ਦੀਆਂ ਟਿੰਡਾਂ ਨੂੰ ।
ਕਿਵੇਂ ਭੁਲਾਵਾਂ
ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ ।
ਰਾਤ ਚਾਨਣੀ ਵਿੱਚ, ਕੋਠੇ ਉਤੇ ਮੰਜੇ ਹੁੰਦੇ ਸੀ ।
ਆਉਂਦਾ ਯਾਦ ਪੰਜਾਬ
ਬੜੇ ਦਿਨ ਚੰਗੇ ਹੁੰਦੇ ਸੀ ।

ਉਦਮ ਨਾਲ ਪੁਟਿਆ ਹਰ ਕਦਮ ਕਾਫਲਾ ਬਣ ਜਾਂਦਾ ਹੈ। ਸ਼ੁਰੂ ਦੇ ਸਾਲ ਸੰਨ 1990 ਵਿਚ ਇਸ ਸੰਸਥਾ ਨਾਲ ਕੁਝ ਗਿਣੇ ਚੁਣੇ ਬੰਦੇ ਹੀ ਸਨ ।ਇਨ੍ਹਾਂ ਵਿਚ ਪਰਮਜੀਤ ਧਾਲੀਵਾਲ, ਸਤਿਨਾਮ ਸਿੰਘ, ਡਾ: ਜਸਬੀਰ ਕੰਗ, ਡਾ: ਘੁੰਮਣ ਤੇ ਡਾ:ਅਜੀਤ ਸਿੰਘ ਭੰਡਾਲ ਦਾ ਨਾਂ ਸ਼ਾਮਲ ਹੈ। ਸੋਹਣ ਸਿੰਘ ਢੋਲਾ ਨੇ ਸਟੇਜ ਸਕਤਰ ਦੇ ਤੌਰ ਤੇ ਸਾਥ ਦਿਤਾ। ਇਹਨਾਂ ਇਹ ਪ੍ਰਣ ਲਿਆ ਸੀ ਕਿ ਇਹ ਸੰਸਥਾ ਹਮੇਸ਼ਾ ਪੰਜਾਬੀ ਸਭਿਆਚਾਰ ਦਾ ਬਦਲਦੇ ਹਾਲਾਤਾਂ ਨਾਲ ਤਾਲਮੇਲ ਬਠਾਉਂਦਿਆਂ ,ਉਸ ਵਿਚਲੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਸੰਭਾਲਣ ਦੀ ਨਿਰੰਤਰ ਕੋਸ਼ਿਸ ਕਰਦੀ ਰਹੇਗੀ। ਤਾਂ ਕਿ ਪੱਛਮੀ ਮਹੌਲ ਵਿਚ ਪਲਣ ਵਾਲੀਆਂ ਭਵਿੱਖੀ ਪਨੀਰੀਆਂ ਨਿਰੰਤਰ ਆਪਣੀਆਂ ਜੜ੍ਹਾਂ ਨਾਲ ਜੁੜੀਆਂ ਰਹਿਣ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੀਆਂ ਟੀਮਾਂ ਨੂੰ ਆਪਣੀ ਦੇਖ ਰੇਖ ਹੇਠ ਸਿਖਲਾਈ ਦਿਤੀ ਜਾਵੇਗੀ। ਮਨੁਖੀ ਕਦਰਾਂ ਕੀਮਤਾਂ ਦੇ ਰਖਵਾਲੇ ਸਥਾਨਿਕ ਕਲਾਕਾਰਾਂ ਨੂੰ ਹੀ ਸਟੇਜ ਤੇ ਬੁਲਾਇਆ ਜਾਵੇਗਾ।

ਸੰਨ 2000 ਤੋਂ ਬੀਬੀ ਮਨਦੀਪ ਕੌਰ ਫਰਵਾਲਾ, ਬਲਦੇਵ ਕੌਰ, ਬੀਬੀ ਰਛਪਾਲ ਪਰਹਾਰ ਤੇ ਉਸਦੀ ਟੀਮ ਵਲੋਂ ਸ਼ੁਰੂ ਕੀਤੀਆਂ ਗਈਆਂ ਤੀਆਂ ਵੀ ਇਸੇ ਧਾਰਣਾਂ ਨੂੰ ਲੈਕੇ ਚਲ ਰਹੀਆਂ ਹਨ। ਵਿਸਾਖੀ ਦਾ ਮੇਲਾ ਅਪ੍ਰੈਲ ਦੇ ਹਰ ਤੀਸਰੇ ਸ਼ਨੀਚਰਵਾਰ ਤੇ ਤੀਆਂ ਦਾ ਅਗਸਤ ਦੇ ਹਰ ਤੀਸਰੇ ਐਤਵਾਰ ਮਨਾਇਆ ਜਾਂਦਾ ਹੈ। ਇਹਨਾਂ ਦੋਹਾਂ ਮੇਲਿਆਂ ਦੀ ਸਟੇਜ ਤੇ ਹੁਣ ਤੱਕ ਛੇ ਹਜ਼ਾਰ ਤੋਂ ਵੀ ਵੱਧ ਕਲਾਕਾਰ ਆ ਚੁਕੇ ਹੱਨ।

ਇਸ ਸੰਸਥਾ ਵਲੋਂ ਹੁਣ ਤੱਕ ਪੰਜ ਸੌ ਅਜੇਹੀਆਂ ਹਸਤੀਆਂ ਨੂੰ ਸਨਮਾਨਿਤ ਕੀਤਾ ਜਾ ਚੁਕਾ ਹੈ ਜਿਨ੍ਹਾਂ ਨੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਕਿਸੇ ਨਾ ਕਿਸੇ ਰੂਪ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਮੁੱਖ ਮਹਿਮਾਨ ਦੇ ਤੌਰ 'ਤੇ ਹਰ ਵਰ੍ਹੇ ਕਿਸੇ ਅਸੈਂਬਲੀਮੈਨ ਜਾਂ ਕਿਸੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ ਨੂੰ ਸਦਿਆ ਜਾਂਦਾ ਹੈ। ਇਸ ਸੰਸਥਾ ਨੂੰ ਕੈਲੀਫੋਰਨੀਆ ਸਟੇਟ ਅਵਾਰਡ ਅਤੇ ਸੈਕਰਾਮੈਂਟੋ ਕਾਉਂਟੀ ਵਲੋਂ ਵੀ ਸਨਮਾਨ ਪ੍ਰਾਪਤ ਹੋ ਚੁਕਾ ਹੈ। ਮੇਲੇ ਦਾ ਪ੍ਰਭਾਵ ਤੇ ਪ੍ਰਬੰਧ ਇਹਨਾਂ ਵਧੀਆ ਹੈ ਕਿ ਸਪਾਂਸਰਾਂ ਦੀ ਇਕ ਵਡੀ ਟੀਮ ਹਮੇਸ਼ਾ ਇਸ ਸੰਸਥਾ ਨਾਲ ਜੁੜੀ ਚਲੀ ਆ ਰਹੀ ਹੈ। ਇਸ ਦਾ ਇਕ ਵੱਡਾ ਕਾਰਨ ਇਸ ਦੇ ਆਮਦਨ ਖ਼ਰਚ ਦੇ ਵੇਰਵੇ ਦੀ ਪਾਰਦਰਸ਼ਤਾ ਵੀ ਹੈ।

ਮੇਲੇ ਦੇ ਮੌਕੇ ਤੇ ਵੱਖ ਵੱਖ ਪੰਜਾਬੀ ਸਟਾਲ ਲਾ ਕੇ ਇਕ ਅਦੁਭੁਤ ਨਜ਼ਾਰਾ ਪੇਸ਼ ਕੀਤਾ ਜਾਂਦਾ ਹੈ । ਮੇਲੇ ਦੇ ਪੂਰੇ ਸਮੇਂ ਦੌਰਾਨ ਪਿੰਡ ਦੀ ਸਾਂਝ ਵਰਗਾ ਮਹੌਲ ਬਣਿਆ ਰਹਿੰਦਾ ਹੈ। ਅਜੇਹੇ ਹੋਰ ਵੀ ਕਈ ਕਾਰਣਾਂ ਕਰਕੇ ਇਹ ਸੰਸਥਾ ਦੂਰ ਦੂਰ ਤੀਕ ਆਪਣੀ ਪੈਂਠ ਬਣਾ ਚੁਕੀ ਹੈ। ਭਵਿਖ ਵਿਚ ਅਸੀਂ ਇਸ ਤੋਂ ਹੋਰ ਵੀ ਵਡੀਆਂ ਪ੍ਰਾਪਤੀਆਂ ਦੀ ਆਸ ਰਖ ਸਕਦੇ ਹਾਂ।

**– ਹਰਜਿੰਦਰ ਪੰਧੇਰ –209-610-5055**

# ਕੂੱਲ ਪੰਜਾਬੀ ਵਿਰਸਾ ਗਰੁੱਪ ਸਟਾਕਟਨ ਵੱਲੋਂ ਇਕ ਵਿਲੱਖਣ ਸਮਾਜਕ ਸਭਿਆਚਾਰਕ ਸਮਾਗਮ

(ਸਟਾਕਟਨ- ਹਰਜਿੰਦਰ ਪੰਧੇਰ) ਸਮੁੱਚੇ ਪਰਵਾਸੀ ਸਾਹਿਤਕ ਸਭਿਆਚਾਰਕ ਖੇਤਰ ਵਿਚ ਇਹ ਖ਼ਬਰ ਬੜੇ ਮਾਣ ਅਤੇ ਉਤਸ਼ਾਹ ਨਾਲ ਪੜ੍ਹੀ ਜਾਵੇਗੀ ਕਿ ਰੰਗ ਮੰਚ ਦੀ ਪ੍ਰਸਿੱਧ ਜੋੜੀ ਪਰਮਜੀਤ ਤੇ ਰੇਣੂ ਸਿੰਘ ਨੇ ਆਪਣੀ ਦੋਹਤੀ ਉਨਤੀ ਦਾ ਪਹਿਲਾ ਜਨਮ ਦਿਨ 'ਏਕਤਾ 'ਚ ਅਨੇਕਤਾ' ਦੇ ਸੰਦੇਸ਼ ਨੂੰ ਸਮਰਪਤ ਕੀਤਾ। ਇਸ ਮੌਕੇ ਤੇ ਹਾਜ਼ਰ ਸਮੂਹ ਲੋਕਾਂ ਨੇ ਕਰਾਂਤੀਕਾਰੀ ਗੀਤਾਂ ਦੀ ਫਿਜ਼ਾ ਦਾ ਅਨੰਦ ਮਾਣਦਿਆਂ ਇਹ ਦਿਨ ਇਕ ਵਿਲੱਖਣ ਢੰਗ ਨਾਲ ਮਨਾਇਆ। ਇਸ ਸ਼ੁਭ ਮੌਕੇ 'ਤੇ ਲੇਖਕਾਂ, ਕਲਾਕਾਰਾਂ ਅਤੇ ਸਮਾਜਕ ਧਾਰਮਕ ਅਦਾਰਿਆਂ ਦੇ ਅਨੇਕ ਮੈਂਬਰਾਂ ਅਤੇ ਆਗੂਆਂ ਤੋਂ ਸਿਵਾ ਵਿਪਾਰਕ ਅਦਾਰਿਆਂ ਦੇ ਸੁਹਿੱਰਦ ਸਜਣਾਂ ਮਿਤਰਾਂ ਨੇ ਵੀ ਖੁਸ਼ਕਿਸਮਤ ਬੱਚੀ ਨੂੰ ਦੁਆਵਾਂ ਨਾਲ ਲੱਦਿਆ। ਬੀਤੇ ਸ਼ਨਿਚਰਵਾਰ ਦੀ ਸੋਨ-ਸਵੇਰ ਨੂੰ ਜਦੋਂ ਅੰਬਰ ਤੋਂ ਸੂਰਜ ਸੁਰਖੀ ਰੰਗ ਦੀ ਚਾਦਰ ਤਾਣ ਰਿਹਾ ਸੀ ਤਾਂ ਏਧਰ ਪਰਮਜੀਤ ਤੇ ਰੇਣੂੰ ਪਰਿਵਾਰ ਦੇ ਗ੍ਰਹਿ ਵਿਖੇ ਮੱਘਦੀਆਂ ਸੋਚਾਂ ਦੀ ਪੈੜਚਾਲ ਸ਼ੁਰੂ ਹੋ ਰਹੀ ਸੀ। ਚਿਹਰਿਆਂ 'ਤੇ ਜਲੌਅ, ਬੋਲਾਂ 'ਚ ਮਹਿਕ ਤੇ ਹਾਸਿਆਂ ਦੀ ਟੁਣਕਾਰ ਇਕ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀ ਸੀ। ਇਹ ਸਾਰੇ ਲੋਕ ਮਹਿਜ਼ ਕਿਸੇ ਰਸਮ ਦੀ ਪੂਰਤੀ ਲਈ ਨਹੀਂ, ਸਗੋਂ ਉਨਤੀ ਨੂੰ ਆਪਣੀ ਬੇਟੀ ਵਾਂਗ ਅਸੀਸਾਂ ਦੇਣ ਵੀ ਆਏ ਸਨ ਅਤੇ ਉਸ ਸਮਾਜਕ ਸਭਿਆਚਾਰਕ ਭਾਈਚਾਰਕ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਵੀ ਆਏ ਸਨ, ਜਿਸਨੂੰ ਹਰ ਲੋਕ-ਦੋਖੀ ਸਿਸਟਮ ਤਹਿਸ-ਨਹਿਸ ਕਰ ਰਿਹਾ ਹੈ, ਪਰਵਾਸੀ ਲੋਕਾਂ ਨੂੰ ਮਸ਼ੀਨਾਂ ਦੇ ਪੁਰਜੇ ਬਣਾ ਕੇ ਮਨਾਂ ਵਿਚ ਬੇਗਾਨਗੀ ਦਾ ਅਹਿਸਾਸ ਭਰ ਰਿਹਾ ਹੈ।



ਉਨਤੀ ਉਹਨਾਂ ਖੁਸ਼ ਕਿਸਮਤ ਬੱਚੀਆਂ ਵਿਚੋ ਇਕ ਹੈ ਜਿਸ ਨੂੰ ਖਾਨਦਾਨੀ ਵਿਰਾਸਤ ਵਿਚੋਂ ਮਾਣ ਤੇ ਫ਼ਖਰ ਦਾ ਖਜ਼ਾਨਾ ਹੱਥ ਲਗਿਆ ਹੈ। ਉਸ ਦੇ ਨਾਨਾ ਨਾਨੀ ਉਹਨਾ ਜੁਝਾਰੂਆਂ ਵਿਚੋਂ ਹਨ ਜਿਹੜੇ ਲੋਕ ਪੱਖੀ ਸੰਗਰਾਮ ਲਈ ਆਪਣਾ ਸਭ ਕੁਝ ਵਾਰ ਦਿੰਦੇ ਹਨ। ਆਪਣੇ ਦਿਲ ਬਾਲ ਕੇ ਲੋਕਾਂ ਦੇ ਘਰ ਰੁਸ਼ਨਾਉਂਦੇ ਹਨ। ਸਿਰਜਣਾਤਮਿਕ ਮੋਢਿਆਂ ਦੇ ਨਾਲ ਮੋਢਾ ਲਾ ਕੇ ਤੁਰਦੇ ਹਨ । ਸੁੱਤਿਆਂ ਨੂੰ ਜਗਾਉਣ ਲਈ 'ਜਾਗੋ' ਗਾਉਂਦੇ ਹਨ। ਉਨਤੀ ਦੇ ਜਨਮ ਦਿਨ 'ਤੇ ਵੀ ਇਹ ਹੀ ਬੋਲ ਜਾਗੋ ਬਣ ਕੇ ਗੂੰਜ ਰਹੇ ਸਨ: 'ਮਿਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ ....' ਮਹਿੰਦਰ ਸਾਥੀ ਦਾ ਲਿਖਿਆ ਇਹ ਗੀਤ ਇਕ ਮੈਕਸੀਕਨ ਪਰਿਵਾਰ ਦੇ ਬੱਚਿਆਂ ਨੇ ਪੰਜਾਬੀ ਵਿਚ ਗੁਰਸ਼ਰਨ ਭਾਅ ਜੀ ਦੇ ਨਾਟ-ਮੰਚ ਦੀ ਤਰਜ਼ 'ਤੇ ਗਾ ਕੇ ਸੁਣਨ ਵਾਲਿਆਂ ਨੂੰ ਹੈਰਾਨ ਕਰ ਦਿੱਤਾ।

ਇਸ ਦੇ ਨਾਲ ਹੀ ਪ੍ਰੋ. ਹਰਭਜਨ ਸਿੰਘ ਦੇ ਪੱਤਰ ਦੇ ਇਹ ਬੋਲ ਗੂੰਜ ਉੱਠੇ:

"ਉਨਤੀ ਨੂੰ ਵੱਡੀ ਹੋ ਕੇ ਇਸ ਗੱਲ ਉਪਰ ਬਹੁਤ ਹੀ ਵੱਡਾ ਮਾਣ ਹੋਵੇਗਾ ਕਿ ਉਸ ਦੇ ਨਾਨਾ ਜੀ ਅਤੇ ਨਾਨੀ ਜੀ ਉਨ੍ਹਾਂ ਮਹਾਂ ਪੁਰਸ਼ਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੇ ਪੂਰੀ ਦੁਨੀਆਂ ਦੇ ਹਨੇਰਿਆਂ ਕੋਨਿਆਂ ਨੂੰ ਰੁਸ਼ਨਾਉਣ ਲਈ ਸਦਾ ਰੌਸ਼ਨੀ ਵੰਡਣ ਦਾ ਕੰਮ ਕੀਤਾ। ਸ਼ਾਲਾ! ਕਿ ਉਨਤੀ ਵੀ ਵੱਡੀ ਹੋ ਕੇ ਤੁਹਾਡੇ ਇਸ ਯੋਗਦਾਨ ਤੋਂ ਪ੍ਰੇਰਿਤ ਹੋ ਕੇ ਆਪਣੇ ਦਿਲ ਵਿਚ ਉਹ ਮਿਸ਼ਾਲ ਬਲਦੀ ਰੱਖੇ ਜੋ ਤੁਸੀਂ ਪਹਿਲਾਂ ਪੰਜਾਬ ਤੇ ਹਿੰਦੁਸਤਾਨ ਵਿਚ ਜਗਾਈ ਤੇ ਫਿਰ ਅਮਰੀਕਾ ਆ ਕੇ ਵੀ ਬੁਝਣ ਨਹੀਂ ਦਿੱਤੀ। ਤੁਸੀਂ ਕਰਾਂਤੀਕਾਰੀ ਗੀਤ ਸੰਗੀਤ ਦੀਆਂ ਅਜਿਹੀਆਂ ਤਰੰਗਾਂ ਪੈਦਾ ਕੀਤੀਆਂ ਹਨ ਜੋ ਸੁੱਤੇ ਪਏ ਮਨੁੱਖ ਨੂੰ ਜਗਾਉਣ ਦੀ ਸਮਰਥਾ ਰੱਖਦੀਆਂ ਹਨ, ਜਾਗਦੇ ਮਨੁੱਖ ਨੂੰ ਆਪਣੇ ਸੁਪਨੇ ਵੀ ਜਾਗਦੇ ਰੱਖਣ ਦਾ ਪੈਗਾਮ ਦੇਂਦੀਆਂ ਹਨ। ਤੁਹਾਡੀ ਕਲਾ ਨੂੰ ਅਸੀਂ ਸਿਜਦਾ ਕਰਦੇ ਹਾਂ ਤੇ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਆਪਣੇ ਹੋਰ ਵਾਰਸ ਪੈਦਾ ਕਰਕੇ ਇਸ ਕਲਾਤਮਕ ਮਿਸ਼ਾਲ ਨੂੰ ਜਲਦੀ ਰੱਖਣ ਲਈ ਸਦਾ ਜੂਝਦੇ ਰਹੋਗੇ।"

ਇਸ ਮੌਕੇ ਤੇ ਫਰਾਂਸ ਤੋਂ ਵਿਸੇਸ਼ ਤੌਰ 'ਤੇ ਇਥੇ ਪਹੁੰਚੀ ਡਾਂਸਰ ਜੋੜੀ 'ਲੈਸਟਵਿਨ ਬਰਦਰਜ਼' ਨੇ ਸੰਗੀਤਕ ਧੁਨਾਂ ਭਰੀ ਅਸ਼ੀਰਵਾਦ ਦਿਤੀ। ਸਮਾਗਮ ਵਿਚ ਪਹੁੰਚੇ ਇਕ ਗੋਰੇ ਪਰਿਵਾਰ ਨੇ ਅਗਲੇ ਦਿਨ ਈ ਮੇਲ ਸੁਨੇਹਾ ਭੇਜਦਿਆਂ ਲਿਖਿਆ ਹੈ ਕਿ 'ਇਸ ਸ਼ਾਨਦਾਰ ਸਮਾਗਮ ਦੀਆਂ ਸਿਮਰਿਤੀ ਧੁੰਨਾਂ ਸਾਰੀ ਰਾਤ ਸਾਨੂੰ ਅਨੰਦਿਤ ਕਰਦੀਆਂ ਰਹੀਆਂ' । ਦਿੱਲੀ ਤੋਂ ਸਹਾਇਕ ਸਮਾਜ ਭਲਾਈ ਮੰਤਰੀ ਆਪਣੀ ਬਚੀ ਮੀਨੂੰ ਨਾਲ ਪਹੁੰਚੇ ਹੋਏ ਸਨ। ਲਛਮਣ ਸਿੰਘ ਤੇ ਮਹਿੰਦਰ ਕੌਰ ਲਾਸ ਏਂਜ਼ਲਸ ਤੋਂ ਆਏ। ਸੰਤ ਨਿਰੰਕਾਰੀ ਮਿਸ਼ਨ ਦੇ ਅਮਰੀਕਨ ਯੂਨਿਟ ਦੇ ਪ੍ਰਧਾਨ ਡਾ. ਇਕਬਾਲ ਜੀ ਤਰਾਏ ਤੇ ਉਹਨਾਂ ਦੀ ਸੁਪਤਨੀ ਟਰੇਸੀ ਵੀ ਹਾਜ਼ਰ ਹੋਏ। ਹਿੰਦੂ ਮੰਦਿਰ ਤੋਂ ਪੁਜਾਰੀ ਸ੍ਰੀ ਪਰਮਚੇਤਨਾ ਨੰਦ ਤੇ ਮਨਟੀਕਾ ਗੁਰਦਵਾਰਾ ਸਾਹਿਬ ਤੋਂ ਸੰਧੂ ਸਾਹਿਬ ਵਿਸੇਸ਼ ਤੌਰ ਤੇ ਪਹੁੰਚੇ। 'ਕਿੰਗ ਆਫ ਸਟਾਕਟਨ' ਦੇ ਨਾਂ ਨਾਲ ਜਾਣੇ ਜਾਂਦੇ ( ਐਸ ਐਂਡ ਐਸ, ਆਟੋ ਮਾਲ) ਦੇ ਮਾਲਕ ਸੁਰਿੰਦਰ ਪਾਲ ਸਿੰਘ ਨੇ ਪਰਿਵਾਰ ਸਮੇਤ ਖੁਸ਼ੀਆਂ ਮਾਣੀਆਂ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ) ਵੱਲੋਂ ਪ੍ਰਿੰਸੀਪਲ ਹਰਨੇਕ ਸਿੰਘ, ਮਨਜੀਤ ਕੌਰ ਸੰਧੂ ਅਤੇ ਤਾਰਾ ਸਿੰਘ ਸਾਗਰ ਨੇ ਮੌਕੇ 'ਤੇ ਪਹੁੰਚ ਕੇ ਬੱਚੀ ਨੂੰ ਮੁਬਾਰਕਾਂ ਬਖਸ਼ੀਆਂ। ਇਥੇ ਇਕ ਖਾਸ ਗਲ ਵਰਣਨ ਯੋਗ ਹੈ ਕਿ ਪਰਮਜੀਤ ਤੇ ਰੇਣੂੰ ਸਿੰਘ ਪੰਜਾਬੀ ਸਾਹਿਤ ਸਭਾ ਵਲੋਂ ਉਲੀਕੇ ਗਏ ਸਮਾਗਮਾਂ ਵਿਚ ਅਨੇਕ ਵਾਰ ਵੱਡਮੁੱਲਾ ਯੋਗਦਾਨ ਪਾ ਚੁੱਕੇ ਹਨ।

ਪੰਜਾਬ ਦੇ ਪ੍ਰਸਿੱਧ ਢੋਲੀ ਲਾਲ ਸਿੰਘ ਭੱਟੀ, ਤਾਰਾ ਸਿੰਘ ਸਾਗਰ ਦੇ ਬੇਟੇ ਰਾਜੂ ਅਤੇ ਜਸਵੰਤ ਸਿੰਘ ਸ਼ਾਦ ਨੇ ਢੋਲ ਦੇ ਡੱਗਿਆਂ ਤੇ ਭੰਗੜੇ ਦਾ ਰੰਗ ਬੰਨਦਿਆਂ ਸਾਰਿਆਂ ਦਾ ਮਨੋਰੰਜਨ ਕੀਤਾ। ਬੇਬੀ ਅਰਪਨਾ ਨੂਰ ਨੇ ਗਿਟਾਰ ਦੀਆਂ ਸੁਰਾਂ ਨੇ ਸੁਣਨ ਵਾਲਿਆਂ ਨੂੰ ਮੋਹਿਤ ਕਰੀ ਰੱਖਿਆ। ਪੰਜਾਬੀ ਲੋਕ ਸਾਜਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸਵੇਰੇ ਸਫਾਈ ਤੇ ਟੈਂਟਾਂ ਦਾ ਕੰਮ ਬਲਵੀਰ ਬੈਨੀਪਾਲ, ਦਲਜੀਤ ਲੱਖਾ, ਸਨੀ ਲੱਖਾ, ਦੀਪੂ ਲੱਖਾ ਅਤੇ ਅੰਕਿਤ ਨੇ ਕੀਤਾ। ਮਨਜੀਤ ਕੌਰ ਸੰਧੂ ਵੀ ਸਵੇਰ ਤੋਂ ਸੇਵਾ ਭਾਵਨਾ ਨਾਲ ਆ ਪਹੁੰਚੀ । ਸ਼ਿਤਰਾ ਜੀ ਨੇ ਅੰਦਰੂਨੀ ਸਜਾਵਟ ਦਾ ਕੰਮ ਸੰਭਾਲ ਲਿਆ। ਸ਼ਿਪਰਾ, ਪਾਲੀ ਨੂਰ, ਰੀਟਾ ਨੂਰ ਅਤੇ ਇੰਡੀਆ ਗੇਟ ਵਾਲਿਆ ਨੇ ਰੰਗੋਲੀ ਤੇ ਜਾਗੋ ਦੀ ਤਿਆਰੀ ਕਰਵਾਈ। ਲਿਵਰਮੂਰ ਤੋਂ ਭੁਪਿੰਦਰ ਸਿੰਘ 'ਲਿਟਲ ਸੀਜ਼ਰ' ਵਾਲਿਆ ਨੇ ਪੀਜ਼ੇ ਦੀ ਸੇਵਾ, ਜੋਗਿੰਦਰ ਕੌਰ ਸ਼ਰਮਾ ਤੇ ਅਨਮੋਲ ਸ਼ਰਮਾ ਨੇ ਸੱਬ-ਵੇਅ, ਪਾਲੀ ਨੂਰ ਨੇ ਟੀ. ਵੀ. ਏਸ਼ੀਆ ਦਾ ਪ੍ਰਬੰਧ ਕਰਨ ਵਿਚ ਆਪਣਾ ਯੋਗਦਾਨ ਪਾਇਆ।

ਇੰਜ ਉਨਤੀ ਦੇ ਜਨਮ ਦਿਨ 'ਤੇ ਇਹ ਵਿਲੱਖਣ ਪ੍ਰੋਗਰਾਮ ਆਪਣੇ ਪਿੱਛੇ ਭਾਈਚਾਰਕ ਸਾਂਝ ਦੇ ਨਾਲ ਨਾਲ ਏਕਤਾ, ਸਾਂਝੀ ਵਾਲਤਾ, ਸਦਭਾਵਨਾ, ਚੇਤਨਾ, ਅਮਨ ਸ਼ਾਤੀ ਦਾ ਪੈਗਾਮ ਵੀ ਨਸਰ ਕਰ ਗਿਆ।

**ਰਿਪੋਰਟ : ਹਰਜਿੰਦਰ ਪੰਧੇਰ**
**(209-610-5055 )**

# 25ਵਾਂ (ਸਿਲਵਰ ਜੁਬਲੀ ) ਵਿਸਾਖੀ ਮੇਲਾ- ਪੰਜਾਬੀ ਕਲਚਰਲ ਸੁਸਾਇਟੀ ਵਲੋਂ ਤਿਆਰੀਆਂ ਮੁਕੰਮਲ

ਸੈਕਰਾਮੈਂਟੋ (ਹਰਜਿੰਦਰ ਪੰਧੇਰ)- ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 25ਵਾਂ (ਸਿਲਵਰ ਜੁਬਲੀ) ਵਿਸਾਖੀ ਮੇਲਾ, ਦਿਨ ਸ਼ਨਿਚਰਵਾਰ 19 ਅਪ੍ਰੈਲ ਸੰਨ 2014 ਨੂੰ ਸ਼ਾਮੀ 3:00 ਵਜੇ ' ਐਸ ਈ ਐਸ ਹਾਲ ' ਐਲਕਗਰੋਵ ਵਿਖੇ ਮਨਾਇਆ ਜਾ ਰਿਹਾ ਹੈ। ਮੇਲੇ ਸੰਬਧੀ ਪ੍ਰਬੰਧਾਂ ਦਾ ਜਇਜਾ ਲੈਣ ਲਈ, ਐਲਕਗਰੋਵ ਰੋਡ ਤੇ ਸਥਿਤ 'ਮਾਂਉਂਟੇਨ ਮਾਈਕ ਪੀਜ਼ਾ ' ਵਿਖੇ ਇਕ ਮੀਟਿੰਗ ਸਦੀ ਗਈ।



ਮੇਲੇ ਦਾ ਅਰੰਭ ਸੰਸਥਾ ਦੇ ਬਾਨੀ ਰਛਪਾਲ ਸਿੰਘ ਫਰਵਾਲਾ ਵਲੋਂ ਸਮੂਹ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਹੋਇਆ। ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਚਲੀ ਇਸ ਮੀਟਿੰਗ ਵਿਚ ਮੇਲੇ ਦੇ ਪ੍ਰਬੰਧਾਂ ਦਾ ਸਪੂੰਰਨ ਜਾਇਜ਼ਾ ਲਿਆ ਗਿਆ। ਸਮੂਹ ਮੈਂਬਰਾਂ ਨੇ ਇਸ ਨਾਲ ਤਸਲੀ ਦਾ ਪ੍ਰਗਟਾਵਾ ਕੀਤਾ। ਇਸ ਵਾਰ ਸਿਲਵਰ ਜੁਬਲੀ ਦੇ ਮੌਕੇ ਤੇ ਕਈ ਸਕੂਲਾਂ ਕਾਲਜਾਂ ਦੀਆਂ ਨਵੀਆਂ ਟੀਮਾਂ ਆਪਣੀਆਂ ਨਵੇਕਲੀਆਂ ਆਈਟਮਾਂ ਲੈ ਕੇ ਪਹੁੰਚ ਰਹੀਆਂ ਹਨ। ਪੰਜਾਬੀ ਸਭਿਆਚਾਰ ਨਾਲ ਜੁੜੇ ਹਰਮਨ ਪਿਆਰੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਿਖੇਰਨਗੇ। ਇਸ ਸੰਸਥਾ ਵਲੋਂ ਸਮਾਜ ਸੇਵੀਆਂ ਨੂੰ ਮਾਣ ਬਖਸ਼ਣ ਦੀ ਪਾਈ ਸ਼ਾਨਦਾਰ ਰਿਵਾਇਤ ਅਨੁਸਾਰ ਇਸ ਵਾਰ ਪੰਜਾਬੀ ਦੇ ਸਿਰਕੱਢ ਅੱਖਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜਮੂੰ, ਤਜਿੰਦਰ ਸਿੰਘ ਮਾਨ 'ਕੌਂਸਲਰ' ਯੂਬਾ ਸਿਟੀ, ਡਾ: ਨਰਿੰਦਰ ਸਿੰਘ ਧਾਲੀਵਾਲ, ਬੋਪਾਰਾਇ ਬ੍ਰਦਰਜ਼ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਮੇਲਾ ਦੇਖਣ ਆਉਣ ਵਾਲਿਆਂ ਲਈ ਕੋਈ ਦਾਖਲਾ ਫੀਸ ਨਹੀ। ਸਕਿਉਰਟੀ ਦਾ ਪੂਰਾ ਪ੍ਰਬੰਧ ਹੋਵੇਗਾ। ਇਸ ਮੀਟਿੰਗ ਵਿਚ ਰਛਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ ਦੁਆਬਾ), ਸੁਖਰਾਜ ਔਲਖ, ਕਮਲ ਬੰਗਾ, ਸੁਰਿੰਦਰ ਬਿੰਦਰਾ, ਜਸਵੰਤ ਸਿੰਘ ਸ਼ਾਦ, ਅਜੈਬ ਸਿੰਘ, ਬਲਵੰਤ ਸਿੰਘ, ਅਮਰੀਕ ਸਿੰਘ, ਹਰਜਿੰਦਰ ਪੰਧੇਰ, ਜਸਵਿੰਦਰ ਲਾਲ ਤੇ ਅਵਤਾਰ ਸਿੰਘ ਡੋਡ ਸ਼ਾਮਲ ਹੋਏ। ਮੇਲੇ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰਾਂ ਵਲੋਂ ਪੰਜਾਬ ਦੀ ਅਮੋਲਕ ਵਿਰਾਸਤ ਨਾਲ ਜੁੜੇ ਇਸ ਸ਼ਾਨਦਾਰ ਵਿਸਾਖੀ ਮੇਲੇ ਦਾ ਭਰਭੂਰ ਅਨੰਦ ਮਾਨਣ ਲਈ ਅਤੇ ਆਈਆਂ ਟੀਮਾਂ ਦਾ ਉਤਸ਼ਾਹ ਵਧਾਉਣ ਲਈ ਸਮੂਹ ਇਲਾਕਾ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਹੁੰਮ-ਹੁਮਾ ਕੇ ਪਹੁੰਚਣ ਲਈ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ।

**ਵਲੋਂ:- ਸਮੂਹ ਪ੍ਰਬੰਧਕ ਕਮੇਟੀ ,**
**'ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ।**

### ''ਨਾ ਕਾਹੂੰ ਸੇ ਦੋਸਤੀ, ਨਾ ਕਾਹੂੰ ਸੇ ਵੈਰ'' ਵਾਲੇ

# ਕਾਲਮ-ਨਵੀਸ ਸ: ਖੁਸ਼ਵੰਤ ਸਿੰਘ ਦਾ ਵਿਦਾ ਹੋਣਾ



ਐਚ. ਐਲ. ਕਪੂਰ
1 (289)-401-0728

ਪੱਤਰਕਾਰੀ ਦੇ ਭੀਸ਼ਮ ਪਿਤਾਮਾ, ਅਲਬੇਲਾ, ਅਲਮਸਤ, ਫੱਕੜ, ਅੱਖੜ, ਰੋਮਾਂਟਿਕ, ਇਕ ਮਹਾਨ ਬੁੱਧੀਜੀਵੀ ਸਾਹਿਤਕਾਰ ਤੇ 'ਨਾ ਕਾਹੂੰ ਸੇ ਦੋਸਤੀ, ਨਾ ਕਾਹੂੰ ਸੇ ਵੈਰ' ਦੇ ਸਿਧਾਂਤਕ ਸਿਰਲੇਖ ਹੇਠ ਲਿਖਣ ਵਾਲਾ ਕਾਲਮ-ਨਵੀਸ ਸ: ਖੁਸ਼ਵੰਤ ਸਿੰਘ 99 ਸਾਲਾਂ ਤੋਂ ਉਪਰ ਆਪਣਾ ਜੀਵਨ-ਪੰਧ ਤਹਿ ਕਰ ਜਾਣ ਉਪਰੰਤ ਮਿਤੀ 20 ਮਾਰਚ 2014 ਨੂੰ ਸਵੇਰੇ ਸੁਵੱਖਤੇ ਹੀ ਇਸ ਰੰਗੀਨ ਸੰਸਾਰ ਨੂੰ ਅਲਵਿਦਾ ਕਹਿ ਗਿਆ। ਭਾਰਤੀ ਸਾਹਿਤ ਦਾ ਇਹ ਬਾਬਾ ਬੋਹੜ ਕੁਝ ਮਹੀਨਿਆਂ ਬਾਅਦ ਹੀ ਆਪਣਾ 100ਵਾਂ ਜਨਮ ਦਿਨ ਮਨਾਉਣ ਵਾਲਾ ਸੀ ਪਰ ਕੁਦਰਤ ਨੂੰ ਇਹ ਮਨਜ਼ੂਰ ਨਾ ਹੋਇਆ। ਪਿਛਲੇ ਕੁਝ ਸਮੇਂ ਤੋਂ ਉਹ ਪੂਰੀ ਤਰ੍ਹਾਂ ਸਿਹਤਜ਼ਾਬਤਾ ਨਹੀਂ ਸਨ ਤੇ ਆਪਣੇ ਜਨਤਕ ਜੀਵਨ ਤੋਂ ਤਕਰੀਬਨ ਉਹ ਦੂਰ ਹੀ ਸਨ। ਉਹਨਾਂ ਨੇ ਆਪਣੇ ਪਿਤਾ ਸਰ ਸੁਜਾਨ ਸਿੰਘ ਜੋ ਦਿੱਲੀ ਵਿਖੇ ਸਿਵਲ ਠੇਕੇਦਾਰ ਤੇ ਇਕ ਵੱਡੇ ਬਿਲਡਰ ਸਨ, ਦੇ ਬਣਾਏ ਹੋਏ ਆਸ਼ਿਆਨੇ ਵਿਚ, ਜੋ ਸੁਜਾਨ ਸਿੰਘ ਪਾਰਕ ਵਿਚ ਸਥਿਤ ਹੈ, ਵਿਖੇ ਹੀ ਆਪਣਾ ਸਾਰਾ ਜੀਵਨ ਬਤੀਤ ਕਰਕੇ ਆਖਰੀ ਸਾਹ ਲਿਆ, ਇੱਥੇ ਹੀ ਉਹਨਾਂ ਨੇ ਮਾਨਵਤਾ ਨੂੰ ਆਪਣੀ ਅੱਖਾਂ ਨਾਲ ਦੇਖਿਆ ਤੇ ਆਪਣੀ ਕਲਮ ਦੀ ਲੋਅ ਨਾਲ ਜੀਵਨ ਜਾਂਚ ਦੀ ਸੇਧ ਦਿੰਦਿਆਂ ਦਿਨ ਗੁਜ਼ਾਰੇ। ਉਹ ਆਪਣੇ ਆਪ ਨੂੰ 'ਡਰਟੀਓਲਡ ਮੈਨ' ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਉਹਨਾਂ ਨੇ ਇੱਥੇ ਭਰਪੂਰ ਜੀਵਨ ਜੀਵਿਆ ਪਰ ਜ਼ਿੰਦਗੀ ਦੇ ਕੁਝ ਆਖ਼ਰੀ ਦਿਨਾਂ ਵਿਚ ਉਹ ਸਾਹ ਲੈਣ ਵਿਚ ਤਕਲੀਫ ਮਹਿਸੂਸ ਕਰਦੇ ਸਨ ਪਰ ਮਾਨਸਿਕ ਤੌਰ ਤੇ ਉਹ ਪੂਰੀ ਤਰ੍ਹਾਂ ਚੁਸਤ ਤੇ ਦਰੁਸਤ ਸਨ।

ਪੱਤਰਕਾਰਿਤਾ ਦੇ ਖੇਤਰ ਵਿਚ ਉਹਨਾਂ ਦਾ ਬਹੁਤ ਨਾਮਣਾ ਸੀ। ਪਹਿਲਾਂ ਉਹ 1979-80 ਤੱਕ 'ਇਲਸਟ੍ਰੇਟਿਡ ਵੀਕਲੀ ਆਫ ਇੰਡੀਆ' ਦੇ ਸੰਪਾਦਕ ਰਹੇ। ਉਸ ਪਿੱਛੋਂ 'ਹਿੰਦੁਸਤਾਨ ਟਾਈਮਜ਼' ਦੇ ਵੀ ਉਹ 1980 ਤੋਂ 1983 ਤੱਕ ਸੰਪਾਦਕ ਰਹੇ। ਉਹਨਾਂ ਦਾ ਹਫਤਾਵਾਰੀ ਕਾਲਮ 'ਨਾ ਕਾਹੂੰ ਸੇ ਦੋਸਤੀ..' ਬਹੁਤ ਮਕਬੂਲ ਹੋਇਆ, ਜਿਸ ਨੂੰ ਪੜ੍ਹਨ ਦੀ ਜਗਿਆਸਾ ਪਾਠਕਾਂ ਵਿਚ ਹਮੇਸ਼ਾ ਬਣੀ ਰਹਿੰਦੀ ਸੀ।


ਸਰਦਾਰ ਖੁਸ਼ਵੰਤ ਸਿੰਘ ਜੀ 'ਯੋਜਨਾ ਪੱਤ੍ਰਿਕਾ' 1951-53 ਦੇ ਬਾਨੀ ਸੰਪਾਦਕ ਵੀ ਸਨ। ਉਹ ਇਕ ਵਿਲੱਖਣ ਨਾਵਲਕਾਰ ਤੇ ਬੇਬਾਕ ਸਿਆਸੀ ਟਿੱਪਣੀਕਾਰ ਵੀ ਸਨ, ਜਿਹਨਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਸਰਕਾਰ ਨੇ ਰਾਜ ਸਭਾ ਲਈ ਨਾਮਜ਼ਦ ਵੀ ਕੀਤਾ ਤੇ ਉਹ 1980 ਤੋਂ 1986 ਤੱਕ ਸੰਸਦ ਮੈਂਬਰ ਵੀ ਰਹੇ।

ਸ: ਖੁਸ਼ਵੰਤ ਸਿੰਘ ਜੀ 2 ਫਰਵਰੀ 1915 ਨੂੰ ਹਡਾਲੀ (ਹੁਣ ਪਾਕਿਸਤਾਨ ਵਿਚ) ਵਿਖੇ ਜਨਮੇ। ਉਹਨਾਂ ਨੇ ਦਿੱਲੀ ਦੇ ਮਾਡਰਨ ਸਕੂਲ ਤੇ ਪਿੱਛੋਂ ਸੇਂਟ ਸਟੀਫਟ ਕਾਲਜ ਤੋਂ ਪੜ੍ਹਾਈ ਕੀਤੀ। ਗੌਰਮਿੰਟ ਕਾਲਜ ਲਾਹੌਰ ਵਿਚ ਪੜ੍ਹਾਈ ਮਗਰੋਂ ਉਹ ਕਿੰਗਜ਼ ਕਾਲਜ ਕੈਂਬਰਿਜ਼ ਯੂਨੀਵਰਸਿਟੀ ਗਏ। ਇੱਥੋਂ ਉਹਨਾਂ ਨੇ ਇੰਟਰ ਮੀਡੀਏਟ, ਕਾਨੂੰਨ ਅਤੇ ਐਲ. ਐਲ.ਬੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ।

1947 ਤੋਂ ਪਹਿਲਾਂ ਉਹਨਾਂ ਨੇ ਲਾਹੌਰ ਹਾਈਕੋਰਟ ਵਿਚ ਕਈ ਸਾਲ ਵਕਾਲਤ ਕੀਤੀ ਤੇ ਭਾਰਤ ਆਜ਼ਾਦ ਹੋਣ ਤੇ ਉਹ ਦਿੱਲੀ ਆ ਗਏ ਤੇ ਕੁਝ ਸਮਾਂ ਉਹਨਾਂ ਨੇ ਇੱਥੇ ਵਿਦੇਸ਼ ਮੰਤਰਾਲੇ ਵਿਚ ਨੌਕਰੀ ਵੀ ਕੀਤੀ। ਪਰ ਉਹ ਇਕ ਕਾਮਯਾਬ ਵਕੀਲ ਨਾ ਬਣ ਸਕੇ, ਕਿਉਂਕਿ ਉਹਨਾਂ ਦਾ ਮਨ ਵਕਾਲਤ ਨਾਲੋਂ ਲਾਹੌਰ ਦੇ ਲੇਖਕਾਂ ਤੇ ਸਾਹਿਤਕਾਰਾਂ ਦੀ ਸੰਗਤ ਵਿਚ ਜ਼ਿਆਦਾ ਲੱਗਦਾ ਸੀ।

ਇਸ ਤਰ੍ਹਾਂ ਵਕਾਲਤ ਲਈ ਮਾਨਸਿਕ ਤੌਰ ਤੇ ਤਿਆਰ ਨਾ ਹੋ ਸਕਣ ਕਰਕੇ ਉਹਨਾਂ ਨੇ ਵਕਾਲਤ ਨੂੰ ਸਦਾ ਲਈ ਤਿਲਾਂਜਲੀ ਦੇ ਦਿੱਤੀ। ਇਹ ਤਾਂ ਸ. ਖੁਸ਼ਵੰਤ ਸਿੰਘ ਜੀ ਨਾਲ ਉਂਝ ਹੋਇਆ, ਜਿਵੇਂ ਪ੍ਰੋ. ਪੂਰਨ ਸਿੰਘ ਜੀ ਦਾ ਵੀ ਖੇਤੀ ਕਰਨ ਵਿਚ ਮਨ ਨਹੀਂ ਲੱਗਦਾ ਸੀ ਤੇ ਇਕ ਵਾਰ ਹੜ੍ਹ ਆਉਣ ਤੇ ਉਹਨਾਂ ਦੀ ਸਾਰੀ ਫਸਲ ਰੁੜ੍ਹ ਗਈ ਤੇ ਬਹੁਤ ਨੁਕਸਾਨ ਹੋ ਜਾਣ ਕਾਰਨ ਉਹਨਾਂ ਨੇ ਖੇਤੀਬਾੜੀ ਦਾ ਧੰਦਾ ਛੱਡ ਦਿੱਤਾ ਤੇ ਇਸ ਘਟਨਾ ਤੇ ਉਹਨਾਂ ਨੇ ਆਪਣੀ ਇਕ ਕਵਿਤਾ ਵਿਚ ਇਹ ਭਾਵ ਇੰਝ ਬਿਆਨ ਕੀਤੇ ''ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ।'

ਸਰਦਾਰ ਖੁਸ਼ਵੰਤ ਸਿੰਘ ਜੀ ਨੇ ਆਪਣੀਆਂ ਸਾਹਿਤਕ ਕਲਾਕ੍ਰਿਤੀਆਂ ਤੇ ਕਾਲਮ-ਨਵੀਸੀ ਨਾਲ ਬੜੀ ਪ੍ਰਸਿੱਧਤਾ ਖੱਟੀ, 'ਮਾਣੋਂ ਮਾਜਰਾ' ਨਾਂ ਦੀ ਕਹਾਣੀ ਲਿਖਣ ਉਪਰੰਤ ਉਹਨਾਂ ਨੂੰ 'ਗਰੋਵ ਪ੍ਰੈਸ' ਵੱਲੋਂ ਇਕ ਹਜ਼ਾਰ ਡਾਲਰ ਇਨਾਮ ਵਜੋਂ ਮਿਲੇ ਤੇ ਮਗਰੋਂ ਇਹ ਕਹਾਣੀ ਇਕ ਨਾਵਲ ਦੇ ਰੂਪ ਵਿਚ 'ਪਾਕਿਸਤਾਨ ਮੇਲ' (ਟ੍ਰੇਨ ਟੂ ਪਾਕਿਸਤਾਨ) ਦੇ ਨਾਂ ਨਾਲ ਬਹੁਤ ਪ੍ਰਸਿੱਧ ਹੋਈ। ਇਸ ਰਚਨਾ ਨੇ ਸ. ਖੁਸ਼ਵੰਤ ਸਿੰਘ ਨੂੰ ਇਕ ਲੇਖਕ ਦੇ ਤੌਰ ਤੇ ਸਥਾਪਤ ਕਰ ਦਿੱਤਾ। ਸ: ਖੁਸ਼ਵੰਤ ਇਕ ਅਸਧਾਰਨ ਪ੍ਰਾਪਤੀ ਕਰਨ ਵਾਲਾ ਵਿਦਵਾਨ ਸੀ। ਉਸ ਨੇ ਦੋ ਜਿਲਦਾਂ ਵਿਚ ਛਪੀ ਆਪਣੀ ਕਿਤਾਬ 'ਦਾ ਹਿਸਟਰੀ ਆਫ ਦਿ ਸਿੱਖਸ' ਨਾਲ ਚੜ੍ਹਦੀ ਜਵਾਨੀ ਵੇਲੇ ਹੀ ਪ੍ਰਸਿੱਧੀ ਪਾ ਲਈ ਸੀ। ਸਿੱਖ ਇਤਿਹਾਸ ਦੇ ਖੇਤਰ ਵਿਚ ਇਹ ਪੁਸਤਕ ਇਕ ਮੀਲ-ਪੱਥਰ ਦੇ ਤੌਰ ਤੇ ਸਾਬਤ ਹੋਈ ਜੋ ਸਿੱਖਾਂ ਦੇ ਇਤਿਹਾਸ ਲਈ ਅਧਿਐਨ ਵਜੋਂ ਸਭ ਤੋਂ ਵਧੀਆ ਪੁਸਤਕ ਮੰਨੀ ਗਈ। ਇਸ ਤੋਂ ਬਾਅਦ ਇਸ ਸਥਾਪਤ ਲੇਖਕ ਨੇ 'ਔਰਾਨੌਸਟਿਕ ਖੁਸ਼ਵੰਤ ਸਿੰਘ', 'ਦੇਅਰ ਇਜ਼ ਨੋ ਗੌਡ' ਅਤੇ 'ਦਿ ਫਰੀ ਥਿਕਰਜ਼ ਪਰੇਅਰ ਬੁੱਕ' ਨਾਮੀ ਪੁਸਤਕਾਂ ਲਿਖੀਆਂ। ਸ. ਖੁਸ਼ਵੰਤ ਸਿੰਘ ਜੀ ਇਕ ਅਜਿਹੇ ਵਿਅਕਤੀ ਸਨ, ਜਿਹਨਾਂ ਨੇ, ''ਨਾ ਕਾਹੂੰ ਸੇ ਦੋਸਤੀ..' ਜਿਹੇ ਆਪਣੇ ਹਫਤਾਵਾਰੀ ਕਾਲਮਾਂ ਵਿਚ ਲੋਕਾਂ ਤੇ ਵਾਤਾਵਰਣ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਲੋੜ ਤੋਂ ਵੱਧ ਇਮਾਨਦਾਰੀ ਨਾਲ ਟਿੱਪਣੀਆਂ ਕਰਕੇ ਅਖਬਾਰਾਂ ਦੇ ਲੱਖਾਂ ਪਾਠਕਾਂ ਨੂੰ ਜ਼ਿੰਦਗੀ ਦੇ ਅਨੇਕਾਂ ਰੰਗ ਦਿਖਾਏ। ਇਕ ਹੋਰ ਗੱਲ ਜੋ ਉਹਨਾਂ ਨੂੰ ਬਹੁਤ ਰੋਮਾਂਟਿਕ ਬਣਾਉਂਦੀ ਹੈ ਕਿ ਉਹਨਾਂ ਦੇ ਗਿਰਦ ਖੂਬਸੂਰਤ ਔਰਤਾਂ ਦਾ ਜਮਘਟਾ ਲੱਗਿਆ ਰਹਿੰਦਾ ਸੀ ਅਤੇ ਉਹ ਉਹਨਾਂ ਦੀ ਸੰਗਤ ਦਾ ਖੂਬ ਆਨੰਦ ਮਾਣਦਾ ਸੀ, ਖਾਸ ਕਰਕੇ ਉਦੋਂ ਜਦੋਂ ਔਰਤਾਂ ਉਸ ਨਾਲ ਜਾਮ ਨਾਲ ਜਾਮ ਟਕਰਾਅ ਕੇ ਪਿਆਲਾ ਸਾਂਝਾ ਕਰਦੀਆਂ ਸਨ। 'ਖੁਸ਼ਵੰਤ ਨਾਮਾ- ਮੇਰੇ ਜੀਵਨ ਦੇ ਸਬਕ' ਵਿਚ ਉਹ ਆਪਣੇ ਜੀਵਨ ਦੀਆਂ ਕੀਤੀਆਂ ਗਈਆਂ ਭੁੱਲਾਂ ਵਿਚ ਨਿਰਸੰਕੋਚ ਹੋ ਕੇ ਜ਼ਿਕਰ ਕਰਦਾ ਹੈ।



ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਨੁਸਾਰ ਸ:ਖੁਸ਼ਵੰਤ ਸਿੰਘ ਵਿਚ ਹਾਸੇ-ਠੱਠੇ ਦੀ ਕਮਾਲ ਦੀ ਸਮਰੱਥਾ ਸੀ। ਉਹ ਕਦੇ ਵੀ ਆਪਣੀਆਂ ਗੱਲਾਂ ਨਹੀਂ ਛੁਪਾਉਂਦੇ ਸਨ ਤੇ ਬੜੀ ਦਲੇਰੀ ਨਾਲ ਕਹਿ ਦਿੰਦੇ ਸੀ। ਐਮ. ਜੇ. ਅਕਬਰ ਦੇ ਸਿਰ 'ਤੇ ਹੱਥ ਰੱਖਣ 'ਤੇ ਉਹਨਾਂ ਨੂੰ ਮੌਕੇ ਪ੍ਰਦਾਨ ਕਰਨ ਲਈ ਸਰਦਾਰ ਖੁਸ਼ਵੰਤ ਸਿੰਘ ਦਾ ਧੰਨਵਾਦ ਕੀਤਾ। ਪੜ੍ਹੇ ਲਿਖੇ ਤੇ ਵਿਦਵਾਨ ਲੋਕ ਜਦੋਂ ਉਹਨਾਂ ਤੋਂ ਸਮਾਂ ਲੈ ਕੇ ਮੁਲਾਕਾਤ ਕਰਦੇ ਤੇ ਗੱਲਾਂ ਬਾਤਾਂ 'ਚੋਂ ਅਜਿਹਾ ਪ੍ਰਭਾਵ ਗ੍ਰਹਿਣ ਕਰਦੇ ਕਿ ਇਹ ਤਾਂ ਇਕ ਮਹਾਨ ਵਿਦਵਾਨ ਸ਼ਖਸੀਅਤ ਹੈ ਤੇ ਉਹਨਾਂ ਦੇ ਕਾਲਮਾਂ ਨੂੰ ਪੜ੍ਹ ਕੇ ਜੋ ਗ੍ਰਹਿਣ ਕੀਤਾ ਪ੍ਰਭਾਵ ਨੂੰ ਉਹ ਗਲਤ ਸਮਝਦੇ। ਅਮਰੀਕੀ ਸਿੱਖਿਆ ਪ੍ਰਣਾਲੀ ਬਾਰੇ ਉਹਨਾਂ ਦਾ ਗਿਆਨ ਬਹੁਤ ਵਸੀਹ ਸੀ, ਕਿਉਂਕਿ ਉਹਨਾਂ ਨੇ ਥੋੜ੍ਹੇ ਸਮੇਂ ਲਈ ਰੋਸੈਸਟਰ, ਪ੍ਰਿੰਸਟਨ ਤੇ ਹਵਾਈ ਯੂਨੀਵਰਸਿਟੀਆਂ ਵਿਚ ਵੀ ਪੜ੍ਹਾਇਆ ਸੀ।

ਸਰਦਾਰ ਖੁਸ਼ਵੰਤ ਸਿੰਘ ਜੀ ਆਪਣੀ ਵਿਦਵਤਾ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦੇ ਸਨ। ਉਹ ਹਾਜ਼ਰ ਜੁਆਬੀ ਇਤਨੇ ਤਕੜੇ ਸਨ ਕਿ ਆਪਣੇ ਵਿਅੰਗ ਨਾਲ ਵੱਡੇ-ਵੱਡਿਆਂ ਨੂੰ ਚੁੱਪ ਕਰਵਾ ਦਿੰਦੇ ਸਨ। ਉਹ ਹਰ ਵੇਲੇ ਕੁਝ ਨਾ ਕੁਝ ਲਿਖਦੇ ਰਹਿੰਦੇ ਸਨ ਤੇ ਗਰਮੀਆਂ ਨੂੰ ਉਹਨਾਂ ਦਾ ਰੈਣ-ਬਸੇਰਾ ਅਕਸਰ ਕਸੌਲੀ ਹੁੰਦਾ ਸੀ। ਕਈ ਵਾਰ ਉਹ ਅਧਿਆਤਮਕ ਟੂਕਾਂ ਦੀ ਵਿਆਖਿਆ ਕਰਦੇ-ਕਰਦੇ ਪਿੱਛੋਂ ਗੱਲਾਂ ਬਾਤਾਂ ਦਾ ਰੁਖ਼ ਇੱਕਦਮ ਹਸਾ-ਹਸਾ ਢਿੱਡੀ ਪੀੜਾਂ ਪਾਉਣ ਵਾਲੇ ਲਤੀਫਿਆਂ ਵੱਲ ਕਰ ਦਿੰਦੇ ਸਨ। ਅਕਸਰ ਉਹਨਾਂ ਦਾ ਸੁਭਾਅ ਅਜਿਹਾ ਹੀ ਸੀ। ਉਹਨਾਂ ਦੀ ਆਲੋਚਨਾ ਵੀ ਕੋਈ ਘੱਟ ਨਹੀਂ ਹੋਈ। 23 ਮਾਰਚ, 1931 ਵਾਲੇ ਦਿਨ ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਫਾਂਸੀ ਦੇ ਰੱਸੇ ਨੂੰ ਚੁੰਮਿਆ ਸੀ। ਸਰਬਾਂਗੀ ਲੇਖਕ ਤੇ ਦੇਸ਼ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਕਾਲਮ-ਨਵੀਸ ਸ: ਖੁਸ਼ਵੰਤ ਸਿੰਘ ਦੇ ਪਿਤਾ ਸਰ ਸੋਭਾ ਸਿੰਘ ਨੇ ਕਥਿਤ ਤੌਰ 'ਤੇ ਆਜ਼ਾਦੀ ਦੇ ਪ੍ਰਵਾਨਿਆਂ ਖਿਲਾਫ ਗਵਾਹੀ ਦਿੰਦਿਆਂ ਦੋਸ਼ ਲਾਇਆ ਸੀ ਕਿ ਉਹਨਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ ਅਸੈਂਬਲੀ ਵਿਚ ਬੰਬ ਸੁੱਟਦਿਆਂ ਖੁਦ ਦੇਖਿਆ ਸੀ। ਖਰੀਆਂ-ਖਰੀਆਂ ਲਿਖਣ ਵਾਲੇ ਅਤੇ ਸੁਣਾਉਣ ਵਾਲੇ ਸ: ਖੁਸ਼ਵੰਤ ਸਿੰਘ ਜਦੋਂ ਇਸ ਵਿਵਾਦ ਕੋਈ ਗੱਲ ਛਿੜਦੀ ਤਾਂ ਅਕਸਰ ਗੰਭੀਰ ਹੋ ਜਾਇਆ ਕਰਦੇ ਸਨ।

ਪ੍ਰਸਿੱਧ ਅੰਗਰੇਜ਼ੀ ਵਿਦਵਾਨ ਸ੍ਰੀ ਮੁਲਖ਼ ਰਾਜ ਅਨੰਦ ਤੋਂ ਬਾਅਦ ਸ਼ਾਇਦ ਸ: ਖੁਸ਼ਵੰਤ ਸਿੰਘ ਜੀ ਹੀ ਅਜਿਹੇ ਅਲਬੇਲੇ ਤੇ ਅਲਮਸਤ ਆਦਮੀ ਤੇ ਵਿਦਵਾਨ ਲੇਖਕ ਸਨ, ਜਿਹੜੇ ਆਪਣੇ ਆਪ ਤੇ ਵੀ ਵਿਅੰਗ ਕਰਨ ਲੱਗਿਆਂ ਜ਼ਰਾ ਵੀ ਨਹੀਂ ਝਿਜਕਦੇ ਸਨ ਤੇ ਆਪਣੇ ਭਾਵਾਂ ਨੂੰ ਸਾਰੀ ਲੋਕਾਈ ਨਾਲ ਸਾਂਝਾ ਕਰਨ ਦੀ ਸਮਰੱਥਾ ਰੱਖਦੇ ਸਨ। ਇਸੇ ਲਈ ਹੀ ਤਾਂ ਸ: ਖੁਸ਼ਵੰਤ ਸਿੰਘ ਜੀ ਨੇ ਲਿਖਿਆ ਸੀ, ''ਮੈਨੂੰ ਕਈ ਵਾਰ ਲੋਕ ਪਸੰਦ ਨਹੀਂ ਕਰਦੇ ਕਿਉਂਕਿ ਮੈਂ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਮੂੰਹ ਫੱਟ ਤੇ ਮੁਫਤ-ਖੋਰਾ ਇਨਸਾਨ ਹਾਂ।

ਮੈਂ ਸ਼੍ਰੀਮਤੀ ਇੰਦਰਾ ਗਾਂਧੀ ਤੋਂ ਲੈ ਕੇ ਕਿਸੇ ਦੇ ਵੀ ਮੂੰਹ ਤੇ ਵਿਅੰਗ ਤੇ ਉਸ ਦੀ ਸ਼ਾਨ ਦੇ ਖਿਲਾਫ ਕਹਿ ਸਕਦਾ ਹਾਂ ਪਰ ਕੋਈ ਭੇਦ ਛੁਪਾ ਕੇ ਰੱਖਣਾ ਮੇਰੇ ਦਿਲ ਤੇ ਮੇਰੀ ਫ਼ਿਤਰਤ ਦਾ ਭਾਗ ਨਹੀਂ ਹੈ। ਮੇਰੇ ਚਾਹੁਣ ਵਾਲੇ ਕਰੋੜਾਂ ਵਿਚ ਹਨ ਤੇ ਨਿੰਦਾ ਕਰਨ ਵਾਲੇ ਵੀ ਪਰ ਮੈਨੂੰ ਪਤਾ ਹੈ ਕਿ ਜਦੋਂ ਮੈਂ ਇਸ ਦੁਨੀਆਂ ਤੋਂ ਰੁਖ਼ਸਤ ਹੋਵਾਂਗਾ ਤਾਂ ਨਿੰਦਕ ਵੀ ਕਹਿਣਗੇ, ਖੁਸ਼ਵੰਤ ਸਿੰਘ ਬੰਦਾ ਤਾਂ ਚੰਗਾ ਹੈ ਪਰ ਸੁਭਾਅ ਦਾ ਬੜਾ ਅੱਖੜ ਸੀ।''

ਪੰਜਾਬ ਦੇ ਦੁਖਾਂਤ ਵੇਲੇ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਬਹੁਤ ਵੱਡੇ ਆਲੋਚਕ ਸਨ। ਉਸ ਨੇ ਉਹਨਾਂ ਦੇ ਖਿਲਾਫ ਕਲਮ ਚੁੱਕਣ ਦੀ ਜ਼ੁਅਰਤ ਕੀਤੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਕਲਮਾਂ ਖਾਮੋਸ਼ ਹੋ ਗਈਆਂ ਸਨ। ਕੱਟੜਪੰਥੀ ਉਸ ਨੂੰ ਰੱਜ ਕੇ ਕੋਸਦੇ ਸਨ ਪਰ ਜਦੋਂ ਹਿੰਦ ਸਰਕਾਰ ਨੇ 'ਸਾਕਾ ਨੀਲਾ ਤਾਰਾ' ਅਪ੍ਰੇਸ਼ਨ ਕੀਤਾ ਤਾਂ ਉਹ ਇਸ ਘਿਨੌਣੇ ਹਮਲੇ ਤੇ ਕੁਰਲਾਅ ਉੱਠੇ ਤੇ ਮੈਨੂੰ ਯਾਦ ਹੈ ਕਿ ਉਹਨਾਂ ਨੇ ਕਿਹਾ, 'ਦੇਖੋ! ਪੰਜਾਬੀ ਲੋਕ ਆਪਣੇ ਰਿਸ਼ਤੇਦਾਰਾਂ ਦੀਆਂ ਮੌਤਾਂ ਨੂੰ ਤਾਂ ਸ਼ਾਇਦ ਭੁੱਲ ਜਾਣਗੇ ਪਰ 'ਦਰਬਾਰ ਸਾਹਿਬ' ਤੇ ਹੋਏ ਹਮਲੇ ਨੂੰ ਉੱਕਾ ਹੀ ਕਈ ਪੀੜ੍ਹੀਆਂ ਤੱਕ ਨਹੀਂ ਭੁਲਾਅ ਸਕਣਗੇ' ਤੇ ਉਸ ਤੋਂ ਬਾਅਦ ਉਹ ਬੜੀ ਦੇਰ ਤੱਕ ਭਾਵਕਤਾ ਵਿਚ ਰਹੇ ਤੇ ਭਾਰਤ ਸਰਕਾਰ ਵੱਲੋਂ ਦਿੱਤੇ ਗਏ 'ਪਦਮ ਭੂਸ਼ਣ' ਦੇ ਸਨਮਾਨ ਨੂੰ ਉਹਨਾਂ ਨੇ ਵਾਪਸ ਮੋੜ ਦਿੱਤਾ। ਇਸ ਨਾਲ ਉਹਨਾਂ ਦੇ ਕੱਟੜ ਵਿਰੋਧੀ ਤੇ ਆਲੋਚਕ ਪ੍ਰਸ਼ੰਸਕ ਬਣ ਗਏ ਸਨ। ਦੂਜੇ ਪਾਸੇ ਉਸ ਦੇ ਅਣਗਿਣਤੀ ਪ੍ਰਸ਼ੰਸਕ ਕੱਟੜ ਵਿਰੋਧੀ ਬਣ ਗਏ ਸਨ। 2007 ਵਿਚ ਉਹਨਾਂ ਨੇ ਫਿਰ ਪਦਮ-ਭੂਸ਼ਣ ਸਨਮਾਨ ਮੁੜ ਪ੍ਰਾਪਤ ਵੀ ਕਰ ਲਿਆ ਸੀ।

ਸਰਦਾਰ ਖੁਸ਼ਵੰਤ ਸਿੰਘ ਜੀ ਅੰਧ ਵਿਸ਼ਵਾਸਾਂ ਦੀ ਸਿੱਖਿਆ ਦੇਣ ਵਾਲੇ ਅਖੌਤੀ ਬਾਬਿਆਂ, ਸਾਧਾਂ-ਫਕੀਰਾਂ, ਸਾਧੂਆਂ-ਸੰਤਾਂ, ਡੇਰੇਦਾਰਾਂ ਤੇ ਸਿਆਸਤਦਾਨਾਂ ਦੇ ਰੱਜ ਕੇ ਆਲੋਚਕ ਸਨ। ਉਹ ਕਹਿੰਦੇ ਸਨ, ''ਪੁਜਾਰੀਆਂ ਦੇ ਆਪਣੇ ਸੁਆਰਥੀ ਹਿੱਤ ਹੁੰਦੇ ਹਨ, ਕਿਉਂਕਿ ਉਹਨਾਂ ਦਾ ਤੋਰੀ-ਫੁਲਕਾ ਜਨਤਾ ਦੇ ਸਿਰ ਹੁੰਦਾ ਹੈ।

ਉਹ ਅਖੌਤੀ ਸਾਧਾਂ ਨੂੰ ਸਮਾਜ ਨੂੰ ਲੱਗੀਆਂ ਜੋਕਾਂ ਕਹਿੰਦੇ ਸਨ। ਜਿਹੜੇ ਭਗਵੇਂ, ਮਹਿੰਦੀ ਰੰਗੇ, ਨੀਲੇ, ਚਿੱਟੇ ਤੇ ਹਰੇ ਪਹਿਰਾਵੇ ਪਾ ਕੇ ਕਿਰਤੀ ਲੋਕਾਂ ਦੀ ਕਮਾਈ ਤੇ ਆਪਣੇ ਢਿੱਡ ਭਰਦੇ ਤੇ ਵੱਡੇ ਕਰਦੇ ਹਨ। ਉਹ ਮਾਰਕਸੀ ਸਣੇ ਦੂਸਰੀ ਰਾਜਸੀ ਵਰਗਾਂ ਦੀ ਵੀ ਆਲੋਚਨਾ ਕਰਦੇ ਸਨ ਜੋ 'ਸਭ ਮਹੂਰਤ ਕਢਵਾਉਣ ਲਈ ਜੋਤਸ਼ੀਆਂ ਤੇ ਨਜ਼ੂਮੀਆਂ ਦੇ ਦਰਾਂ ਤੇ ਭਟਕਦੇ ਫਿਰਦੇ ਸਨ। ਬੜੀ ਦੇਰ ਦੀ ਗੱਲ ਹੈ ਜਦੋਂ ਸਰਦਾਰ ਖੁਸ਼ਵੰਤ ਸਿੰਘ ਜੀ 'ਇਲਸਟ੍ਰੇਟਿਡ ਵੀਕਲੀ ਆਫ ਇੰਡੀਆ' ਦੇ ਸੰਪਾਦਕ ਸਨ ਤਾਂ ਉਹਨਾਂ ਨੇ ਸ੍ਰੀ ਸਾਂਈ ਬਾਬਾ ਜੀ ਦੀ ਢੌਂਗੀ ਰੱਬੀ ਤਾਕਤ' ਨੂੰ ਵੰਗਾਰਿਆ ਸੀ ਤੇ ਆਪਣੇ ਨਾਲ ਦੂਸਰੇ ਪੱਤਰਕਾਰ ਲਿਜਾਅ ਕੇ ਉਹਨਾਂ ਕੋਲ ਗੁਪਤ ਕੈਮਰੇ ਫੜਾ ਕੇ ਉਹਨਾਂ ਨੂੰ ਉਹਨਾਂ ਦੀ 'ਰੱਬੀ ਸ਼ਕਤੀ' ਬਾਰੇ ਪ੍ਰਸ਼ਨ ਕੀਤੇ ਸਨ ਤਾਂ ਉਹ ਇਕ ਵੀ 'ਰੱਬੀ ਸ਼ਕਤੀ' ਦੀ ਕੋਈ ਗੈਬੀ ਕਿਰਿਆ ਨਹੀਂ ਕਰ ਸਕੇ ਸਨ, ਸਿਰਫ ਉਹਨਾਂ ਨੇ ਆਪਣੀਆਂ ਤਾਂਤਰਿਕ ਕਿਰਿਆਵਾਂ ਹੀ ਕੀਤੀਆਂ ਸਨ ਜੋ ਗੁਪਤ ਕੈਮਰਿਆਂ ਵਿਚ ਬੰਦ ਹੋ ਗਈਆਂ ਸਨ। ਇੱਥੇ ਸਾਂਈ ਜੀ ਨੂੰ ਸ: ਖੁਸ਼ਵੰਤ ਸਿੰਘ ਜੀ ਨੇ ਕਿਹਾ, ''ਸਾਂਈ ਜੀ! ਤੁਸੀਂ ਐਸੀ ਚੀਜ਼ ਪ੍ਰਗਟ ਕਰੋ ਜੋ ਤੁਹਾਡੇ ਹੱਥਾਂ ਵਿਚ ਆਸਾਨੀ ਨਾਲ ਨਾ ਪਕੜੀ ਜਾ ਸਕੇ, ਅੱਗੋਂ ਉਹਨਾਂ ਨੇ ਕਿਹਾ ਕਿ, ''ਦੱਸੋ ਕਿਹੜੀ ਚੀਜ਼ ਮੈਂ ਪ੍ਰਗਟ ਕਰਾਂ?'' ਤਾਂ ਸਰਦਾਰ ਖੁਸ਼ਵੰਤ ਸਿੰਘ ਜੀ ਨੇ ਕਿਹਾ ਕਿ ਤੁਸੀਂ ਤਰਬੂਜ਼ ਪ੍ਰਗਟ ਕਰੋ? ਪਰ ਸਾਂਈ ਜੀ ਤਰਬੂਜ਼ ਨਾ ਪ੍ਰਗਟ ਕਰ ਸਕੇ ਤੇ ਕਿਹਾ ਕਿ ''ਤਰਬੂਜ਼ ਦਾ ਮੌਸਮ ਨਹੀਂ ਹੈ। ਤਾਂ ਫਿਰ ਖੁਸ਼ਵੰਤ ਸਿੰਘ ਜੀ ਨੇ ਕਿਹਾ ''ਤੁਸੀਂ ਆਪਣੇ ਅੰਦਰ 'ਰੱਬੀ ਸ਼ਕਤੀ' ਦਾ ਢੌਂਗ ਹੀ ਸੀ ਤੇ ਉਹ ਕੁਝ ਵੀ ਨਾ ਕਰ ਸਕੇ। ਇਸ ਗੱਲਬਾਤ ਤੇ ਸ: ਖੁਸ਼ਵੰਤ ਸਿੰਘ ਜੀ ਨੇ ਇਲਸਟ੍ਰੇਟਿਡ ਵੀਕਲੀ ਆਫ ਇੰਡੀਆ ਵਿਚ ਇਕ ਲੇਖ ਲਿਖਿਆ, ਜਿਸ ਦਾ ਸਿਰਲੇਖ ਸੀ, 'ਸਾਂਈ ਬਾਬਾ ਗੌਡ ਔਰ ਫਰਾਡ'। ਉਸ ਸਮੇਂ ਇਸ ਛਪੇ ਲੇਖ ਨੂੰ ਮੈਂ ਖੁਦ ਪੜ੍ਹਿਆ ਸੀ। ਇਸ ਲੇਖ ਵਿਚ ਸ: ਖੁਸ਼ਵੰਤ ਸਿੰਘ ਜੀ ਨੇ ਬੜਾ ਸਪਸ਼ਟ ਲਿਖਿਆ ਸੀ ਕਿ ਸਾਂਈ ਜੀ ਦੀ ਤਾਂਤਰਿਕਤਾ ਇਕ ਵਿਗਿਆਨ ਹੈ, ਜਿਸ ਨੂੰ ਕੋਈ ਵੀ ਸਧਾਰਨ ਤੋਂ ਸਧਾਰਨ ਮਨੁੱਖ ਸਿੱਖ ਕੇ ਕਰ ਸਕਦਾ ਹੈ। ਇਸ ਤਾਂਤਰਿਕਤਾ ਕਿਸੇ ਸਾਧ-ਫਕੀਰ ਕੋਲ 'ਰੱਬੀ ਤਾਕਤ' ਦਾ ਕ੍ਰਿਸ਼ਮਾ ਨਹੀਂ ਹੈ।

ਇਸ ਵਿਚ ਲੋਕਾਂ ਨੂੰ ਮੂਰਖ ਬਣਾਉਣ ਲਈ ਧਿਆਨ ਤੇ ਨਜ਼ਰ ਨੂੰ ਗੱਲਾਂ ਵਿਚ ਕੇਂਦਰਿਤ ਕਰਕੇ ਤੇ ਹਿਪਨੋਟਾਈਜ਼ ਕਰਕੇ ਹੱਥ ਦੀ ਸਫਾਈ ਨਾਲ ਤਾਂਤਰਿਕ ਕਿਰਿਆ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ। ਆਪਣੇ ਕੋਲੋਂ 'ਰੱਬੀ ਸ਼ਕਤੀ' ਦਾ ਢੌਂਗ ਕਰਕੇ ਇਹ ਲੋਕਾਂ ਨੂੰ ਮੂਰਖ ਬਣਾਉਣ, ਲੁੱਟਣ ਤੇ ਫਰਾਡ ਕਰਨ ਤੋਂ ਇਲਾਵਾ ਕੁਝ ਵੀ ਨਹੀਂ ਹੈ। ਖੁਸ਼ਵੰਤ ਸਿੰਘ ਜੀ ਪੂਰੀ ਤਰ੍ਹਾਂ ਨਾਸਤਿਕ ਸਨ ਤੇ ਵਿਗਿਆਨਕ ਸੋਚ ਦੇ ਧਾਰਨੀ ਸਨ। ਉਹ ਕਹਿੰਦੇ ਹਨ ਜੇਕਰ ਰੱਬ ਨੂੰ ਢੋਲਕੀਆਂ, ਛੈਣੇ, ਭਜਨ ਬੰਦਗੀ ਤੇ ਪਾਠਾਂ ਦੀਆਂ ਲੜੀਆਂ ਕਰਵਾਉਣ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਮੈਂ ਇਸ ਨੂੰ ਨਹੀਂ ਮੰਨਦਾ ਤੇ ਮੈਂ ਨਾਸਤਿਕ ਹੀ ਠੀਕ ਹਾਂ। ਉਹਨਾਂ ਨੇ ਆਪਣੀ ਨਾਸਤਿਕ ਸੋਚ ਬਾਰੇ ਆਪਣੇ ਵਿਗਿਆਨਕ ਵਿਚਾਰ ਆਪਣੀ ਰਚਨਾ 'ਦੇਅਰ ਇਜ਼ ਨੋ ਗੌਡ' ਵਿਚ ਬੜੀ ਦਲੀਲ ਯੁਕਤਤਾ ਨਾਲ ਦਿੱਤੇ ਹਨ। ਆਪਣੀ ਕੌਮ ਦੇ ਬਾਰੇ ਲਤੀਫੇਬਾਜ਼ੀ ਕਰਕੇ ਆਪਣਾ ਨਾਂ ਚਮਕਾਉਣ ਵਾਲੇ ਸ: ਖੁਸ਼ਵੰਤ ਸਿੰਘ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹਨਾਂ ਨੂੰ ਨਿਤਨੇਮ ਬਾਣੀ ਜਵਾਨੀ ਕੰਠ ਸੀ। ਸਤਾਰਾਂ ਸਾਲ ਦੀ ਉਮਰ ਵਿਚ ਉਹਨਾਂ ਨੇ ਅੰਮ੍ਰਿਤ ਵੀ ਛਕਿਆ ਸੀ ਜੋ ਬਾਅਦ ਵਿਚ ਭੰਗ ਹੋ ਗਿਆ ਸੀ।

ਉਹ ਆਪਣੀ ਪਤਨੀ ਕੰਵਲ ਅਤੇ ਬੱਚਿਆਂ ਰਾਹੁਲ ਤੇ ਮਾਲਾ ਪ੍ਰਤੀ ਪੂਰਨ ਸਮਰਪਿਤ ਇਕ ਪਰਿਵਾਰਕ ਵਿਅਕਤੀ ਸੀ। ਉਹਨਾਂ ਦੀ ਪਤਨੀ ਕੰਵਲ ਲੰਮਾ ਸਮਾਂ ਭੁੱਲਣ ਦੀ ਬਿਮਾਰੀ ਤੋਂ ਪੀੜਤ ਰਹੀ ਤੇ ਸੰਨ 2002 ਵਿਚ ਅਕਾਲ ਚਲਾਣਾ ਕਰ ਗਈ। ਉਹਨਾਂ ਦੇ ਪੱਤਰਕਾਰ ਪੁੱਤਰ ਰਾਹੁਲ ਤੇ ਪੁੱਤਰੀ ਮਾਲਾ ਨੇ ਉਹਨਾਂ ਦੇ ਅੰਤਿਮ ਦਿਨਾਂ ਵਿਚ ਪੂਰੀ ਦੇਖਭਾਲ ਕੀਤੀ, ਜਿਸ ਕਾਰਨ ਉਹਨਾਂ ਨੇ ਬੜੀ ਸ਼ਾਂਤੀ ਤੇ ਆਰਾਮ ਨਾਲ ਆਪਣੇ ਅੰਤਿਮ ਸੁਆਸ ਛੱਡੇ। ਸਰਦਾਰ ਖੁਸ਼ਵੰਤ ਸਿੰਘ ਜੀ ਬਾਰੇ ਜਿੰਨਾ ਵੀ ਕਿਹਾ ਜਾਵੇ, ਉਹ ਥੋੜ੍ਹਾ ਹੈ।

ਉਹ ਆਪਣੀਆਂ ਰਚਨਾਵਾਂ ਬਾਰੇ ਬੜੇ ਸੁਚੇਤ, ਅਨੁਸ਼ਾਸਿਤ ਤੇ ਸਮੇਂ ਦੇ ਪਾਬੰਦ ਵਿਅਕਤੀ ਸਨ। ਇੰਨੇ ਗੁਣ ਹੁੰਦਿਆਂ ਹੋਇਆਂ ਵੀ ਉਹ ਆਪਣੀ ਬਾਹਰੀ ਦਿੱਖ ਤੋਂ ਬੜੇ ਅਵੇਸਲੇ ਤੇ ਲਾਪਰਵਾਹ ਸਨ। ਕਹਿੰਦੇ ਹਨ, ਇਕ ਵਾਰ ਉਹਨਾਂ ਦੀ ਮਾਤਾ ਜੀ ਨੇ ਉਹਨਾਂ ਨੂੰ ਝਿੜਕਿਆ ਤੇ ਕਿਹਾ ਸੀ ''ਤੂੰ ਹੁਣ ਪ੍ਰਸਿੱਧ ਹੋ ਗਿਆ ਹੈਂ ਤੇ ਤੂੰ ਸੋਚਦੈਂ ਕਿ ਤੂੰ ਬਿਨਾਂ ਪੱਗ ਬੰਨ੍ਹੇ, ਸਿਰਫ ਪਟਕੇ ਵਿਚ ਹੀ ਬਾਹਰ ਜਾ ਸਕਦੈਂ।''

ਸ: ਖੁਸ਼ਵੰਤ ਸਿੰਘ ਜੀ ਦੀਆਂ ਸਾਰੀਆਂ ਲਿਖਤਾਂ ਵਿਚੋਂ ਇਨਸਾਨੀਅਤ ਹੀ, ਮਨੁੱਖ ਦੇ ਅਸਲੀ ਸੁਭਾਅ ਦੀ ਪਛਾਣ ਬਣਦੀ ਹੈ। ਉਹਨਾਂ ਦੀਆਂ ਲਿਖਤਾਂ ਦਾ ਆਕਾਸ਼ ਇਤਨਾ ਵਿਸ਼ਾਲ ਸੀ, ਜਿਸ ਵਿਚੋਂ ਉਹਨਾਂ ਦੀ ਚੇਤਨਤਾ, ਰੋਮਾਂਚਿਕਤਾ, ਅਨੁਸ਼ਾਸਿਕਤਾ ਤੇ ਨਿਯਮਤਾ ਦਾ ਝਲਕਾਰਾ ਸਾਫ ਦਿਖਾਈ ਦਿੰਦਾ ਹੈ। ਅੱਜ ਇਹ ਹਰਫਨ ਮੌਲਾ, ਇਕ ਅਲਬੇਲਾ ਅਲਮਸਤ ਸਾਹਿਤਕਾਰ ਤੇ ਮਨਮੌਜੀ ਲੇਖਕ ਸਾਡੀਆਂ ਅੱਖਾਂ ਤੋਂ ਓਝਲ ਹੋ ਗਿਆ ਹੈ। ਜਿਸ ਨੇ ਸਾਹਿਤ ਦੀ ਦੁਨੀਆਂ ਵਿਚ ਕਈ ਅਜਿਹੀਆਂ 'ਬੇਅਦਬੀਆਂ' ਕੀਤੀਆਂ ਪਰ ਫਿਰ ਵੀ ਉਹਨਾਂ ਦਾ ਨਾਮ ਹਮੇਸ਼ਾ ਬੜੇ ਅਦਬ ਤੇ ਸਤਿਕਾਰ ਨਾਲ ਲਿਆ ਜਾਵੇਗਾ ਕਿਉਂਕਿ ਜੋ ਕੁਝ ਉਹਨਾਂ ਨੇ ਕਰ ਦਿਖਾਇਆ ਹੈ, ਉਸ ਦੀ ਹੋਰ ਕੋਈ ਮਿਸਾਲ ਨਹੀਂ ਹੈ। 'ਨਾ ਕਾਹੂੰ ਸੇ ਦੋਸਤੀ, ਨਾ ਕਾਹੂੰ ਸੇ ਵੈਰ' ਦੇ ਸਿਰਲੇਖ ਹੇਠ ਲਿਖਣ ਵਾਲੇ ਕਾਲਮ-ਨਵੀਸ ਸਰਦਾਰ ਖੁਸ਼ਵੰਤ ਸਿੰਘ ਜੀ ਸਾਡਾ ਤੈਨੂੰ 'ਸਲਾਮ'।

## ਨਜ਼ਰੀਆ

- ਪ੍ਰੋ. ਵਿਵੇਕ ਕੁਮਾਰ

ਦਲਿਤ ਅਤੇ ਪੱਛੜੇ ਨੇਤਾਵਾਂ ਦਾ ਭਾਰਤੀ ਜਨਤਾ ਪਾਰਟੀ ਦੇ ਸੰਗਠਨਾਤਮਕ ਢਾਂਚੇ ਵਿਚ ਜੋ ਹਸ਼ਰ ਦੇਖਿਆ ਗਿਆ ਹੈ, ਉਸ ਤੋਂ ਭਵਿੱਖ ਦੀ ਕਲਪਨਾ ਕੀਤੀ ਜਾ ਸਕਦੀ ਹੈ ਅਤੇ ਅਸੀਂ ਵਿਸ਼ਵਾਸ ਨਾਲ ਇਹ ਕਹਿ ਸਕਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਵੀ ਦਲਿਤਾਂ ਦੇ ਲੀਡਰਾਂ ਅਤੇ ਏਜੰਡੇ ਨੂੰ ਪਿੱਛੇ ਹੀ ਰੱਖਿਆ ਜਾਵੇਗਾ। ਇਹ ਦਲਿਤ ਅਤੇ ਪੱਛੜੇ ਸਮਾਜ ਦੇ ਲਈ ਇਕ ਚਿਤਾਵਨੀ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਸੋਚ ਸਮਝ ਕੇ ਆਪਣੀ ਵੋਟ ਦੀ ਵਰਤੋਂ ਕਰੋ। ਲੋਕਾਂ ਨੂੰ 'ਜੈ ਭੀਮ' ਅਤੇ 'ਜੈ ਸ਼੍ਰੀਰਾਮ' ਵਿਚ ਅੰਤਰ ਕਰਨਾ ਹੋਵੇਗਾ, ਕਿਉਂਕਿ ਜੈ ਸ਼੍ਰੀਰਾਮ ਅਤੇ ਜੈ ਭੀਮ ਦਾ ਏਜੰਡਾ ਅਲੱਗ-ਅਲੱਗ ਹੈ।

## ਹੋਸ਼ਿਆਰ, ਜਾਗਦੇ ਰਹਿਣਾ ਦੇਸ਼ ਵਿਚ ਲੋਕ ਸਭਾ ਚੋਣਾਂ ਦਾ ਬਿਗੁਲ ਵੱਜ ਗਿਆ

(ਸੰਪਾਦਕੀ ਸਫੇ ਦੀ ਬਾਕੀ)


ਤਾਂ ਜੋ ਅਗਲਾ ਦੇਸ਼ ਦਾ ਇਤਿਹਾਸ ਲਿਖਣ ਤੋਂ ਪਹਿਲਾਂ ਅਸੀਂ ਪਿਛਲੇ ਇਤਿਹਾਸ ਤੋਂ ਕੁਝ ਸਬਕ ਸਿੱਖ ਸਕੀਏ। ਕੀ ਅਸੀਂ ਸ਼੍ਰੀ ਵਾਜਪਾਈ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਐਨ. ਡੀ. ਏ ਦੀ ਸਰਕਾਰ ਦੀ ਕਾਰ-ਗੁਜ਼ਾਰੀ ਵੱਲ ਝਾਤ ਮਾਰੀਏ ਤਾਂ ਅੱਜ ਕਾਰਗਿਲ ਦਾ ਯੁੱਧ ਸਾਡੀਆਂ ਅੱਖਾਂ ਅਗੇ ਹਨੇਰੀਆਂ ਲੈ ਆਉਂਦਾ। ਇਹ ਭਾਰਤ ਵਿਚ ਐਨ.ਡੀ.ਏ ਦੀ ਜੋ ਭਾਜਪਾ ਦੀ ਅਗਵਾਈ ਵਿਚ ਸਰਕਾਰ ਸੀ ਉਸ ਦੀ ਅਗਵਾਈ ਵਿਚ ਦੁਸ਼ਮਣ ਭਾਰਤ ਦੇਸ਼ ਦੇ ਸਿਰ ਉਤੇ ਆ ਬੈਠਾ ਸੀ।

ਉਸ ਸਮੇਂ ਇਹ ਭਾਜਪਾ ਦੀ ਇਹ ਸਰਕਾਰ ਕਿਹੜੀ ਨੀਂਦੇ, ਸੁੱਤੀ ਹੋਈ ਸੀ ਅਤੇ ਦੁਸ਼ਮਨ ਨੂੰ ਘੱਟ ਕਰਨ ਲਈ ਹਜ਼ਾਰਾਂ 20 ਤੋਂ 24 ਸਾਲ ਦੇ ਮਾਵਾਂ ਦੇ ਨੋਜਵਾਨ ਪੁੱਤਾਂ ਦੀ ਸ਼ਹਾਦਤ/ ਕੁਰਬਾਨੀ ਤੋਂ ਬਾਅਦ ਦੁਸ਼ਮਣ ਨੂੰ ਬਾਹਰ ਕਢਣ ਵਿੱਚ ਭਾਜਪਾ ਨੂੰ ਕਾਮਯਾਬੀ ਮਿਲੀ। ਹਾਏ-ਹਾਏ ਉਸ ਸਮੇਂ ਦੀ ਐ.ਡੀ.ਏ ਦੀ ਸਰਕਾਰ ਉਤੇ ਜਿਸ ਨੇ ਨੌਜਵਾਨ ਸ਼ਹੀਦਾਂ ਦੇ ਤਾਬੂਤਾਂ ਨੂੰ ਬਨਾਉਨ ਵਿਚ ਕਮੀਸ਼ਨ ਲੈਣ ਤੋਂ ਪਰਹੇਜ਼ ਨਹੀਂ ਕੀਤਾ ਅਜ ਉਸੇ ਹੀ ਪਾਰਟੀ ਦੇ ਲੀਡਰ ਵਿਰੋਧੀ ਪਾਰਟੀ ਵਿਚ ਹੁੰਦੇ ਹੋਏ ਦੇਸ਼ ਦੇ ਕੋਨੇ-ਕੋਨੇ ਵਿਚ ਭਰਿਸ਼ਟਾਚਾਰ ਦਾ ਰਾਗ ਅਲਾਪ ਰਹੇ ਹਨ। ਕੀ ਇਹ ਭਾਜਪਾ ਉਹੀ ਪਾਰਟੀ ਨਹੀਂ ਜਿਨ੍ਹਾਂ ਪੰਜਾਬ ਵਿੱਚ ਉਸ ਸਮੇਂ ਜਦ ਸ਼੍ਰੋਮੋਣੀ ਅਕਾਲੀ ਦਲ ਵਲੋਂ ਪੰਜਾਬ ਵਿਚ ਆਨੰਦਰਪੁਰ ਸਾਹਿਬ ਦੇ ਮਤੇ ਅਨੁਸਾਰ, ਪੰਜਾਬ ਵਿਚ ਧਰਮਯੁੱਧ ਮੋਰਚਾ ਸ਼ੁਰੂ ਕੀਤਾ ਗਿਆ ਸੀ ਤਾਂ ਇਹੋ ਭਾਰਤੀ ਜਨਤਾ ਪਾਰਟੀ ਭਾਰਤ ਵਿਚ ਸ਼੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਖਾਲੀਸਤਾਨ ਦਾ ਮਤਾ ਦਸ ਰਹੀ ਸੀ। 1980 ਤੋਂ 1985 ਦੀਆਂ ਅਖਬਾਰਾਂ ਇਸ ਦੀ ਗਵਾਹੀ ਭਰਦੀਆਂ ਹਨ। ਭਾਜਪਾ ਦੇ ਇਸੇ ਪ੍ਰਚਾਰ ਨੇ ਤਾਂ ਸਿੱਖ ਕੌਮ ਦੇ ਬੱਚੇ ਤੋਂ ਲੈ ਕੇ ਬੁਢੇ ਤਕ ਜਿਸ ਦੇ ਮਨ ਅੰਦਰ ਦੇਸ਼ ਪਿਆਰ ਦਾ ਜ਼ਜਬਾ ਘੁਟ-ਘੁਟ ਕੇ ਭਰਿਆ ਹੋਵੇ ਉਸ ਕੌਮ ਦੇ ਨੌਜਵਾਨਾਂ ਨੂੰ ਆਂਤਕੀ ਬਨਣ ਲਈ ਮਜਬੂਰ ਕਰ ਦਿੱਤਾ।


ਆਉ ਪਿਆਰੇ ਦੇਸ਼ ਵਾਸੀਓ ਵੋਟਾਂ ਪਾਉਣ ਲਈ ਮਨ ਬਣਾਉਣ ਤੋਂ ਪਹਿਲਾਂ ਜੰਨਸਘ ਤੋਂ ਬਣੀ ਭਾਰਤੀ ਜਨਤਾ ਪਾਰਟੀ ਦੇ ਇਤਿਹਾਸ ਨੂੰ ਪੜ ਲਈਏ ਅਤੇ ਆਪਣੇ ਪਿਆਰੇ ਬਾਪੂ ਗਾਂਧੀ ਦੇ ਕਤਲ ਨੂੰ ਯਾਦ ਕਰਕੇ ਉਸ ਦੇ ਕਾਤਲਾਂ ਦੇ ਹਿਮਾਇਤੀਆਂ ਵਿਰੁਧ ਇਹਨਾਂ ਵੋਟਾਂ ਵਿਚ ਡੱਟ ਜਾਈਏ ਅਤੇ ਆਪਣੀ ਇਕ-ਇਕ ਵੋਟ ਦਾ ਇਸਤੇਮਾਲ ਧਰਮ ਨਿਰਪਖ ਪਾਰਟੀ ਦੇ ਹੱਕ ਵਿਚ ਕਰਦੇ ਦੇਸ ਵਿਚ ਲੋਕ-ਤੰਤਰ ਨੂੰ ਬਚਾਉਣ ਲਈ ਧਰਮ ਨਿਰਪਖ ਪਾਰਟੀ ਦੇ ਹੱਥਾਂ ਵਿੱਚ ਵਾਗਡੋਰ ਸੌਂਪ ਦੇਈਏ।

# ਗਦਰੀ ਬਾਬਿਆਂ ਦੀ ਸ਼ਾਹਦਤ ਨੂੰ ਪ੍ਰਨਾਮ ਕਰਦਾ ਹੋਇਆ ਨੇਪਰੇ ਚੜ੍ਹਿਆ 'ਮੇਲਾ ਗਦਰੀ ਬਾਬਿਆਂ ਦਾ'

## ਚੌਦਵਾਂ ਮੇਲਾ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਕੀਤਾ ਗਿਆ ਸਮਰਪਿਤ ਬੱਚਿਆਂ ਦੇ ਭਾਸ਼ਣ ਮੁਕਾਬਲੇ ਬਣੇ ਖਿੱਚ ਦਾ ਮੁੱਖ ਕੇਂਦਰ




















ਫਰਿਜਨੋ (ਕੁਲਵੀਰ ਹੇਅਰ)- ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋਂ ਵਲੋਂ ਚੌਦਵਾਂ ਸਲਾਨਾ 'ਮੇਲਾ ਗਦਰੀ ਬਾਬਿਆਂ ਦਾ' 22, 23 ਮਾਰਚ ਨੂੰ ਫਰਿਜ਼ਨੋਂ ਵਿਖੇ ਅਯੋਜਿਤ ਕੀਤਾ ਗਿਆ।ਇਹ ਚੌਦਵਾਂ ਮੇਲਾ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਕੀਤਾ ਗਿਆ ਸਮਰਪਿਤ ਗਿਆ ਸੀ। ਦੋ ਦਿਨਾਂ ਦੇ ਇਸ ਸਮਾਗਮ ਵਿਚ 22 ਮਾਰਚ ਨੂੰ ਦੇਸ਼ ਭਗਤਾਂ ਬਾਰੇ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿਚ ਤੇਰਾਂ ਬੱਚਿਆਂ ਨੇ ਭਾਗ ਲਿਆ। ਇਸ ਸਮਾਗਮ ਦੀ ਸ਼ੁਰੂਆਤ ਸ਼ਹੀਦਾਂ ਦੀ ਫੋਟੋ ਤੇ ਫੁੱਲ ਭੇਂਟ ਕਰਕੇ ਕੀਤੀ ਗਈ।

ਛੋਟੇ ਬੱਚਿਆਂ ਨੇ ਪੰਜਾਬੀ ਵਿਚ ਭਾਸ਼ਣ ਕਰਕੇ ਦਰਸ਼ਕਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਅਤੇ ਇਹ ਮੁਕਾਬਲੇ ਦਰਸ਼ਕਾਂ ਲਈ ਮੁੱਖ ਖਿਚ ਦਾ ਕੇਂਦਰ ਬਣ ਗਏ। ਇਸ ਮੁਕਾਬਲੇ ਲਈ ਡਾ. ਗੁਰਮੇਲ ਸਿੰਘ ਸਿੱਧੂ, ਪ੍ਰੋ. ਅਰਜਨ ਸਿੰਘ ਜੋਸਨ ਅਤੇ ਹਰਜਿੰਦਰ ਕੰਗ ਨੇ ਜੱਜਾਂ ਦੀ ਭੂਮਿਕਾ ਨਿਭਾਈ।23 ਮਾਰਚ ਵਾਲੇ ਦਿਨ ਰੀਜੈਂਸੀ ਪੈਲੇਸ ਕਲੋਵਿਸ ਵਿਚ ਮੇਲਾ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ। ਮੇਲੇ ਦੀ ਸ਼ੁਰੂਆਤ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਆਪਣੀ ਕਵਿਤਾ 'ਸਬਰ ਸਿਦਕ ਵਿਚ ਬੱਝੇ ਲੋਕ' ਦੇ ਉਚਾਰਣ ਨਾਲ ਕੀਤੀ। ਇਸ ਤੋਂ ਪਿੱਛੋਂ ਕਾਮਾਗਾਟਾਮਾਰੂ ਦੇ ਸ਼ਹੀਦਾਂ, ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ (ਜਿਨ੍ਹਾਂ ਦਾ ਮੇਲੇ ਵਾਲੇ ਦਿਨ ਸ਼ਹੀਦੀ ਦਿਨ ਸੀ) ਅਤੇ ਪਿਛਲੇ ਇਕ ਸਾਲ ਵਿਚ ਸਾਥੋਂ ਵਿਛੜੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੋਬਲ ਪੁਰਸਕਾਰ ਜੇਤੂ ਸ੍ਰੀ ਨੈਲਸਨ ਮੰਡੇਲਾ, ਪ੍ਰਸਿੱਧ ਲੇਖਕ ਸ. ਖੁਸ਼ਵੰਤ ਸਿੰਘ, ਅਜ਼ਾਦੀ ਘੁਲਾਟੀਏ ਰਣਜੀਤ ਸਿੰਘ ਆਈ ਐਨ ਏ, ਸ਼ਹੀਦ ਭਗਤ ਸਿੰਘ ਦੇ ਸਾਥੀ ਸ੍ਰੀ ਸਮਰ ਮੁਖਰਜੀ, ਹਰਮਨ ਪਿਆਰੀਆਂ ਗਾਇਕਾਵਾਂ ਰੇਸ਼ਮਾਂ ਅਤੇ ਸ਼ਮਸ਼ਾਦ ਬੇਗਮ ਨੂੰ ਸ਼ਰਧਾਂਜਲੀ ਭੇਂਟ ਕੀਤੀਆਂ ਗਈਆਂ। ਫੋਰਮ ਦੇ ਆਗੂ ਸ. ਗੁਰਦੀਪ ਸਿੰਘ ਅਣਖੀ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਸ਼ਹੀਦ ਸਮੁੱਚੀਆਂ ਕੌਮਾਂ, ਸਮੁੱਚੇ ਰਾਸ਼ਟਰ ਦਾ ਸਰਮਾਇਆ ਹੁੰਦੇ ਹਨ। ਉਹਨਾਂ ਦੀ ਸ਼ਹਾਦਤ ਨੂੰ ਕਿਸੇ ਧਰਮ, ਜਾਤ ਨਾਲ ਜੋੜ ਕੇ ਵੇਖਣਾ ਦੇਸ਼ ਧ੍ਰੋਹ ਦੇ ਸਮਾਨ ਹੈ। ਸ਼ਰਨਜੀਤ ਧਾਲੀਵਾਲ ਅਤੇ ਹਰਿੰਦਰ ਮੰਢਾਲੀ ਨੇ ਬੜੀ ਸੁਰੀਲੀ ਅਵਾਜ਼ ਵਿਚ ਕਵਿਤਾਵਾਂ ਪੜ੍ਹੀਆਂ ਜੋ ਹਾਜ਼ਰ ਸਰੋਤਿਆਂ ਨੇ ਬੇਹੱਦ ਸਲਾਹੀਆਂ। ਨਾਮਧਾਰੀ ਸੰਪ੍ਰਦਾ ਵਲੋਂ ਸ. ਗੁਰਦੇਵ ਸਿੰਘ ਨੇ ਸ਼ਹੀਦਾਂ ਨੂੰ ਯਾਦ ਕਰਨ ਦੇ ਉੱਦਮ ਲਈ ਫੋਰਮ ਦੇ ਉਪਰਾਲੇ ਨੂੰ ਉੱਤਮ ਦੱਸਿਆ। ਸ. ਮਹਿੰਦਰ ਸਿੰਘ ਗਰੇਵਾਲ ਨੇ ਦੇਸ਼ ਭਗਤਾਂ ਬਾਰੇ ਕਵਿਤਾ 'ਹਜ਼ਾਰੋਂ ਫੂਲ ਸੇ ਚਿਹਰੇ ਝੁਲਸ ਕੇ ਰਾਖ ਹੂਏ' ਮੁਖੜੇ ਵਾਲੀ ਕਵਿਤਾ ਦੇ ਕੁਝ ਸ਼ਿਅਰ ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।ਉਪਰੰਤ ਮੇਲੇ ਦੇ ਮੁੱਖ ਮਹਿਮਾਨ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਸ. ਉੱਜਲ ਸਿੰਘ ਦੁਸਾਂਝ ਵਲੋਂ ਇਸ ਚੌਦਵੇਂ ਮੇਲੇ ਦੇ ਸੋਵੀਨੀਅਰ ਨੂੰ ਲੋਕ ਅਰਪਣ ਕੀਤਾ ਗਿਆ।



ਉਹਨਾਂ ਆਪਣੇ ਮੁੱਖ ਭਾਸ਼ਣ ਵਿਚ ਪੰਜਾਬੀਆਂ ਅਤੇ ਸਮੁੱਚੇ ਭਾਰਤੀਆਂ ਨੂੰ ਅਜ਼ਾਦੀ ਦੇ ਸੰਘਰਸ਼ ਵਿਚ ਦੇਸ਼ ਭਗਤੀ ਦੀ ਸੱਚੀ ਸਪਿਰਿਟ ਨੂੰ ਕਾਇਮ ਰੱਖਣ ਲਈ ਕਿਹਾ। ਉਹਨਾਂ ਕਿਹਾ ਕਿ ਦੇਸ਼ ਭਗਤਾਂ ਦਾ ਨਿਸ਼ਾਨਾ ਅਜ਼ਾਦੀ ਸੀ ਅਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਉਹਨਾਂ ਆਪਣੀਆਂ ਜਾਨਾਂ ਦੀ ਪ੍ਰਵਾਹ ਨਹੀਂ ਕੀਤੀ।

ਅਸੀਂ ਹਿੰਦੋਸਤਾਨੀ ਹਾਂ, ਇਸ ਲਈ ਸਾਨੂੰ ਮਾਣ ਹੋਣਾ ਚਾਹੀਦਾ ਹੈ, ਜਿਥੇ ਵੀ ਹੋਈਏ ਭਾਰਤੀ ਹਾਂ, ਸਾਨੂੰ ਵਿਦੇਸ਼ਾਂ ਵਿਚ ਵਡੇਰੀ ਪਛਾਣ ਬਣਾਉਣੀ ਚਾਹੀਦੀ ਹੈ। ਫੋਰਮ ਵਲੋਂ ਉਹਨਾਂ ਨੂੰ ਇਕ ਪਲੈਕ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਫੋਰਮ ਦੇ ਇਸਤਰੀ ਵਿੰਗ ਨੇ ਬੀਬੀ ਰਮਿੰਦਰ ਕੌਰ ਦੁਸਾਂਝ ਨੂੰ ਇਕ ਸ਼ਾਲ ਭੇਂਟ ਕੀਤਾ। ਬੱਚਿਆਂ ਦੇ ਪ੍ਰੋਗਰਾਮ ਵਿਚ ਛੋਟੀ ਬੱਚੀ ਤਮੰਨਾ ਔਜਲਾ ਨੇ ਅੱਜ ਦੇ ਕਵੀ ਵੀਰਾਂ ਤੋਂ ਦੇਸ਼ ਭਗਤੀ ਦੀਆਂ ਰਚਨਾਵਾਂ ਲਿਖਣ ਦੀ ਮੰਗ ਕੀਤੀ। ਸੁਖਮਨ ਔਜਲਾ ਨੇ ਸ਼ਹੀਦ ਭਗਤ ਸਿੰਘ ਦੀ ਘੋੜੀ ਸੁਰੀਲੀ ਅਵਾਜ਼ ਵਿਚ ਸੁਣਾ ਕੇ ਸਭਨਾਂ ਨੂੰ ਮੰਤਰ ਮੁਗਧ ਕਰ ਦਿੱਤਾ। ਕਿਰਨ ਮਹਿਮੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕਵਿਤਾ 'ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ' ਬਹੁਤ ਭਾਵੁਕ ਅੰਦਾਜ ਵਿਚ ਗਾ ਕੇ ਸੁਣਾਈ। ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਦੀ ਭੰਗੜਾ ਟੀਮ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।

ਕਿਰਨ ਮਹਿਮੀ ਵਲੋਂ ਕੋਰੀਓਗ੍ਰਾਫੀ ਨੇ ਦਰਸ਼ਕਾਂ ਦਾ ਮਨ ਮੋਹਿਆ।ਲਵਲੀਨ ਕੌਰ ਅਤੇ ਸਿਮਰਨ ਹੇਅਰ ਵਲੋ ਤਿਆਰ ਰੇਡੀਓ ਵਤਨੋ ਦੂਰ ਦੀ ਗਿੱਧਾ ਟੀਮ 'ਧੀਆਂ ਰਾਣੀਆਂ'ਨੇ ਸਟੇਜ ਹਿਲਾਉਣ ਵਾਲੀ ਗੱਲ ਕਰ ਦਿੱਤੀ। ਗੁਰਬਿੰਦਰ ਸਿੰਘ ਢੇਸੀ ਅਤੇ ਸਤਬੀਰ ਸਿੰਘ ਹੀਰ ਵਲੋ ਇਸ ਟੀਮ ਨੂੰ ਇਕ ਇਕ ਸੋ ਡਾਲਰ ਦਾ ਨਕਦ ਇਨਾਮ ਦਿੱਤਾ। ਬੀਬੀ ਤਰਨਜੀਤ ਕੌਰ ਕਲੇਰ ਤੇ ਬੀਬੀ ਸ਼ਗਨਦੀਪ ਕੌਰ ਵਲੋਂ ਤਿਆਰ ਕੀਤੀ 'ਮੜ੍ਹਕ ਪੰਜਾਬਣ ਦੀ' ਬੱਚੀਆਂ ਦੀ ਗਿੱਧਾ ਟੀਮ ਨੇ ਹਾਲ ਗੂੰਜਣ ਲਗਾ ਦਿੱਤਾ। ਬੱਚਿਆਂ ਦੇ ਭਾਸ਼ਣ ਮੁਕਾਬਲੇ ਵਿਚ ਜੇਤੂ 9 ਬੱਚਿਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਆ। ਤਿੰਨਾਂ ਗੁਰੱਪਾਂ ਵਿਚ ਵੰਡੇ ਬੱਚਿਆਂ ਦੇ ਗੁਰੱਪਾਂ ਵਿਚ ਇਕ ਗੁਰੱਪ ਦੀ ਸਪਾਂਸਰਸ਼ਿਪ ਗੁਰਬਿੰਦਰ ਸਿੰਘ ਢੇਸੀ ਵਲੋਂ ਕੀਤੀ ਗਈ। ਦੂਜੇ ਗਰੁੱਪ ਦੀ ਰਾਇਲ ਫੈਬਰਿਕਸ ਵਾਲੇ ਰਾਜਿੰਦਰ ਸਿੰਘ ਸੱਗੂ ਅਤੇ ਤੀਸਰੇ ਗੁਰੱਪ ਦੀ ਸ਼ੇਰ ਸਿੰਘ ਚੌਹਾਨ ਅਤੇ ਭੁਪਿੰਦਰ ਸਿੰਘ ਜਾਡਲਾ ਵਲੋਂ ਸਪਾਂਸਰਸ਼ਿਪ ਕੀਤੀ ਗਈ ਸੀ। ਭਾਗ ਲੈਣ ਵਾਲੇ ਬਾਕੀ ਬੱਚਿਆਂ ਨੂੰ ਕੰਸੋਲੇਸ਼ਨ ਪਰਾਈਜ਼ ਦੇ ਕੇ ਉਤਸ਼ਾਹਿਤ ਕੀਤਾ ਗਿਆ। ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਦੇ 4.0 ਜੀ ਪੀ ਏ ਪ੍ਰਾਪਤ ਕਰਨ ਵਾਲੇ 23 ਬੱਚਿਆਂ ਨੂੰ ਮੈਡਲ ਅਤੇ ਨਕਦ ਇਨਾਮ ਸ੍ਰੀ ਰਮਾਕਾਂਤ ਨੇ ਫਰਿਜ਼ਨੋਂ ਸਿਟੀ ਕੌਂਸਲ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ। ਕੈਲੀਫੋਰਨੀਆਂ ਸੰਗੀਤ ਗਰੁੱਪ ਦੇ ਅਨੂਪ ਸਿੰਘ ਚੀਮਾ ਅਤੇ ਅਮਰਜੀਤ ਸਿੰਘ ਦੂਲੇ ਨੇ ਦੇਸ਼ ਪਿਆਰ ਦੇ ਗੀਤਾਂ ਨਾਲ ਖੂਬ ਮਨੋਰੰਜਨ ਕੀਤਾ। ਬੇ ਏਰੀਆ ਤੋਂ ਸ. ਅਮਰਜੀਤ ਜੌਹਲ ਨੇ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਕ ਗੀਤ ਪੇਸ਼ ਕੀਤਾ।

ਪ੍ਰਸਿੱਧ ਗਾਇਕ ਧਰਮਵੀਰ ਥਾਂਦੀ ਨੇ ਹਰਜਿੰਦਰ ਢੇਸੀ ਅਤੇ ਹਰਜਿੰਦਰ ਕੰਗ ਦੇ ਲਿਖੇ ਹੋਰ ਗੀਤਾਂ ਨੂੰ ਬਹੁਤ ਮਨਮੋਹਕ ਸੁਰ ਵਿਚ ਗਾਇਆ। ਮੋਗਾ ਵੀਡੀਓ ਵਲੋ ਸਟਿੱਲ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਸੇਵਾ ਨਿਭਾਈ। ਸੁਰਿੰਦਰ ਮੰਢਾਲੀ ਨੇ ਸਮਾਗਮ ਦੇ ਅਖੀਰ ਵਿਚ ਆਏ ਸਾਰੇ ਸਪਾਂਸਰਾਂ, ਸਰੋਤਿਆਂ, ਮੀਡੀਆ, ਵੱਖ ਵੱਖ ਆਈਟਮਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਅਤੇ ਕਲਾਕਾਰਾਂ ਦਾ ਫੋਰਮ ਵਲੋਂ ਧੰਨਵਾਦ ਕੀਤਾ। ਬੀਬੀ ਆਸ਼ਾ ਸ਼ਰਮਾ ਨੇ ਸ਼ਾਨਦਾਰ ਕਵਿਤਾਵਾਂ ਅਤੇ ਸ਼ਿਅਰਾਂ ਨਾਲ ਸਜਾ ਕੇ ਸਟੇਜ ਦੀ ਕਾਰਵਾਈ ਨੂੰ ਚਾਰ ਚੰਨ ਲਾ ਦਿੱਤੇ। ਫੋਰਮ ਦੇ ਇਸਤਰੀ ਵਿੰਗ ਵਲੋਂ ਲੰਗਰ ਦੇ ਪ੍ਰਬੰਧ ਬਾਖੂਬੀ ਕੀਤੇ ਗਏ। ਇਸ ਤਰ੍ਹਾਂ ਇਹ ਮੇਲਾ ਗਦਰੀ ਬਾਬਿਆਂ ਦੀ ਸ਼ਾਹਦਤ ਨੂੰ ਪ੍ਰਨਾਮ ਕਰਦਾ ਹੋਇਆ ਨੇਪਰੇ ਚੜ੍ਹਿਆ।

## 20 ਵੇਂ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਸੈਲਮਾ'ਚ ਅਹਿਮ ਇਕੱਤਰਤਾ ਹੋਈ

ਸੈਲਮਾ (ਕੁਲਵੀਰ ਹੇਅਰ) – ਗੁਰਦੁਆਰਾ ਸਿੱਖ ਸੈਂਟਰ ਆਫ ਪੈਸਫਿਕ ਕੋਸਟ ਸੈਲਮਾ ਵਿਖੇ ਹੋਣ ਵਾਲੇ ਵਿਸਾਖੀ ਅਤੇ ਖਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਸਮਰਪਿਤ 20ਵੇਂ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਇਕ ਮੀਟਿੰਗ ਬੀਤੇ ਐਤਵਾਰ ਨੂੰ ਧਾਰਮਿਕ ਦੀਵਾਨਾਂ ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵਿਚਕਾਰ ਹੋਈ। ਇਸ ਮੀਟਿੰਗ ਵਿਚ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਉਪਰੰਤ ਪ੍ਰਬੰਧਕਾਂ ਨੇ ਦੱਸਿਆ ਕਿ ਨਗਰ ਕੀਰਤਨ ਅਤੇ ਸਮਾਗਮਾ ਦੀਆਂ ਤਿਆਰੀਆਂ ਕਾਫੀ ਹੱਦ ਤੱਕ ਮੁਕੰਮਲ ਹੋ ਚੁੱਕੀਆਂ ਹਨ ਅਤੇ ਬਾਕੀ ਰਹਿੰਦੇ ਕਾਰਜਾਂ ਸਬੰਧੀ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਯਾਦ ਰਹੇ ਕਿ ਇਹ 20ਵਾਂ ਮਹਾਨ ਨਗਰ ਕੀਰਤਨ 13 ਅਪ੍ਰੈਲ ਦਿਨ ਐਤਵਾਰ ਨੂੰ ਸਜਾਇਆ ਜਾਵੇਗਾ ਅਤੇ ਇਸਦਾ ਰੂਟ ਪਹਿਲਾਂ ਵਾਲਾ ਹੀ ਹੋਵੇਗਾ। ਤਿੰਨ ਦਿਨ ਚੱਲਣ ਵਾਲੇ ਸਮਾਗਮਾਂ ਦੇ ਪਹਿਲੇ ਦਿਨ 11 ਅਪ੍ਰੈਲ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। 12 ਅਪ੍ਰੈਲ ਨੂੰ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਹੋਵੇਗੀ ਅਤੇ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚੱਲੇਗਾ।



13 ਅਪ੍ਰੈਲ ਦਿਨ ਐਤਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਨਗਰ ਕੀਰਤਨ ਅਰੰਭ ਹੋਵੇਗਾ ਅਤੇ ਬਾਅਦ ਦੁਪਿਹਰ ਇਕ ਵਜੇ ਵਾਪਿਸ ਸ੍ਰੀ ਗੁਰਦੁਆਰਾ ਸਾਹਿਬ ਵਿਖੇ ਪਹੁੰਚੇਗਾ ਉਪਰੰਤ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਦੇ ਮਹਾਨ ਰਾਗੀ ਢਾਡੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## 17 ਅਕਤੂਬਰ 1904 ਨੂੰ ਪਿੰਡ ਮਾਇਓਪੱਟੀ ਤਹਿਸੀਲ ਫਗਵਾੜਾ ਵਿਖੇ ਜਨਮੇ ਬਤਨ ਸਿੰਘ ਦੇ 110 ਦੀ ਉਮਰ ਦੁੱਧ ਚਿੱਟੇ ਬਾਲ ਦੋਬਾਰਾ ਕਾਲੇ ਹੋ ਰਹੇ ਹਨ

### ਬਤਨ ਸਿੰਘ ਆਪਣੇ ਜੀਵਨ ਵਿੱਚ ਕਦੇ ਹਸਪਤਾਲ ਵਿੱਚ ਦਾਖਲ ਨਹੀ ਹੋਏ

ਫਗਵਾੜਾ (ਬੀ.ਕੇ.ਰੱਤੂ)- ਨਸ਼ਿਆ ਤੋਂ ਦੂਰ ਰਹਿਣਾ, ਸਾਦਾ ਦਾਲ ਰੋਟੀ ਖਾਣਾ ਅਤੇ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਹੀ ਲੰਬੀ ਓਮਰ ਦਾ ਰਾਜ ਹੈ ।ਇਹਨਾ ਵਿਚਾਰਾਂ ਦਾ ਪ੍ਰਗਟਾਵਾ ਸ.ਬਤਨ ਸਿੰਘ ਵਾਸੀ ਪਿੰਡ ਮਾਇਓਪੱਟੀ ਤਹਿਸੀਲ ਫਗਵਾੜਾ ਜਿਲਾ ਕਪੂਰਥਲਾ ਦੇ ਸਬ ਤੋਂ ਬਜ਼ੁਰਗ ਵਿਅਕਤੀ ਨੇ ਕਰਦਿਆ ਦੱਸਿਆ ਕਿ ਉਹਨਾ ਜਨਮ 17 ਅਕਤੂਬਰ 1904 ਨੂੰ ਪਿੰਡ ਮਾਇਓਪੱਟੀ ਤਹਿਸੀਲ ਫਗਵਾੜਾ ਵਿਖੇ ਹੋਇਆ ਸੀ ਅਤੇ ਵੋਟਰ ਸੂਚੀ ਮੁਤਾਵਿਕ ਵੀ ਉਹਨਾ ਦੀ ਉਮਰ 110 ਸਾਲ ਹੈ ਅਤੇ ਸਾਰਾ ਜੀਵਨ ਸਾਦਾ ਦਾਲ ਫੁਲਕਾ ਹੀ ਖਾਧਾ ਅਤੇ ਕਿਸੇ ਤਰਾਂ ਦਾ ਕੋਈ ਵੀ ਨਸ਼ਾ ਨਹੀ ਵਰਤਿਆ। ਸ਼ਰਾਬ ਨੂੰ ਕੌੜਾ ਪਾਣੀ ਕਹਿਣ ਵਾਲੇ ਸ.ਬਤਨ ਸਿੰਘ ਬਹੁਤ ਹੀ ਮਿਲਾਪੜੇ ਅਤੇ ਮਿੱਠ ਬੋਲੜੇ ਸੁਭਾਓ ਦੇ ਹਨ ਤੇ ਹਰੇਕ ਮਿਲਣ ਵਾਲੇ ਨੂੰ ਸ਼ਰਾਬ ਪੀਣ ਅਤੇ ਨਸ਼ਾ ਕਰਨ ਤੋਂ ਵਰਜਦੇ ਹਨ। ਬਤਨ ਸਿੰਘ ਆਪਣੇ ਜੀਵਨ ਵਿੱਚ ਕਦੇ ਹਸਪਤਾਲ ਵਿੱਚ ਦਾਖਲ ਨਹੀ ਹੋਏ। ਬਤਨ ਸਿੰਘ ਦੀ ਜਿਓ-ਜਿਓ ਉਮਰ ਵੱਧ ਰਹੀ ਹੈ ਉਹਨਾ ਦੇ ਦੁੱਧ ਚਿੱਟੇ ਬਾਲ ਦੋਬਾਰਾ ਕਾਲੇ ਹੋ ਰਹੇ ਹਨ। ਉਹਨਾਂ ਦੀ ਦਾੜੀ ਅਤੇ ਸਿਰ ਦੇ ਕਾਫੀ ਬਾਲ ਕਾਲੇ ਦਿਖਾਈ ਦਿੰਦੇ ਹਨ। ਬਤਨ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਦਿਖਾਈ ਦਿੰਦੇ ਹਨ। ਤਕਰੀਬਨ ਸਵੇਰੇ 2.30 ਵਜੇ ਉਠਕੇ ਪੰਜ ਇਸਨਾਨਾਂ ਕਰਕੇ ਢਾਈ-ਤਿੰਨ ਘੰਟੇ ਸਿਮਰਨ ਕਰਨ ਵਾਲੇ ਬਤਨ ਸਿੰਘ ਰੋਜ਼ਾਨਾ ਇੱਕ ਕਿਲੋਮੀਟਰ ਦੇ ਕਰੀਬ ਪੈਦਲ ਚਲਦੇ ਹਨ।ਬਤਨ ਸਿੰਘ ਨੂੰ ਕੁਝ ਉੱਚਾ ਸੁਣਾਈ ਦਿੰਦਾ ਹੈ ਤੇ ਇਸ ਤੋਂ ਇਲਾਵਾ ਉਹਨਾਂ ਨੂੰ ਕਿਸੇ ਵੀ ਪ੍ਰਕਾਰ ਦਾ ਰੋਗ ਨਹੀ ਹੈ।ਬਤਨ ਸਿੰ ਅਨੁਸਾਰ ਦੇਸ਼ ਦੀ ਆਜਾਦੀ ਤੋਂ ਬਾਅਦ ਹੁਣ ਤੱਕ ਪੰਚਾਇਤੀ ਚੋਣਾ ਤੋਂ ਲੈਕੇ ਹਰੇਕ ਸੰਸਦੀ ਚੋਣਾਂ ਵਿੱਚ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋ ਕਰਦੇ ਹਨ। ਬਤਨ ਸਿੰਘ ਅਨੁਸਾਰ ਪੰਜ ਸਾਲ ਦੀ ਉਮਰ ਵਿੱਚ ਹੀ ਉਹਨਾ ਦਾ ਵਿਵਾਹ ਜਵਾਲੀ ਵਾਸੀ ਪਿੰਡ ਬੜੀਆਂ ਚੰਬਲਾਂ ਨਜਦੀਕ ਮਾਹਿਲਪੁਰ ਨਾਲ ਹੋ ਗਿਆ ਸੀ ਪਰ ਮੁਕਲਾਵਾ 18 ਸਾਲ ਦੀ ਉਮਰ ਵਿੱਚ ਹੀ ਹੋਇਆ ਸੀ। ਪੇਸ਼ੇ ਤੋਂ ਰਾਜ ਮਿਸ਼ਤਰੀ ਰਹੇ ਬਤਨ ਸਿੰਘ 1997 ਸਨ ਤੱਕ ਆਪਣਾ ਕੰਮ ਕਰਦੇ ਰਹੇ ਅਤੇ ਉਸ ਸਮੇਂ ਉਹਨਾ ਦੀ ਉਮਰ 90 ਸਾਲ ਤੋਂ ਜਿਆਦਾ ਹੋ ਗਈ ਸੀ। ਸਾਦਾ ਜੀਵਨ ਤੇ ਉੱਚੇ ਵਿਚਾਰ ਰੱਖਣ ਵਾਲੇ ਬਤਨ ਸਿੰਘ ਦਾ ਵਡਾ ਬੇਟਾ ਪਿਆਰਾ ਸਿੰਘ ਨਿਉਜ਼ੀਲੈਂਡ ਵਿੱਚ ਅਤੇ ਛੋਟਾ ਬੇਟਾ ਅਜੀਤ ਸਿੰਘ 2003 ਵਿੱਚ ਸਰਕਾਰੀ ਅਧਿਆਪਕ ਦੇ ਪਦ ਤੋਂ ਸੇਵਾਮੁਕਤ ਹੋ ਕੇ ਕਨੇਡਾ ਵਿੱਚ ਪੱਕੇ ਤੌਰ ਤੇ ਵਸ ਗਿਆ ਹੈ।



# "ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ"



ਐਚ. ਐਲ. ਕਪੂਰ
1 (289)-401-0728

'ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ' ਇਹ ਇਕ ਅਖਾਣ ਹੈ, ਜਿਸਦੇ ਅਰਥ ਹਨ, ਜਿਸ ਵੀ ਇਨਸਾਨ ਨੇ ਤਰੱਕੀ ਕਰਨੀ ਹੁੰਦੀ ਹੈ ਜਾਂ ਬਹੁਤ ਤਰੱਕੀ ਕਰ ਜਾਂਦਾ ਹੈ, ਉਸ ਦਾ ਰਾਜ਼ ਉਸ ਦੀਆਂ ਬਚਪਨ ਦੀਆਂ ਖੇਡਾਂ ਜਾਂ ਬਚਪਨ ਦੇ ਕੀਤੇ ਗਏ ਕੰਮਾਂ ਤੋਂ ਪਤਾ ਲੱਗ ਜਾਂਦਾ ਹੈ। ਸੰਸਾਰ ਵਿਚ ਜਿੰਨੀਆਂ ਵੀ ਮਹਾਨ ਸ਼ਖਸੀਅਤਾਂ ਹਨ, ਅਗਰ ਉਹਨਾਂ ਦੇ ਬਚਪਨ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਆਪਣੇ ਬਚਪਨ ਤੋਂ ਹੀ ਬਹੁਤ ਹੋਣਹਾਰ ਬੱਚੇ ਸਨ। ਉਹਨਾਂ ਦੇ ਮਾਤਾ-ਪਿਤਾ ਜਾਂ ਅਧਿਆਪਕ ਜਾਂ ਲੋਕ ਇਹ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਹ ਬੱਚਾ ਆਪਣੇ ਜੀਵਨ ਵਿਚ ਬਹੁਤ ਤਰੱਕੀ ਕਰੇਗਾ। ਇਹ ਅਖਾਣ ਮੈਂ ਅੱਜ ਆਪਣੇ ਬਹੁਤ ਹੀ ਪਿਆਰੇ ਵਿਦਿਆਰਥੀ ਜੋ ਬਚਪਨ ਤੋਂ ਹੀ ਬਹੁਤ ਹੋਣਹਾਰ ਵਿਦਿਆਰਥੀ ਸਨ ਤੇ ਲਾਗੂ ਕਰ ਰਿਹਾ ਹਾਂ। ਮੇਰੀ ਮੁਰਾਦ ਹੈ ਸ੍ਰੀ ਸੀ. ਐਲ. 'ਚੁੰਬਰ' ਮੁੱਖ ਸੰਪਾਦਕ 'ਕੌਮੀ ਉਡਾਰੀਆਂ (ਜਲੰਧਰ) ਤੇ ਉਹਨਾਂ ਦੇ ਛੋਟੇ ਭਰਾ ਸ੍ਰੀ ਪ੍ਰੇਮ ਕੁਮਾਰ 'ਚੁੰਬਰ' ਮੁੱਖ ਸੰਪਾਦਕ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' (ਕੈਲੇਫੋਰਨੀਆ) ਤੋਂ।

ਇਹ ਦੋਵੇਂ ਭਰਾ ਮੇਰੇ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ ਦੇ ਬਹੁਤ ਪੁਰਾਣੇ ਤੇ ਹੋਣਹਾਰ ਵਿਦਿਆਰਥੀ ਸਨ। ਪਹਿਲਾਂ ਮੈਂ ਆਪਣੇ ਵਿਦਿਆਰਥੀ ਸ੍ਰੀ ਸੀ. ਐਲ. ਚੁੰਬਰ ਦੀ ਗੱਲ ਕਰਨੀ ਚਾਹਾਂਗਾ। ਇਹ ਮੇਰੇ ਕੋਲੋਂ ਉਕਤ ਸਕੂਲ ਵਿਚ ਛੇਵੀਂ ਤੋਂ ਦਸਵੀਂ ਜਮਾਤ ਤੱਕ ਪੜ੍ਹੇ ਹਨ। ਇਹਨਾਂ ਨੇ ਵਿਦਿਆਰਥੀ ਹੁੰਦਿਆਂ ਪੜ੍ਹਾਈ ਵਿਚ ਬੜੀ ਮਿਹਨਤ ਕੀਤੀ ਤੇ ਪਹਿਲੀ ਵਾਰ ਪੰਜਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਵਿਚੋਂ ਜ਼ਿਲ੍ਹੇ ਵਿਚੋਂ ਪਹਿਲੇ ਸਥਾਨ ਤੇ ਰਹੇ ਤੇ ਵਜ਼ੀਫਾ ਪ੍ਰਾਪਤ ਕੀਤਾ। ਉਸ ਤੋਂ ਬਾਅਦ ਅੱਠਵੀਂ ਜਮਾਤ ਦੀ ਪ੍ਰੀਖਿਆ ਸਕੂਲ ਸਿੱਖਿਆ ਵਿਭਾਗ ਪੰਜਾਬ ਤੋਂ ਪਾਸ ਕੀਤੀ ਤੇ ਮੈਰਿਟ ਵਿਚ ਸਥਾਨ ਪ੍ਰਾਪਤ ਕੀਤਾ ਤੇ ਸਰਕਾਰੀ ਵਜ਼ੀਫਾ ਵੀ ਲੱਗਿਆ। ਇਸ ਤੋਂ ਬਾਅਦ ਦਸਵੀਂ ਜਮਾਤ ਵੀ ਪੰਜਾਬ ਯੂਨੀਵਰਸਿਟੀ ਤੋਂ ਮੈਰਿਟ ਦੇ ਸਥਾਨ ਤੇ ਰਹਿ ਕੇ ਕੀਤੀ ਤੇ ਵਜ਼ੀਫਾ ਵੀ ਲੱਗਿਆ। ਉਹ ਆਪਣੇ ਸਾਰੇ ਸਾਥੀ ਵਿਦਿਆਰਥੀਆਂ ਤੋਂ ਵੱਧ ਹੁਸ਼ਿਆਰ ਸਨ। ਮੈਨੂੰ ਯਾਦ ਹੈ ਮੈਂ ਜਦੋਂ ਆਪਣੇ ਵਿਸ਼ੇ ਦਾ ਦਸਵੀਂ ਜਮਾਤ ਦਾ ਪੀਰੀਅਡ ਲੈਣ ਲਈ ਜਾਂਦਾ ਸੀ ਤਾਂ ਇਸ ਨੂੰ ਮੇਰੇ ਪੜ੍ਹਾਉਣ ਵਾਲੇ ਵਿਸ਼ੇ ਦਾ ਪਹਿਲਾਂ ਹੀ ਗਿਆਨ ਹੁੰਦਾ ਸੀ ਕਿਉਂਕਿ ਜੋ ਟੌਪਿਕ ਮੈਂ ਪੜ੍ਹਾਉਣਾ ਹੁੰਦਾ ਸੀ, ਉਹ ਇਹ ਪਹਿਲਾਂ ਘਰੋਂ ਹੀ ਪੜ੍ਹ ਕੇ ਆਉਂਦਾ ਸੀ ਤੇ ਉਸ ਵਿਸ਼ੇ ਤੇ ਬਣਦੇ ਪ੍ਰਸ਼ਨ ਅਕਸਰ ਪੁੱਛਦਾ ਹੁੰਦਾ ਸੀ। ਮੈਂ ਆਪਣੇ ਅਧਿਆਪਨ ਕਾਲ ਵਿਚ ਅਜਿਹੇ ਹੋਣਹਾਰ ਵਿਦਿਆਰਥੀ ਬਹੁਤ ਘੱਟ ਗਿਣਤੀ ਵਿਚ ਦੇਖੇ ਹਨ ਜੋ ਅਧਿਆਪਕ ਨੂੰ, ਪੜ੍ਹਾਏ ਗਏ ਵਿਸ਼ੇ ਤੇ, ਸੁਆਲ ਪੁੱਛਦੇ ਹੋਣ। ਅਧਿਆਪਕ ਨੂੰ ਵੀ ਆਪਣੇ ਵਿਸ਼ੇ ਤੇ ਟੌਪਿਕ ਨੂੰ ਪੜ੍ਹ ਕੇ ਜਾਣਾ ਪੈਂਦਾ ਹੈ ਤਾਂ ਜੋ ਉਹ ਬੱਚਿਆਂ ਦੀ ਉਸ ਵਿਸ਼ੇ ਬਾਰੇ ਤਸੱਲੀ ਕਰਵਾ ਸਕੇ। ਅੱਜ ਵੀ ਉਕਤ ਸਕੂਲ ਦੇ ਮੈਰਿਟ ਇਤਿਹਾਸ ਦੇ ਲੱਗੇ ਹੋਏ ਬੋਰਡ ਤੇ ਅੱਠਵੀਂ ਤੇ ਦਸਵੀਂ ਜਮਾਤ ਦੀ ਮੈਰਿਟ ਲਿਸਟ ਅੰਕਿਤ ਸੂਚੀ ਵਿਚ ਨਾਮ ਅੰਕਿਤ ਹੈ। ਇਹ ਉਸ ਸਕੂਲ ਦਾ ਮਾਣ ਸਨ। ਇਸ ਤੋਂ ਬਾਅਦ ਸ੍ਰੀ ਸੀ. ਐਲ. 'ਚੁੰਬਰ' ਕਾਲਜ ਚਲੇ ਗਏ ਤੇ ਉਥੋਂ ਬੀ. ਏ. ਪਾਸ ਕੀਤੀ ਤੇ ਫਿਰ ਪਹਿਲੇ ਸਥਾਨ ਤੇ ਰਹੇ। ਉਸ ਤੋਂ ਬਾਅਦ ਕੰਪੀਟੀਸ਼ਨ ਲੜ ਕੇ ਤਸੀਲ ਭਲਾਈ ਅਫਸਰ ਲੱਗ ਗਏ। ਕਾਲਜ ਦੀ ਪੜ੍ਹਾਈ ਤੇ ਨੌਕਰੀ ਦੌਰਾਨ ਅਕਸਰ ਸਾਡਾ ਮਿਲਾਪ ਹੁੰਦਾ ਰਹਿੰਦਾ ਸੀ ਤੇ ਕਈ ਵਾਰ ਸਾਡੀ ਦੇਸ਼ ਦੀ ਸਮਾਜਿਕ ਹਾਲਤ, ਰਾਜਨੀਤਿਕ ਹਾਲਤ ਜਾਂ ਬੱਚਿਆਂ ਦੀ ਸਕੂਲ ਪੱਧਰ ਤੇ ਕਾਲਜ ਪੱਧਰ ਤੇ ਵਿੱਦਿਆ ਬਾਰੇ ਚਰਚਾ ਆਮ ਹੁੰਦੀ ਰਹਿੰਦੀ ਸੀ।

ਨੌਕਰੀ ਵਿਚ ਜ਼ਿਆਦਾ ਦੇਰ ਦਿਲ ਨਾ ਲੱਗਾ ਤੇ ਛੱਡ ਦਿੱਤੀ, ਕਿਉਂਕਿ ਮਨ ਵਿਚ ਸਮਾਜ ਸੇਵਾ ਦੀ ਚੇਟਕ ਲੱਗੀ ਹੋਈ ਸੀ ਤੇ 'ਬਹੁਜਨ ਸਮਾਜ ਪਾਰਟੀ' ਵਿਚ ਸ਼ਾਮਲ ਹੋ ਗਏ ਤੇ ਬਾਬੂ ਕਾਂਸ਼ੀ ਰਾਮ ਜੀ ਦੇ ਲੜ ਲੱਗ ਗਏ। ਬਾਬੂ ਜੀ ਨਾਲ ਇਹਨਾਂ ਦੇ ਬਹੁਤ ਨੇੜਲੇ ਤੇ ਨਿੱਜੀ ਸਬੰਧ ਸਨ। ਇਸ ਰਾਜਨੀਤਿਕ ਪਾਰਟੀ ਦੁਆਰਾ ਆਪਣੇ ਸਮਾਜ ਦੀ ਬੜੀ ਸੇਵਾ ਕੀਤੀ ਤੇ ਅਜੇ ਵੀ ਇਸ ਦੀ ਨਿਰੰਤਰਤਾ ਜਾਰੀ ਹੈ।

ਜਲੰਧਰ ਤੋਂ ਸਮਾਜ ਸੇਵਾ ਦੇ ਨਾਲ-ਨਾਲ 'ਕੌਮੀ ਉਡਾਰੀਆਂ' ਨਾਮ ਦਾ ਪੇਪਰ ਵੀ ਸੰਪਾਦਿਤ ਕਰ ਰਹੇ ਹਨ। ਉਹ ਪ੍ਰਗਤੀਵਾਦੀ ਲੇਖਕ ਹਨ ਤੇ ਆਪਣੇ ਸਮਾਜ ਦੀਆਂ ਸਮੱਸਿਆਵਾਂ ਨੂੰ ਬੜੀ ਬਰੀਕੀ ਨਾਲ ਲਿਖਦੇ ਹਨ ਤੇ ਉਹਨਾਂ ਦਾ ਸਮਾਧਾਨ ਵੀ ਪੇਸ਼ ਕਰਦੇ ਹਨ। ਉਹ ਯਥਾਰਥਵਾਦੀ ਲੀਹਾਂ ਤੇ ਸਮਾਜ ਦੇ ਅਸਲੀ ਚਿਹਰੇ ਨੂੰ ਬਿਆਨ ਕਰਦੇ ਹਨ ਤੇ ਆਪਣੀਆਂ ਗੱਲਾਂ ਬਹੁਤ ਹੀ ਨਿਡਰਤਾ ਨਾਲ ਆਪਣੀ ਅਖ਼ਬਾਰ ਵਿਚ ਲਿਖਦੇ ਹਨ। ਉਹ ਸਮਾਜਿਕ ਬਰਾਬਰੀ ਦੀ ਗੱਲ ਕਰਦੇ ਹਨ। ਮਨੁੱਖਤਾ ਦੀ ਗੱਲ ਕਰਦੇ ਹਨ। ਸਮਾਜ ਵਿਚ ਵੰਡੀਆਂ ਮਨੁੱਖ ਨੇ ਹੀ ਪਾਈਆਂ ਹਨ। ਉਹ ਸਟੇਜ ਦੇ ਧਨੀ ਤੇ ਇਕ ਚੰਗੇ ਵਕਤਾ ਵੀ ਹਨ। ਉਹ ਆਪਣੀ ਆਵਾਜ਼ ਨੂੰ ਸਟੇਜਾਂ ਤੇ ਆਪਣੀ ਅਖ਼ਬਾਰ ਦੁਆਰਾ ਬੜੀ ਨਿਡਰਤਾ ਨਾਲ ਪੇਸ਼ ਕਰਦੇ ਹਨ। ਆਪਣੀ ਅਖ਼ਬਾਰ ਵਿਚ ਉਹਨਾਂ ਨੇ ਸਮਾਜ ਦੇ ਵੱਖ-ਵੱਖ ਵਿਸ਼ਿਆਂ ਤੇ ਕਲਮ ਚਲਾਈ, ਅਖ਼ਬਾਰ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਮੇਰੀਆਂ ਉਹਨਾਂ ਲਈ ਸ਼ੁਭ ਇੱਛਾਵਾਂ ਤੇ ਆਸ਼ੀਰਵਾਦ ਹੈ।

ਸ੍ਰੀ ਪ੍ਰੇਮ ਕੁਮਾਰ 'ਚੁੰਬਰ' ਮੁੱਖ-ਸੰਪਾਦਕ ''ਦੇਸ਼ ਦੁਆਬਾ'' ਤੇ ''ਅੰਬੇਦਕਰ ਟਾਈਮਜ਼'' (ਕੈਲੇਫੋਰਨੀਆ) ਜੋ ਸ੍ਰੀ ਸੀ. ਐਲ. 'ਚੁੰਬਰ' ਮੁੱਖ ਸੰਪਾਦਕ 'ਕੌਮੀ ਉਡਾਰੀਆਂ' (ਜਲੰਧਰ) ਦੇ ਛੋਟੇ ਭਰਾ ਹਨ। ਇਹ ਵੀ ਮੇਰੇ ਉਕਤ ਦੱਸੇ ਗਏ ਸਕੂਲ ਦੇ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀ ਹਨ। ਉਕਤ ਮੁਹਾਵਰਾ ਜਿਸ ਦੀ ਮੈਂ ਪਹਿਲਾਂ ਵਿਆਖਿਆ ਕੀਤੀ ਹੈ, ਉਸੇ ਸੋਚ ਦੇ ਧਾਰਨੀ ਹਨ। ਆਪਣੇ ਵਿਦਿਅਕ ਕਾਲ ਦੌਰਾਨ ਇਕ ਬਹੁਤ ਹੀ ਹੋਣਹਾਰ ਤੇ ਹੁਸ਼ਿਆਰ ਵਿਦਿਆਰਥੀ ਸਨ। ਮੈਂ ਉਹਨਾਂ ਦਿਨਾਂ ਵਿਚ ਹੀ ਪ੍ਰੇਮ ਬਾਰੇ ਆਪਣੀ ਭਵਿੱਖਬਾਣੀ ਕਰਿਆ ਕਰਦਾ ਸੀ ਤੇ ਅਕਸਰ ਆਪਣੇ ਸਾਥੀ ਅਧਿਆਪਕਾਂ ਨਾਲ ਗੱਲ ਕਰਿਆ ਕਰਦਾ ਸੀ ਕਿ ਇਹ ਬੱਚਾ ਬਹੁਤ ਤਰੱਕੀ ਕਰੇਗਾ। ਸਕੂਲ ਦੇ ਸਾਰੇ ਸਮਾਗਮਾਂ ਵਿਚ ਇਹ ਭਾਗ ਲੈਂਦਾ ਰਿਹਾ ਹੈ। ਇਸ ਦੀ ਲਿਖਣ ਕਲਾ ਸਕੂਲ ਸਮੇਂ ਤੋਂ ਹੀ ਬੜੀ ਪ੍ਰਭਾਵਸ਼ਾਲੀ ਸੀ ਤੇ ਇਸ ਦੀ ਲਿਖਾਈ ਵੀ ਬੜੀ ਸੁੰਦਰ ਸੀ। ਅਧਿਆਪਕਾਂ ਦਾ ਬੜਾ ਹੀ ਚਹੇਤਾ ਵਿਦਿਆਰਥੀ ਸੀ। ਸਵੇਰੇ ਸਕੂਲ ਆਉਂਦਿਆਂ ਹੀ ਅਕਸਰ ਸਕੂਲ ਅਧਿਆਪਕਾਂ ਦੇ ਪੈਰੀਂ ਹੱਥ ਲਗਾਉਂਦਾ ਤੇ ਨਮਸਕਾਰ ਕਰਦਾ ਹੁੰਦਾ ਸੀ। ਉਹਨਾਂ ਅਧਿਆਪਕਾਂ ਦੇ ਆਸ਼ੀਰਵਾਦ ਸਦਕਾ ਹੀ ਅੱਜ ਇਸ ਨੇ ਆਪਣੀ ਮਿਹਨਤ ਤੇ ਲਿਆਕਤ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਆਪਣੇ ਵਿਦਿਅਕ ਕਾਲ ਸਮੇਂ ਇਹ ਵੀ ਸ਼ੁਰੂ ਤੋਂ ਹੀ ਹੁਸ਼ਿਆਰ ਵਿਦਿਆਰਥੀਆਂ ਵਿਚੋਂ ਇਕ ਹੁੰਦਾ ਸੀ। ਕਾਲਜ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਇਹ ਕੈਲੀਫੋਰਨੀਆ ਆ ਵੱਸਿਆ।

ਇੱਥੇ ਆ ਕੇ ਅੱਜਕਲ੍ਹ ਦੋ ਅਖ਼ਬਾਰਾਂ ਦੀ ਸੰਪਾਦਨਾ ਸੰਭਾਲ ਰਿਹਾ ਹੈ। ਦੋਵੇਂ ਅਖ਼ਬਾਰਾਂ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰ ਰਹੀਆਂ ਹਨ। ਇਕ ਪ੍ਰਗਤੀਵਾਦੀ ਲਿਖਾਰੀ ਹੈ, ਜਿਸ ਦੀ ਬੌਧਿਕਤਾ ਨੇ ਕਈ ਪੜਾਅ ਪਾਰ ਕਰਕੇ ਬੜਾ ਵਿਕਾਸ ਕੀਤਾ ਹੈ ਤੇ ਉਹ ਸਮਾਜ ਦੀਆਂ ਸਮੱਸਿਆਵਾਂ ਨੂੰ ਬੇਬਾਕ ਲਿਖਦਾ ਹੈ ਤੇ ਉਹਨਾਂ ਲਈ ਸੁਝਾਅ ਵੀ ਦਿੰਦਾ ਹੈ।

ਆਪਣੀਆਂ ਅਖ਼ਬਾਰਾਂ ਵਿਚ ਹਰ ਕਿਸਮ ਦੇ ਆਰਟੀਕਲ ਦਿੰਦਾ ਹੈ ਜੋ ਇਸ ਦੀ ਸਰਵਪੱਖਤਾ ਦੀ ਪ੍ਰੋੜ੍ਹਤਾ ਕਰਦਾ ਹੈ। ਇਕ ਬੜਾ ਸਰਲ ਤੇ ਵਿਚਾਰਾਂ ਦਾ ਸਪਸ਼ਟਵਾਦੀ ਲਿਖਾਰੀ ਹੈ। ਮੈਂ ਉਸ ਦੀ ਤੇ ਉਸ ਦੀਆਂ ਅਖ਼ਬਾਰਾਂ ਲਈ ਸ਼ੁਭ ਕਾਮਨਾਵਾਂ ਰੱਖਦਾ ਹਾਂ ਤੇ ਮੇਰਾ ਆਸ਼ੀਰਵਾਦ ਸਦਾ ਉਸਦੇ ਨਾਲ ਹੈ। ਅੱਜ 'ਦੇਸ਼ ਦੁਆਬਾ' ਤੀਸਰੇ ਸਾਲ ਵਿਚ ਦਾਖਲ ਹੋ ਰਿਹਾ ਹੈ ਤੇ 'ਅੰਬੇਦਕਰ ਟਾਈਮਜ਼' ਛੇਵੇਂ ਸਾਲ ਵਿਚ ਦਾਖਲ ਹੋ ਗਈ ਹੈ। ਇਸ ਸ਼ੁਭ ਘੜੀ ਤੇ ਮੇਰੇ ਵੱਲੋਂ ਬਹੁਤ-ਬਹੁਤ ਆਸ਼ੀਰਵਾਦ ਤੇ ਵਧਾਈ ਹੋਵੇ।

ਮੈਂ ਇੱਥੇ ਇਹਨਾਂ ਦੇ ਪਿਤਾ ਜੀ ਸ੍ਰੀ ਪੰਜਾਬ ਰਾਏ 'ਚੁੰਬਰ' ਜੀ ਜੋ ਇਹਨਾਂ ਬੱਚਿਆਂ ਦੇ ਬਚਪਨ ਵਿਚ ਹੀ ਪੂਰੇ ਹੋ ਗਏ ਸਨ। ਉਹ ਦਿੱਲੀ ਵਿਖੇ ਸਿਵਲ ਡੀਫੈਂਸ ਵਿਭਾਗ ਵਿਚ ਇਕ ਉੱਚ ਅਹੁਦੇ ਤੇ ਨਿਯੁਕਤ ਸਨ ਤੇ ਆਪਣੇ ਜ਼ਮਾਨੇ ਤੇ ਐਮ. ਏ. ਅਰਥ ਸ਼ਾਸਤਰ ਸਨ। ਇਹਨਾਂ ਦੀ ਮਾਤਾ ਜੀ ਤੇ ਬੱਚਿਆਂ ਨੂੰ ਬਚਪਨ ਵਿਚ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਇਹਨਾਂ ਦੇ ਤਾਇਆ ਜੀ ਸ੍ਰੀ ਖੁਸ਼ੀ ਰਾਜ ਜੀ 'ਚੁੰਬਰ' ਦਾ ਇਹਨਾਂ ਬੱਚਿਆਂ ਤੇ ਹਮੇਸ਼ਾ ਹੱਥ ਰਿਹਾ ਤੇ ਉਹਨਾਂ ਦੀ ਅਗਵਾਈ ਵਿਚ ਤੇ ਆਸ਼ੀਰਵਾਦ ਨਾਲ ਇਹ ਆਪਣੀ ਮੰਜ਼ਿਲ ਪ੍ਰਾਪਤ ਕਰ ਸਕੇ ਹਨ।

ਉਹ ਅੱਜਕਲ੍ਹ ਸੇਵਾ ਮੁਕਤ ਹੋ ਕੇ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਆਪਣੇ ਬੱਚਿਆਂ ਨਾਲ ਪ੍ਰਵਾਸ ਕਰ ਰਹੇ ਹਨ। ਉਹ ਭਾਰਤ ਸਰਕਾਰ ਦੇ 'ਇੰਪੋਰਟ ਤੇ ਐਕਸਪੋਰਟ ਵਿਭਾਗ' ਵਿਚੋਂ ਜੁਆਇੰਟ ਚੀਫ ਕੰਟਰੋਲਰ ਦੇ ਉੱਚ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਇਸ ਤੋਂ ਪਹਿਲਾਂ ਉਹ ਡਿਪਟੀ ਸੈਕਟਰੀ ਯੂ. ਪੀ. ਐਸ. ਸੀ. ਤੇ ਮਾਣਯੋਗ ਜਸਟਿਸ ਰਾਏ ਬਰੇਲੀ (ਯੂ. ਪੀ.) ਵੀ ਰਹੇ ਹਨ। ਮੈਨੂੰ ਵੀ ਉਹਨਾਂ ਨੂੰ ਮਿਲਣ ਦਾ ਮੌਕਾ ਉਦੋਂ ਮਿਲਿਆ ਜਦੋਂ ਉਹ ਸੀ. ਐਲ. 'ਚੁੰਬਰ' ਤੇ ਪ੍ਰੇਮ ਕੁਮਾਰ 'ਚੁੰਬਰ' ਦਾ ਸਾਡੇ ਸਕੂਲ ਪੜ੍ਹਦੇ ਸਮੇਂ ਪੜ੍ਹਾਈ ਦਾ ਹਾਲ-ਚਾਲ ਪੁੱਛਣ ਆਇਆ ਕਰਦੇ ਸਨ।

ਸਾਡੇ ਲਈ ਇਹ ਬੜੇ ਫਖ਼ਰ ਤੇ ਮਾਣ ਵਾਲੀ ਗੱਲ ਹੈ ਜਦੋਂ ਸ੍ਰੀ ਪ੍ਰੇਮ ਕੁਮਾਰ 'ਚੁੰਬਰ' ਦੀਆਂ ਦੋਵੇਂ ਅਖ਼ਬਾਰਾਂ 'ਦੇਸ਼-ਦੁਆਬਾ' ਤੀਸਰੇ ਸਾਲ ਤੇ 'ਅੰਬੇਦਕਰ ਟਾਈਮਜ਼' ਛੇਵੇਂ ਸਾਲ ਵਿਚ ਦਾਖਲ ਹੋ ਰਹੀਆਂ ਹਨ। ਇਹਨਾਂ ਦੋਹਾਂ ਅਖ਼ਬਾਰਾਂ ਦੇ ਸਾਲਾਨਾ ਜੋੜ-ਮੇਲੇ ਦਾ ਉਦਘਾਟਨ ਕਰਨ ਲਈ 'ਪੰਜਾਬ ਯੂਨੀਵਰਸਿਟੀ' ਚੰਡੀਗੜ੍ਹ ਦੇ ਹਰਮਨ ਪਿਆਰੇ ਤੇ ਸਤਿਕਾਰਯੋਗ ਡੀਨ ਸਾਹਿਬ ਡਾ. ਸ੍ਰੀ ਰੌਣਕੀ ਰਾਮ ਜੀ ਮਈ, 2014 ਨੂੰ ਅਮਰੀਕਾ ਆ ਰਹੇ ਹਨ। ਉਹ ਇਕ ਮਹਾਨ ਵਿਦਵਾਨ, ਅਗਾਂਹਵਧੂ ਤੇ ਪ੍ਰਗਤੀਸ਼ੀਲ ਲਿਖਾਰੀ ਵੀ ਹਨ। ਅਦਾਰਾ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' ਤੇ ਮੇਰੇ ਵੱਲੋਂ ਉਹਨਾਂ ਨੂੰ 'ਜੀ ਆਇਆਂ'।

# ਪੰਜਾਬ ਨੂੰ ਇਕ ਨੈਤਿਕ ਇਨਕਲਾਬ ਦੀ ਲੋੜ ਹੈ

ਐਸ ਐਲ ਵਿਰਦੀ ਐਡਵੋਕੇਟ
98145 17499

ਲੋਕ ਸਭਾ ਦੀਆਂ 2014 ਵਿਚ ਹੋ ਰਹੀਆ ਚੋਣਾਂ ਸਬੰਧੀ ਤਾਜਾ ਆਏ ਸਰਵੇਖਣ ਅਨੁਸਾਰ ਪੰਜਾਬ ਵਿਚ 80 ਪ੍ਰਤੀਸ਼ਤ ਵੋਟਰ ਨਸ਼ਿਆ ਤੋਂ ਪ੍ਰਭਾਵਤ ਹਨ। ਇਸ ਵਿਚ ਕੋਈ ਅਤਿਕਤਨੀ ਨਹੀ? ਕਿਉਂਕਿ ਹੁਣ ਤਾਂ ਨਸ਼ਿਆ ਦੇ ਕਾਰੋਬਾਰ 'ਚ ਐਲ. ਐਲ. ਏ ਤੇ ਮੰਤਰੀਆਂ ਦੇ ਨਾਮ ਵੀ ਮੀਡੀਏ ਵਿੱਚ ਰੋਜ਼ ਸੁਰਖੀਆਂ ਬਣਦੇ ਹਨ। ਆਗੂਆਂ ਦੀਆਂ ਸਰਕਾਰੀ ਗੱਡੀਆਂ ਵਿਚ ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਦੇ ਮਾਮਲੇ ਸਾਹਮਣੇ ਆ ਰਹੇ ਹਨ। ਕਿਉਂਕਿ ਅਗੋਂ ਲੋਕ ਸਭਾ ਦੀਆਂ ਚੋਣਾਂ ਹਨ, ਤੇ ਇਹੋ ਜਿਹੇ ਬੰਦੇ ਪਾਰਟੀਆਂ ਨੂੰ ਚਾਹੀਦੇ ਹਨ, ਇਸ ਲਈ ਕੋਈ ਠੋਸ ਕਾਰਵਈ ਨਹੀ ਹੋ ਰਹੀ। ਰਿਪੋਰਟਾਂ ਅਨੁਸਾਰ ਹਰ ਸਾਲ ਦੇਸ਼ 'ਚੋਂ ਕੁੱਲ ਜ਼ਬਤ ਕੀਤੇ ਗਏ ਗ਼ੈਰ-ਕਾਨੂੰਨੀ ਨਸ਼ਿਆਂ ਵਿੱਚ ਪੰਜਾਬ ਦਾ ਹਿੱਸਾ 60 ਫ਼ੀਸਦੀ ਦੇ ਕਰੀਬ ਹੁੰਦਾ ਹੈ। ਐਕਸਾਈਜ਼ ਵਿਭਾਗ ਦੀ ਸੂਚਨਾ ਅਨੁਸਾਰ ਪੰਜਾਬ ਵਿਚ ਪਹਿਲਾਂ ਨਾਲੋ ਸ਼ਰਾਬ ਦੀ ਖਪਤ 17 ਫ਼ੀਸਦੀ ਵਧੀ ਗਈ ਹੈ।

ਪੰਜਾਬ ਵਿਚ ਪੁਲਿਸ ਨਸ਼ਿਆਂ ਨੂੰ ਕੰਟਰੋਲ ਨਹੀ ਕਰ ਸਕੀ। ਖ਼ਬਰਾਂ ਤਾਂ ਇਹ ਆ ਰਹੀਆਂ ਹਨ ਕਿ ਲੀਡਰਾਂ ਤੇ ਪੁਲਿਸ ਦੀ ਮਿਲੀ ਭੁਗਤ ਨਾਲ ਹੀ ਪੰਜਾਬ 'ਚ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ। ਸਥਿਤੀ ਇੰਨੀ ਨਾਜਕ ਹੋ ਗਈ ਹੈ ਕਿ ਨਸ਼ਿਆਂ ਕਾਰਨ ਪੰਜਾਬ ਵਿਚ ਹਰ ਰੋਜ਼ 90 ਦੇ ਕਰੀਬ ਮੌਤਾਂ, ਦੋ ਦਰਜਨ ਰੋਜ਼ਾਨਾਂ ਮੁੰਡੇ-ਕੁੜੀਆਂ ਦੇ ਤਲਾਕ ਲਈ ਮੁਕਦਮੇਂ, ਮਾਪਿਆਂ ਵਲੋਂ ਆਪਣੀ ਨਸ਼ਈ ਪੁੱਤਾਂ ਤੋਂ ਦੁੱਖੀ ਹੋ ਕੇ ਜਾਇਦਾਦ ਤੋਂ ਬੇਦਖ਼ਲ ਹੋ ਰਹੇ ਹਨ। ਰਿਪੋਰਟਾਂ ਅਨੁਸਾਰ ਨਸ਼ਿਆਂ ਕਾਰਨ ਪੰਜਾਬ ਦੇ ਕਿਸਾਨ ਕਰੀਬ 80 ਹਜ਼ਾਰ ਕੋਰੜ ਰੁਪਏ ਦੇ ਕਰਜ਼ਾਈ ਹਨ। ਨਸ਼ਿਆਂ ਦੇ ਵਿਉਪਾਰ 'ਚ ਰਾਜਨੀਤੀ 'ਦੇ ਦਾਖਲੇ ਨੇ ਪੰਜਾਬ ਦਾ ਨਾਮ ਦੁਨੀਆਂ 'ਚ ਬਦਨਾਮ ਕਰ ਦਿੱਤਾ ਹੈ। ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਾਰਨ ਕਾਰਨ ਪੰਜਾਬ ਦੇਂ ਲਗਪਗ 50 ਲੱਖ ਲੋਕ ਬੇਰੁਜ਼ਗਾਰ ਹਨ। ਬੇਕਾਰੀ ਕਾਰਨ ਮਜ਼ਬੂਰੀ ਬਸ ਨੌਜਵਾਨ ਪੈਸਾ ਕਮਾਉਣ ਲਈ ਡਰੱਗ ਤਸਕਰਾਂ ਦੇ ਝਾਂਸੇ ਵਿਚ ਆ ਕੇ ਨਸ਼ੇ ਵੇਚਣ ਲੱਗ ਪੈਂਦੇ ਹਨੋ ਫਿਰ ਉਹ ਹੋਲੀ ਹੋਲੀ ਖ਼ੁੱਦ ਵੀ ਨਸ਼ੇ ਖਾਣ ਲੱਗ ਪੈਂਦੇ ਹਨ। ਇਕ ਰਿਪੋਰਟ ਅਨੁਸਾਰ ਪੰਜਾਬ ਦੇ 65 ਫ਼ੀਸਦੀ ਪਰਿਵਾਰਾਂ ਦਾ ਕੋਈ ਨਾ ਕੋਈ ਮੈਂਬਰ ਨਸ਼ਿਆਂ ਦਾ ਸੇਵਨ ਕਰਦਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਵੱਧ ਤੋਂ ਵੱਧ ਤੋਂ ਮੁਨਾਫ਼ੇ ਲਈ ਤਸਕਰ ਲੋਮੋਟਿਲ ਤੇ ਪ੍ਰਕੋਸੀਵਨ ਦੇ ਕੈਪਸੂਲਾਂ 'ਚ ਹੁਣ ਹੈਰੋਇਨ, ਸਮੈਕ ਤੇ ਸਿੰਥੈਟਿਕ ਪਾਊਡਰ ਵੇਚਣ ਲੱਗ ਪਏ ਹਨ। ਪੁਲਿਸ ਵਿਭਾਗ ਅਨੁਸਾਰ ਪੰਜਾਬ 'ਚ ਵੱਧ ਰਿਹਾ ਅਪਰਾਧ ਨਸ਼ੇ ਦੀ ਹੀ ਦੇਣ ਹੈ। ਨਸ਼ੇ ਦਾ ਆਦੀ ਹੋਇਆ ਨੌਜਵਾਨ ਨਸ਼ੇ ਦੀ ਲੱਤ ਪੂਰੀ ਕਰਨ ਲਈ ਲੁੱਟਾਂ-ਖੋਹਾਂ, ਮਾਰਧਾੜ ਤੇ ਕਤਲ ਤਕ ਕਰਦਾ ਹੈ।

ਰਿਪੋਰਟ ਅਨੁਸਾਰ 90ਗ਼ ਐਕਸੀਡੈਂਟ ਨਸ਼ੇ ਦੀ ਵਜ੍ਹਾ ਕਰਕੇ ਹੁੰਦੇ ਹਨ। ਉਨੇ ਲੋਕ ਅੱਤਵਾਦੀ ਵਾਰਦਾਤਾਂ ਵਿਚ ਨਹੀ ਮਾਰੇ ਗਏ ਜਿੰਨੇ ਪਿਛਲੇ ਛੇ ਦਹਾਕਿਆਂ ਵਿਚ ਸਿਰਫ ਇਕ ਸਾਲ 'ਚ ਸੜਕ ਹਾਦਸਿਆਂ ਵਿਚ ਮਾਰੇ ਗਏ ਹਨ। ਦੇਸ਼ ਦੀਆ ਸੜਕਾਂ 'ਤੇ ਰੋਜ਼ਾਨਾ ਔਸਤਨ 390 ਲੋਕ ਜਾਨਾਂ ਗੁਆਉਂਦੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ, ''ਸਾਰੇ ਦੇਸ਼ਾਂ 'ਚ ਡਰਾਈਵਰਾਂ ਵਲੋਂ ਨੀਂਦ ਤੋਂ ਬਚਣ ਅਤੇ ਜ਼ਿਆਦਾ ਸਮੇਂ ਤਕ ਗੱਡੀ ਚਲਾਉਂਦੇ ਰਹਿਣ ਲਈ ਕੋਈ ਨਾ ਕੋਈ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨਾ ਆਮ ਆਦਤ ਬਣ ਗਈ ਹੈ।

ਸੰਯੁਕਤ ਰਾਸ਼ਟਰ ਦੇ ਐਚ. ਆਈ. ਵੀ, ਏਡਜ ਪ੍ਰੋਗਰਾਮ ਦੀ 2008 ਦੀ ਇੱਕ ਰਿਪੋਰਟ ਅਨੁਸਾਰ, ਪੰਜਾਬ ਵਿਚ 50 ਫ਼ੀਸਦੀ ਤੋਂ ਜਿਆਦਾ ਨਸ਼ਈ ਟੀਕੇ ਰਾਹੀ ਨਸ਼ਾ ਹਾਸਲ ਕਰਨ ਵਾਲੇ ਹਨ। ਨੈਂਸ਼ਨਲ ਯੂਨੀਵਰਸਟੀ ਸਿੰਘਾਪੁਰ ਦੇ ਦੱਖਣੀ ਏਸ਼ੀਅਨ ਸਟੱਡੀ ਇੰਸਟੀਚਿਊਟ ਵਲੋਂ 2013 ਵਿਚ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਅਨੁਸਾਰ ਪੜ੍ਹੇ-ਲਿਖੇ ਬੇਰੋਜ਼ਗਾਰ ਪੇਂਡੂ ਨੌਜਵਾਨਾਂ ਵਿਚ ਨਸ਼ਿਆਂ ਦੇ ਰੁਝਾਨ ਵਿਚ ਵਾਧਾ ਇਸ ਕਾਰਨ ਵੀ ਹੋ ਰਿਹਾ ਹੈ ਕਿਉਂਕਿ ਉਹਨਾਂ ਨੂੰ ਨੈਤਿਕ, ਮਿਆਰੀ ਅਤੇ ਕਿੱਤਾ ਮੁੱਖੀ ਸਿੱਖਿਆ ਨਹੀ ਦਿੱਤੀ ਜਾ ਰਹੀ ਹੈ।

ਨਸ਼ਈ ਪੰਜਾਬੀ, ਪੰਜਾਬ ਦੀ ਆਰਥਿਕਤਾ ਅਤੇ ਸਭਿਆਚਾਰ ਨੂੰ ਖ਼ੁੱਦ ਖੋਰਾ ਲਾ ਰਹੇ ਹਨ। ਇਕ ਸਰਵੇਖਣ ਅਨੁਸਾਰ 4 ਹਜ਼ਾਰ ਦੀ ਅਬਾਦੀ ਵਾਲੇ ਇਕ ਪਿੰਡ ਵਿੱਚ ਕਰੀਬ 25 ਹਜ਼ਾਰ ਰੁਪਏ ਦੀ ਰੋਜ਼ਾਨਾ ਸ਼ਰਾਬ ਪੀਤੀ ਜਾਂਦੀ ਹੈ। ਭਾਵ ਮਹੀਨੇ ਵਿਚ ਕਰੀਬ ਸਾਢੇ 7 ਲੱਖ ਤੇ ਸਾਲ ਵਿਚ ਕਰੀਬ 90 ਲੱਖ ਰੁੱਪਏ ਦੀ ਪੰਜਾਬੀ ਸ਼ਰਾਬ ਪੀ ਜਾਂਦੇ ਹਨ। ਪੈਲੇਸ ਸਭਿਆਚਾਰ ਨੇ ਵੀ ਸ਼ਰਾਬ ਦੀ ਖਪਤ ਵਿੱਚ ਵਾਧਾ ਕੀਤਾ ਹੈ। ਹਰ ਵਰ੍ਹੇ ਅੰਦਾਜਨ 500 ਕਰੋੜ ਰੁਪਏ ਦੀ ਸ਼ਰਾਬ ਪੈਲਸਾਂ ਵਿਚ ਵਰਤੀ ਜਾਂਦੀ ਹੈ। ਵਿਆਹ ਸ਼ਾਦੀਆਂ ਮੌਕੇ ਡੀ ਜੇ ਕਲਚਰ ਨੇ ਵੀ ਪੰਜਾਬ ਦੀ ਆਰਥਿਕਤਾ ਤੇ ਸਭਿਆਚਾਰ ਨੂੰ ਢਾਅ ਲਾਈ ਹੈ ਕਿਉਂਕਿ ਇਥੇ ਬੱਚੇ-ਜ਼ਵਾਨ-ਬੁੱਢੇ, ਮਾਂਵਾ-ਭੈਣਾਂ, ਭਰਜਾਈਆ ਸਭ ਇਕੋ ਗੀਤ 'ਤੇ ਨੱਚਦੀਆਂ ਹਨ। ਨਸ਼ਿਆਂ ਕਾਰਨ ਪੰਜਾਬੀ ਆਰਥਿਕ, ਸਮਾਜਿਕ ਹੀ ਨਹੀ ਮਾਨਸਿਕ ਤੌਰ 'ਤੇ ਵੀ ਰੋਗੀ ਹੋ ਰਹੇ ਹਨ।

ਨਸ਼ਿਆ ਦੀ ਦਲਿਦਰਤਾ ਕਾਰਨ ਪੰਜਾਬੀ ਨੌਜਵਾਨ ਪੰਜਾਬ ਵਿਚ ਕੋਈ ਕੰਮ-ਧੰਦਾ ਸਿੱਖਣ ਜਾਂ ਕਰਨ ਦੀ ਬਨਿਸਬਤ ਪੰਜਾਬ ਤੋਂ ਬਾਹਰਲੇ ਮੁਲਕਾਂ ਵਿਚ ਜਾਣ ਲਈ ਬੇਤਾਬ ਹਨ। ਇਕ ਰਿਪੇਰਟ ਅਨੁਸਾਰ, 20 ਹਜ਼ਾਰ ਪੰਜਾਬੀ ਨੌਜਵਾਨ ਹਰ ਸਾਲ ਪੰਜਾਬ ਵਿਚੋਂ ਬਾਹਰਲੇ ਦੇਸ਼ਾ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਪਲੈਨ ਕਰਦੇ ਹਨ। ਕਈ ਪਾਰ ਲੱਗ ਜਾਂਦੇ ਹਨ, ਕਈ ਰਾਂਹਾਂ 'ਚ ਰੁਲ ਰਹੇ ਹਨ ਅਤੇ ਇਸੇ ਕਾਰਨ ਹਜ਼ਾਰਾਂ ਪੰਜਾਬੀ ਨੌਜਵਾਨ ਵਿਦੇਸ਼ੀ ਜੇਲ੍ਹਾਂ ਵਿਚ ਸਜਾ ਵੀ ਭੁੱਗਤ ਰਹੇ ਹਨ। ਪੰਜਾਬ ਵਿਚ ਇਸ ਸਮੇਂ ਨਸ਼ਿਆਂ ਕਾਰਨ ਹੀ ਲੁੱਟ-ਖੋਹ, ਭ੍ਰਿਸ਼ਟਾਚਾਰ, ਜੋਰ-ਜਬਰ, ਨਾਜਾਇਜ਼ ਕਬਜ਼ੇ, ਗੁੰਡਾਗਰਦੀ ਤੇ ਆਪਣੀ ਹਾਊਮੇ ਪਗਾਉਣ ਦੀ ਮਨੋਬਿਰਤੀ ਦਿਨੋ-ਦਿਨ ਵੱਧ ਰਹੀ ਹੈ। ਪਰਿਵਾਰਕ ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਇਕ ਦੂਜੇ ਨੂੰ ਪਿੱਛੇ ਸੁੱਟਣ ਲਈ ਰਾਹਾਂ ਵਿਚ ਕੰਡੇ ਖਿਲਾਰੇ ਜਾ ਰਹੇ ਹਨ। ਹਰ ਖੇਤਰ ਵਿਚ ਸਿਆਸੀ ਦਖ਼ਲਅੰਦਾਜੀ ਅੜਿੱਕਾ ਬਣ ਰਹੀ ਹੈ। ਅਪਰਾਧਾ 'ਚ ਲਗਾਤਾਰ ਹੋ ਰਹੇ ਵਾਧੇ ਕਾਰਨ ਹਰ ਮਨੁੱਖ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਅਜਾਦੀ ਦੇ ਬਾਅਦ ਹੋਣਾ ਇਹ ਚਾਹੀਦਾ ਸੀ ਕਿ ਸਿੱਖਿਆ ਤੇ ਗਿਆਨ ਨਾਲ ਲੋਕ ਪ੍ਰਗਤੀਸ਼ੀਲ ਅਤੇ ਸਦਾਚਾਰੀ ਬਣਦੇ ਪਰ ਇੱਥੇ ਇਸ ਦੇ ਉਲਟ ਹੋਇਆ। ਇਹ ਇਸ ਕਰਕੇ ਹੋਇਆ ਕਿਉਕਿ ਸਰਕਾਰਾਂ ਸਕੂਲਾਂ ਨੂੰ ਨਹੀ, ਸ਼ਰਾਬ ਦੇ ਠੇਕਿਆਂ ਨੂੰ ਤਰਜ਼ੀਹ ਦੇ ਰਹੀਆ ਹਨ। ਪੰਜਾਬ ਸਰਕਾਰ ਨੇ ਤਾਂ ਹੁਣ ਸਿਗਰਟ, ਬੀੜੀ, ਜਰਦਾ, ਖੈਣੀ ਅਤੇ ਨਸਵਾਰ ਆਦਿ ਦੀ ਵਿਕਰੀ ਲਈ ਵੀ ਲਾਇਸੰਸ ਦੇਣ ਦਾ ਫ਼ੈਸਲਾ ਕੀਤਾ ਹੈ। ਇੰਨਾ ਹੀ ਨਹੀ, ਸਰਕਾਰਾਂ ਨੇ ਤਾਂ ਸਿੱਖਿਆ ਨੀਤੀ ਹੀ ਅਜਿਹੀ ਬਣਾਈ ਹੋਈ ਹੈ ਕਿ ਅੱਠਵੀ ਤਕ ਕਿਸੇ ਵੀ ਬੱਚੇ ਨੂੰ ਫੇਲ੍ਹ ਨਹੀ ਕਰਨਾ। ਜੇਕਰ ਅੱਠਵੀ ਤੱਕ ਬੱਚਿਆਂ ਨੂੰ ਬਿਨਾਂ ਪੜ੍ਹਿਆਂ ਹੀ ਪਾਸ ਕਰ ਦੇਣਾ ਹੈ, ਫਿਰ ਅੱਗੋ ਉਹ ਨੌਵੀਂ, ਦਸਵੀਂ, ਗਿਆਰਵੀ ਅਤੇ ਬਾਰਵੀ ਵਿਚੋਂ ਕਿਵੇਂ ਪਾਸ ਹੋਣਗੇ? ਕੌਮੀ ਪੱਧਰ 'ਤੇ ਦਾਖ਼ਲਾ ਟੈਸਟਾਂ ਵਿਚ ਦਾਖਲੇ ਲਈ ਕਿਸ ਤਰ੍ਹਾਂ ਮੈਰਿਟ 'ਚ ਆਉਣਗੇ? ਇਕ ਸਾਜਿਸ਼ ਤਹਿਤ ਕੇਂਦਰੀ ਅਤੇ ਰਾਜ ਸਰਕਾਰਾਂ ਦੀਆਂ ਸਿੱਖਿਆ ਸਬੰਧੀ ਨੀਤੀਆਂ 'ਤੇ ਕਾਬਜ ਸ਼ੈਤਾਨਾਂ ਨੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਦੇ ਅਯੋਗ ਬਣਾ ਦਿੱਤਾ ਹੈ। ਇੰਨਾ ਹੀ ਨਹੀ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਘੱਟ ਰਹੀ ਗਿਣਤੀ ਨੂੰ ਆਧਾਰ ਬਣਾ ਕੇ ਪਿੰਡਾਂ ਵਿਚੋਂ ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ। ਇਸ ਤਰਾਂ ਹਜ਼ਾਰਾਂ ਬੱਚੇ ਭਵਿੱਖ ਵਿਚ ਨਸ਼ਈ ਨਹੀ ਤਾਂ ਹੋਰ ਕੀ ਬਣਨਗੇ?

ਚੀਨੀ ਯਾਤਰੀ ਹਿਊਨਸਾਂਗ ਨੇ ਲਿਖਿਆ ਹੈ ਕਿ ਭਾਰਤ ਵਿੱਚ ਸਿੱਖਿਆ ਸੰਸਥਾਵਾਂ ਤਾਂ ਬਹੁਤ ਹੋਣਗੀਆਂ ਪਰ ਨਾਲੰਦਾ ਯੂਨੀਵਰਸਿਟੀ ਦਾ ਕੋਈ ਮੁਕਾਬਲਾ ਨਹੀਂ। ਨਾਲੰਦਾ ਯੂਨੀਵਰਸਿਟੀ ਦੀ ਪੜਾਈ ਕਿੰਨੀ ਉੱਚ ਪਾਏ ਦੀ ਸੀ ਕਿ ਤਿੰਨ ਵਿਦਿਆਰਥੀ ਆਖਰੀ ਪ੍ਰੀਖਿਆ ਪਾਸ ਕਰ ਚੁੱਕੇ ਸਨ ਪ੍ਰੰਤੂ ਗੁਰੂ (ਵਾਈਸ ਚਾਂਸਲਰ) ਜਾਣ ਲਈ ਨਹੀਂ ਕਹਿ ਰਿਹਾ ਸੀ। ਅੰਤ! ਇੱਕ ਦਿਨ ਇੱਕ ਵਿਦਿਆਰਥੀ ਨੇ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ, ''ਅੱਜ ਸ਼ਾਮ ਤੁਸੀਂ ਜਾ ਸਕਦੇ ਹੋ।'' ਪ੍ਰੰਤੂ ਆਖਰੀ ਪ੍ਰੀਖਿਆ ਐਸੀ ਸੀ ਜੋ ਲਈ ਨਹੀਂ ਜਾ ਸਕਦੀ ਸੀ। ਇਹ ਤਾਂ ਇੱਕ ਤਰਾਂ ਦਾ ਵਿਵਹਾਰ (ਪ੍ਰੈਕਟੀਕਲ) ਸੀ, ਜਿਸ ਚੋਂ ਉਹਨਾਂ ਨੇ ਗੁਜ਼ਰਨਾ ਸੀ। ਸ਼ਾਮ ਨੂੰ ਤਿੰਨੇ ਵਿਦਿਆਰਥੀ ਵਿਦਾ ਹੋ ਗਏ। ਚਲਦੇ ਸ਼ਾਮ ਹੋਣ ਲੱਗੀ, ਸੂਰਜ ਢਲਣ ਲੱਗਾ, ਤਾਂ ਉਹ ਇੱਕ ਝਾੜੀ ਪਾਸ ਪਹੁੰਚੇ। (ਗੁਰੂ 'ਵਾਈਸ ਚਾਂਸਲਰ' ਝਾੜੀ ਵਿੱਚ ਪਹਿਲੋਂ ਹੀ ਛੁਪਿਆ ਬੈਠਾ ਸੀ।

ਉਸ ਨੇ ਝਾੜੀ ਦੇ ਬਾਹਰ ਛੋਟੀ ਜਿਹੀ ਪਗਡੰਡੀ ਵਿੱਚ ਕੰਡੇ ਖਿਲਾਰ ਦਿੱਤੇ ਸਨ) ਤਾਂ ਇੱਕ ਵਿਦਿਆਰਥੀ ਪਗਡੰਡੀ ਤੋਂ ਪਰ੍ਹਾਂ ਦੀ ਹੋ ਕੇ ਲੰਘ ਗਿਆ। ਦੂਜਾ ਕੰਢਿਆਂ ਉੱਪਰ ਦੀ ਛਾਲ ਮਾਰ ਕੇ ਲੰਘ ਗਿਆ। ਤੀਜਾ ਰੁੱਕ ਗਿਆ ਅਤੇ ਕੰਡਿਆਂ ਨੂੰ ਚੁੱਕ ਚੁੱਕ ਕੇ ਝਾੜੀ ਵਿੱਚ ਸੁੱਟਣ ਲੱਗ ਪਿਆ। ਪਾਰ ਕਰ ਗਏ ਦੋਹਾਂ ਵਿਦਿਆਰਥੀਆਂ ਨੇ ਤੀਜੇ ਨੂੰ ਕਿਹਾ, ''ਇਹ ਕੀ ਕਰ ਰਿਹਾ ਹੈ? ਰਾਤ ਹੋ ਰਹੀ ਹੈ, ਦੂਰ ਜਾਣਾ ਹੈ, ਰਸਤੇ ਵਿੱਚ ਜੰਗਲ ਹੈ, ਖਤਰਾ ਹੈ, ਇਹ ਕੰਡੇ ਕੁੰਡੇ ਮਤ ਚੁੱਗ। ਆ ਜਾ ਚੱਲੀਏ।''

ਪ੍ਰੰਤੂ ਉਸ ਤੀਜੇ ਵਿਦਿਆਰਥੀ ਨੇ ਕਿਹਾ,''ਸੂਰਜ ਡੁੱਬ ਰਿਹਾ ਹੈ। ਅੰਧੇਰਾ ਵੱਧਦਾ ਜਾ ਰਿਹਾ ਹੈ, ਸਾਡੇ ਤੋਂ ਬਾਅਦ ਜੋ ਵੀ ਆਵੇਗਾ, ਉਸ ਨੂੰ ਹਨੇਰੇ ਕਾਰਨ ਕੰਡੇ ਨਹੀਂ ਦਿਸਣਗੇ। ਉਹ ਕੰਡਿਆਂ ਦਾ ਸ਼ਿਕਾਰ ਹੋ ਜਾਵੇਗਾ। ਆਪਾਂ ਆਖਰੀ ਹਾਂ, ਜਿਹਨਾਂ ਨੂੰ ਇਹ ਕੰਡੇ ਦਿਖਾਈ ਦੇ ਰਹੇ ਹਨ। ਇਸ ਲਈ ਹਨੇਰਾ ਹੋਣ ਤੋਂ ਪਹਿਲਾਂ ਇਹਨਾਂ ਨੂੰ ਚੁਗਣਾ ਹੀ ਧਰਮ ਹੈ। ਤੁਸੀਂ ਚਲੋ! ਮੈਂ ਥੋੜਾ ਪਿੱਛੋਂ ਆ ਜਾਵਾਂਗਾ।''

ਇੰਨੇ ਨੂੰ ਗੁਰੂ 'ਵਾਈਸ ਚਾਂਸਲਰ' ਝਾੜੀ ਵਿੱਚੋਂ ਬਾਹਰ ਆ ਗਏ ਅਤੇ ਕਿਹਾ ਕਿ ਉਹ ਜੋ ਦੋ ਚੇਲੇ ਗਏ ਹਨ, ਉਹਨਾਂ ਨੂੰ ਕਹੋ, ਵਾਪਸ ਆ ਜਾਣ। ਉਹ ਪ੍ਰੀਖਿਆ ਵਿੱਚੋਂ ਫੇਲ੍ਹ ਹੋ ਗਏ ਹਨ। ਹੁਣ ਉਹਨਾਂ ਨੂੰ ਯੂਨੀਵਰਸਿਟੀ 'ਚ ਕੁੱਝ ਸਾਲ ਹੋਰ ਰੁਕਣਾ ਪਵੇਗਾ। ਤੀਸਰਾ ਜੋ ਕੰਡੇ ਚੁਗ ਰਿਹਾ ਸੀ, ਉਸ ਨੂੰ ਕਿਹਾ ਤੂੰ ਪਾਸ ਹੋ ਗਿਆ ਹੈ ਅਤੇ ਘਰ ਜਾ ਸਕਦਾ ਹੈ।

ਅੰਤਮ ਪ੍ਰੀਖਿਆ ਵਿੱਦਿਆ-ਗਿਆਨ ਦੀ ਨਹੀਂ, ਵਿਚਾਰ ਤੇ ਪਰਉਪਕਾਰ ਦਯਾ (ਕਰੁਣਾ) ਦੀ ਸੀ। ਉਪਰੋਕਤ ਸਮੱਸਿਆਵਾਂ ਵਿਰੁੱਧ ਲੜਨ ਲਈ ਵਿਦਿਆ ਹੀ ਨਹੀ, ਉਸ ਨੂੰ ਵਿਚਾਰਨ ਦੀ ਵੀ ਲੋੜ ਹੈ। ਸਰਕਾਰਾਂ ਨੂੰ ਡੰਗ ਟਪਾਉਣ ਦੀ ਨਹੀ, ਸਕੂਲਾਂ, ਕਾਲਜਾਂ ਅੰਦਰ ਪੜਾਏ ਜਾਂਦੇ ਸਲੇਬਸਾ ਵਿਚ ਨੈਤਿਕਤਾ ਤੇ ਸਦਾਚਾਰ ਲਿਆਉਣ ਦੀ ਲੋੜ ਹੈ।

ਉਪਰੋਕਤ ਨਲੰਦਾ ਵਰਗੀਆਂ ਨੈਤਿਕ ਯੂਨੀਵਰਸਿਟੀਆਂ ਹੀ ਮਨੁੱਖਤਾ ਵਿਚ ਸਦਾਚਾਰ ਤੇ ਨੈਤਿਕਤਾ ਪੈਦਾ ਕਰ ਸਕਦੀਆਂ ਹਨ। ਜੇਕਰ ਸਰਕਾਰਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੇਕ ਨੀਤ ਨਾਲ ਨਾ ਨਿਭਾਈਆ, ਤਾਂ ਇਹ ਸਮੱਸਿਆਵਾਂ ਖਤਰਨਾਖ ਰੂਪ ਧਾਰਨ ਕਰ ਲੈਣਗੀਆਂ ਤੇ ਇਹਨਾਂ ਦਾ ਹਲ ਅਸੰਭਵ ਹੋ ਜਾਵੇਗਾ।

ਐਸਾ ਨਹੀ ਕਿ ਪੰਜਾਬ ਪਹਿਲਾਂ ਤੋਂ ਹੀ ਇਹੋ ਜਿਹਾ ਹੈ? ਉਹ ਵੀ ਸਮਾਂ ਸੀ, ਜਦੋਂ ਪੰਜਾਬ ਨੂੰ ਸੋਨੇ ਦੀ ਚਿੜੀ ਤੇ ਦੇਸ਼ਾਂ ਵਿਚੋ ਦੇਸ਼ ਪੰਜਾਬ ਕਿਹਾ ਜਾਂਦਾ ਸੀ।

ਪੰਜਾਬ ਦੇ ਗੱਭਰੂ, ਮੁਟਿਆਰਾਂ ਦੀਆਂ ਦੇਸ਼ਾਂ-ਵਿਦੇਸ਼ਾਂ ਵਿਚ ਸਿਫ਼ਤਾਂ ਹੁੰਦੀਆਂ ਸਨ। ਪੰਜਾਬੀਆਂ ਦੀ ਅਣਖ ਦਾ ਬੋਲ-ਬਾਲਾ ਸੀ। ਭਗਤ ਸਿੰਘ ਵਰਗੇ ਅਣਖੀਲੇ ਯੋਧੇ ਪੰਜਾਬ 'ਚ ਹੀ ਪੈਦਾ ਹੋਏ ਹਨ।

ਪਰ ਅੱਜ ਨਸ਼ਿਆਂ, ਭਰੂਣਹੱਤਿਆ, ਬਿਮਾਰੀਆ, ਭ੍ਰਿਸਟਾਚਾਰ ਦੇ ਦੁਰਾਚਾਰ ਕਾਰਨ ਪੰਜਾਬੀਆਂ ਦਾ ਦੇਸ਼ 'ਚ ਨਹੀ, ਸੰਸਾਰ 'ਚ ਸ਼ਰਮ ਨਾਲ ਸਿਰ ਝੁੱਕ ਰਿਹਾ ਹੈ। ਡਾਕਟਰ ਅੰਬੇਡਕਰ ਦਾ ਵਿਚਾਰ ਹੈ ਕਿ ਵਿਦਿਆ ਇਕ ਅਜਿਹੀ ਚਾਬੀ ਹੈ ਜਿਸ ਨਾਲ ਸਬ ਸਮੱਸਿਆਵਾਂ ਦੇ ਸਾਰੇ ਤਾਲੇ ਖੋਲੇ ਜਾ ਸਕਦੇ ਹਨ।

Since 1990

# PCS SACRAMENTO

Non Profit

Presents

(USA)

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

**Celebration On Saturday 19th April 2014 at 3:00 P.M.**

# S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



**ਸਹਿਯੋਗੀ ਜਥੇਬੰਦੀਆਂ :** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ, ਇੰਡਸ ਵੈਲੀ ਅਮੈਰੀਕਨ ਚੈਂਬਰ ਆਫ਼ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੱਗਾ ਪੈਲੇਸ, ਇੰਡੀਆ ਹਾਊਸ ਆਫ ਗਰੌਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੋਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੌਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿਲੋਂ, ਜਸਵਿੰਦਰ ਬੋਪਾਰਾਏ, ਜਸਵੀਰ ਥਾਂਦੀ (World Financial Group), ਜੇ.ਆਰ. ਸਿਧਰਾ ਅਮੈਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਡਿੰਗ), ਅਟਵਾਲ ਬ੍ਰਦਰਜ਼ (ਮਰਸਿੱਡ) ਅਤੇ ਕਿਰਨਜੀਤ ਢੱਡਾ।

## ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ ।

For More Information Please Contact : *Participation:* **Rashpal Pharwala (916) 880-0531,** *Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**


Printer : Barapind Printing Press (E-mail: barapindpress@gmail.com)



ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ

# "ਦੇਸ਼ ਦੁਆਬਾ" ਦੇ ਤੀਸਰੇ ਸਾਲ 'ਚ ਪ੍ਰਵੇਸ਼ ਕਰਨ ਉਤੇ ਦਿਲੀ ਹਾਰਦਿਕ ਵਧਾਈ

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਭਾਰਤ ਰਤਨ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ "ਦੇਸ਼ ਦੁਆਬਾ" ਦੇ ਤੀਜੇ ਅਤੇ "ਅੰਬੇਦਕਰ ਟਾਈਮਜ਼" ਦੇ ਛੇਵੇਂ ਸਾਲ ਵਿਚ ਪ੍ਰਵੇਸ਼ ਕਰਨ ਦੀਆਂ ਲੱਖ-ਲੱਖ ਵਧਾਈਆਂ



## ਹੰਸ ਰਾਜ ਕਾਜਲਾ

**(916) 479-0421**



# INDIA MARKET

## SWEETS & SPICES

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ

ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ, ਪੰਜਾਬੀਆਂ ਦੇ ਮਾਣਮੱਤੇ ਤਿਉਹਾਰ ਵਿਸਾਖੀ ਅਤੇ ਡਾ. ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ

## ਲੱਖ ਲੱਖ ਵਧਾਈਆਂ



ਬਰਿੰਦਰ ਬੰਗੜ

Sweets Spices Chaat House

We accept EBT cards

**916-786-7666**

1265 Pleasant Grove Blvd.
# 100 Roseville, CA 95747

We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

**916-338-5511**

5203 Elkhorn Blvd.Sacramento, CA 95842

# ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੋਕਾਈ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ ਅਤੇ ਪੰਜਾਬੀਆਂ ਦੇ ਮਾਣਮੱਤੇ ਤਿਉਹਾਰ ਵਿਸਾਖੀ ਦੀਆਂ

## ਲੱਖ ਲੱਖ ਵਧਾਈਆਂ






## ਰਾਜਾ ਸਵੀਟਸ

### ਗਿਆਨੀ ਰਵਿੰਦਰ ਸਿੰਘ
### ਮੱਖਣ ਸਿੰਘ ਬੈਂਸ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਭੇਦ



ਐਚ. ਐਲ. ਕਪੂਰ
1 (289)-401-0728

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ 'ਤੇ ਗਰਵ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਹਨਾਂ 'ਚ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮੀ ਮਹਾਂਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ 'ਚ ਪਾਇਆ ਗਿਆ ਯੋਗਦਾਨ ਕਿਸੇ ਹੋਰ ਕੌਮੀ ਮਹਾਂਨਾਇਕ, ਜਿਵੇਂ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਤੇ ਮਾਣ-ਸਨਮਾਨ ਇਹਨਾਂ ਕੌਮੀ ਮਹਾਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ। ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗ੍ਰਿਤ ਕੀਤਾ, ਜੇਲ੍ਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਨ-ਸਨਮਾਨ 'ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨ੍ਹੇਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ 'ਤੇ ਮਾਣ ਹੈ।

ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਯੂ. ਕੇ. ਦੇ ਇਕ ਅੰਗਰੇਜ਼ੀ ਅਖ਼ਬਾਰ 'ਚ ਇਕ ਅੰਗਰੇਜ਼ ਵਿਦਵਾਨ ਨੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਇਕ ਕ੍ਰਾਂਤੀਕਾਰੀ ਇਨਕਲਾਬੀ ਸੂਰਮਾ ਕਹਿਣ ਦੀ ਬਜਾਏ 'ਇਕ ਉਗਰਵਾਦੀ' ਕਹਿ ਕੇ ਟਿੱਪਣੀ ਕੀਤੀ ਹੈ। ਉਸ ਅੰਗਰੇਜ਼ ਵਿਦਵਾਨ ਨੂੰ ਸ਼ਾਇਦ ਭਗਤ ਸਿੰਘ ਜੀ ਦੀ ਵਿਚਾਰਧਾਰਾ ਦਾ ਉੱਕਾ ਹੀ ਕੋਈ ਗਿਆਨ ਨਹੀਂ ਲੱਗਦਾ, ਜੋ ਇਸ ਤਰ੍ਹਾਂ ਦੇ ਅਰਥਹੀਣ, ਬੇਤੁੱਕੇ ਬਿਆਨ ਦਿੰਦਾ ਹੈ। ਵੈਸੇ ਵੀ ਅਸੀਂ ਜਦੋਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ, ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਹੈ।

ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ 'ਉਗਰਵਾਦੀ' ਨਹੀਂ ਆਖੇਗਾ, ਸਗੋਂ ਉਸ ਨੂੰ ਇਕ ਮਹਾਨ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ, ਇਕ ਪ੍ਰਗਤੀਸ਼ੀਲ ਮਹਾਂਪੁਰਸ਼ ਹੀ ਆਖੇਗਾ, ਜਿਸ ਨੇ ਨਿੱਕੀ ਉਮਰੇ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲ ਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫਸਲਫੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ ਇਕ ਤੇਈ ਸਾਲਾਂ ਦੇ ਨੌਜਵਾਨ 'ਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਨਾਇਕਾਂ ਦੀ ਕਤਾਰ 'ਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਰ ਕਿਹੜੀ ਅਜਿਹੀ ਗੱਲ ਹੈ, ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ। ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਨੀ ਹੀ ਜਵਾਨ, ਜਿੰਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੋਂ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ 'ਚ ਸਮਜਵਾਦ ਦੀ ਸਥਾਪਨਾ ਕਰਨ ਦੇ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਨਾਇਕ ਹੋ ਨਿੱਬੜਿਆ ਹੈ। ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਸੰਘਰਸ਼ਮਈ ਜੀਵਨ ਦੀਆਂ ਤਹਿਆਂ 'ਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ 'ਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।



ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜੰਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ-ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਆਂ ਦੇ ਹਮਾਇਤੀਆਂ 'ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਸਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ, ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ। ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤੀਤਵ ਤੇ ਜਤ-ਸਤ ਦਾ ਪੁੰਗਰ ਰਿਹਾ ਸੋਮਾ ਨਿਸ਼ਚਿਤ ਤੌਰ 'ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰ ਧਾਰਾ ਮੰਨ ਬੋਲਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ 'ਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ 'ਤੇ ਪਹੁੰਚਿਆ ਉਹ ਐਲਾਨੀਆ ਤੌਰ 'ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ, ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਮਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ-ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਵੀ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਰ ਮੰਨ ਲੈਂਦੇ ਹਨ ਤੇ ਜਿਸ 'ਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ 'ਚ ਭਗਤ ਸਿੰਘ ਜੀ ਸਿਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ 'ਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪੱਸ਼ਟ ਸ਼ਬਦਾਂ 'ਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ 'ਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ। ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਹਨਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਗਰਦ ਦੇ ਰੂਪ ਵਿਚ ਹੋਇਆ ਹੈ। ਉਹਨਾਂ ਨੇ ਬੌਧਿਕ ਤੇ ਵਿਚਾਰਧਾਰਕ ਫਰਮਾਨਾਂ ਨਾਲੋਂ, ਉਹਨਾਂ ਦੇ ਅਸਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸ ਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ, ਜੋ ਬੜੇ ਹੇਠਲੇ ਪੱਧਰ 'ਤੇ ਮਨ 'ਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸ ਦੀ ਉਸਾਰੀ ਮਾਨਵ ਮਨ ਆਪਣੇ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ। ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁੱਖ ਖਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ।

ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ। ਜੋ ਅੱਜ ਵੀ ਸਾਡੇ ਕੋਲ ਲਿਖਤ ਰੂਪ 'ਚ ਉਪਲਬਧ ਹਨ। ਬੰਗਾਲ 'ਚ ਇਨਕਲਾਬੀ ਸਾਥੀਆਂ ਨਾਲ ਰਹਿੰਦੀਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ 'ਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ 'ਚ ਸੁੱਟੇ ਗਏ ਪੈਂਫਲਿਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ। ਇਸ ਲਈ ਉਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿੱਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ, ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸ ਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰ ਧਾਰਕ ਉਡਾਰੀ ਇੰਨੀ ਵਿਸ਼ਾਲ ਹੈ, ਜੋ ਇਕੋ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਤੇ ਭਾਸ਼ਾ ਦਾ ਨਾਇਕ ਨਾ ਹੋ ਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦਾ ਮਹਾਨਤਾ ਤੇ ਉਸ ਦੇ ਵਿਅਕਤੀਤਵ ਨੂੰ ਪੰਡਿਤ ਜਵਾਹਰ ਲਾਲ ਜੀ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ, ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ, ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੁਰਜਨ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨ੍ਹੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ। ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ ਸਰਕਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦ ਪੁਰਬ 'ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

# ਸ਼ਹੀਦ ਤਿਲਕ ਰਾਜ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗ਼ੈਰਹਾਜ਼ਰੀ ਬਣੀ ਰੋਸ ਦਾ ਕਾਰਨ





ਪਿੰਡ ਭਰੋਲੀ ਵਿੱਚ ਸਹੀਦ ਤਿਲਕ ਰਾਜ ਸਿੰਘ ਦੀ ਅੰਤਿਮ ਅਰਦਾਸ ਮੌਕੇ ਕੇਂਦਰ ਅਤੇ ਸੂਬਾ ਸਰਕਾਰ ਤੋਂ ਨੁਮਾਇੰਦਿਆਂ ਦਾ ਨਾ ਪੁੱਜ ਕਾਰਨ ਲੋਕਾਂ 'ਚ ਰੋਸ ਰਿਹਾ। ਸ਼ਰਧਾਂਜਲੀ ਸਮਾਗਮ 'ਚ ਜਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਕੋਈ ਅਧਿਕਾਰੀ ਨਾ ਪੁੱਜਾ। ਸਾਕ ਸਬੰਧੀਆਂ ਤੇ ਪਿੰਡ ਵਾਸੀਆਂ ਨੂੰ ਉਡੀਕ ਸੀ ਕਿ ਕੇਂਦਰ ਜਾਂ ਸੂਬਾ ਸਰਕਾਰ ਵੱਲੋਂ ਨੁਮਾਇੰਦੇ ਆ ਕੇ ਸ਼ਹੀਦ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਦੇ। ਪੰਜਾਬ ਦੇ ਸੰਸਦੀ ਸਕੱਤਰ ਸਰਵਣ ਸਿੰਘ ਫਿਲੌਰ ਵੀ ਸ਼ਰਧਾਂਜਲੀ ਸਮਾਗਮ ਤੋਂ ਪਹਿਲਾਂ ਹੀ ਹੋ ਕੇ ਮੁੜ ਗਏ। ਪਿੰਡ ਦੇ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਦੀ ਅੰਤਿਮ ਅਰਦਾਸ ਮੌਕੇ ਪਾਠ ਦੇ ਭੋਗ ਪਾਏ ਗਏ ਤੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ਼ਰਧਾਂਜਲੀ ਸਮਾਗਮ 'ਚ ਸੈਂਟਰਲ ਰਿਜ਼ਰਵ ਪੁਲੀਸ ਫੋਰਸ ਜਲੰਧਰ ਰੇਂਜ ਦੇ ਕਮਾਂਡੈਂਟ ਰਾਮ ਸੁੱਖਪਾਲ, ਸੁੱਚਾ ਸਿੰਘ ਡਿਪਟੀ ਕਮਾਂਡੈਂਟ ਸੀ ਆਰ ਪੀ ਐਫ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਮੋਹਣ ਸਿੰਘ ਬਹਿਰਾਮ, ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਬਲਵੀਰ ਸਿੰਘ ਜਾਡਲਾ, ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਬਹੁਜਨ ਸਮਾਜ ਪਾਰਟੀ ਦੇ ਸੂਬਾ ਸਕੱਤਰ ਪ੍ਰਵੀਨਬੰਗਾ, ਉਪ ਪੁਲਿਸ ਕਪਤਾਨ ਹੰਸ ਰਾਜ ਆਦਿ ਹਾਜ਼ਰ ਸਨ। ਇਨ੍ਹਾਂ ਨੇ ਸ਼ਹੀਦ ਤਿਲਕ ਰਾਜ ਸਿੰਘ ਦੀ ਕੁਰਬਾਨੀ ਨੂੰ ਦੇਸ਼ ਲਈ ਨਾ ਭੁੱਲਣਯੋਗ ਦੱਸਿਆ।



ਸੀ ਆਰ ਪੀ ਐਫ ਐਕਸ ਸਰਵਿਸ-ਮੈਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਕੰਢੀ ਤੇ ਸਕੱਤਰ ਨਿਰਮਨ ਸਿੰਘ ਬੱਡੋਂ ਨੇ ਆਪਣੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਨੂੰ ਕਿਸੇ ਧਨ ਦੌਲਤ ਨਾਲ ਨਹੀਂ ਤੋਲਿਆ ਜਾ ਸਕਦਾ ਪਰ ਪਿੱਛੇ ਨਿਰਭਰ ਪਰਿਵਾਰ ਦੇ ਸਹਿਯੋਗ ਲਈ ਸਰਕਾਰ ਨੂੰ ਨੌਕਰੀ ਦਾ ਵਸੀਲਾ ਪ੍ਰਦਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸ਼ਹੀਦ ਦੇ ਪਰਿਵਾਰ ਨੂੰ ਐਸੋਸੀਏਸ਼ਨ ਵਲੋਂ ਕੁਝ ਨਕਦ ਰਾਸ਼ੀ ਵੀ ਭੇਂਟ ਕੀਤੀ। ਜ਼ਿਕਰਯੋਗ ਹੈ ਕਿ ਬੀਤੀ 11 ਮਾਰਚ ਨੂੰ ਛੱਤੀਸਗੜ੍ਹ 'ਚ ਨਕਸਲਬਾੜੀਆਂ ਵੱਲੋਂ ਕੀਤੇ ਹਮਲੇ 'ਚ ਜਵਾਨ ਤਿਲਕ ਰਾਜ ਸਿੰਘ ਆਪਣੇ ਸਾਥੀਆਂ ਸਮੇਤ ਸ਼ਹੀਦ ਹੋ ਗਏ ਸਨ ਜੋ ਕਿ ਫੌਜ ਦੀਆ ਸ਼ਾਨਦਾਰ ਸੇਵਾਵਾਂ ਨਿਭਾਉਣ ਤੋਂ ਬਾਅਦ ਹੁਣ ਸੀ ਆਰ ਪੀ ਐਂਫ 'ਚ ਇੰਸਪੈਕਟਰ ਵਜੋਂ ਤਾਇਨਾਭ ਸਨ। ਇਸ ਮੌਕੇ ਬੁੱਧ ਸਿੰਘ ਬਲਾਕੀਪੁਰ, ਸਰਪੰਚ ਗੁਰਬਖਸ਼ ਸਿੰਘ, ਸਤਨਾਮ ਸਿੰਘ ਲਾਦੀਆਂ, ਸੋਹਣ ਲਾਲ ਢੰਡਾ, ਬਿਸ਼ਨ ਸਿੰਘ ਝਿੰਗੜ, ਜਗਜੀਤ ਸਿੰਘ ਲਾਲੀ, ਭਾਈ ਮੱਖਣ ਸਿੰਘ, ਬਲਵੀਰ ਚੁੰਬਰ ਯੂ ਐੱਸ ਏ, ਬਾਬਾ ਗੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

**- ਰੇਸ਼ਮ ਕਰਨਾਣਵੀ (9815880104)**

## ਦੂਜੀ ਕਿਸ਼ਤ

# ਪਰਿਵਾਰਕ ਪ੍ਰਯੋਗਸ਼ਾਲਾ ਵਿਚ ਬੱਚਿਆਂ ਦਾ ਵਿਕਾਸ



ਐਚ. ਐਲ. ਕਪੂਰ
1-289-401-0728

ਹਰ ਬੱਚਾ ਆਪਣੇ ਜੀਵਨ ਵਿਚ ਅੱਗੇ ਜਾ ਕੇ ਵੱਡੀ ਤੋਂ ਵੱਡੀ ਸਫਲਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਉਸ ਦੇ ਮਾਤਾ-ਪਿਤਾ ਨੂੰ ਉਸ ਦਾ ਸਰਬ-ਪੱਖੀ ਵਿਕਾਸ ਕਰਨ ਲਈ ਆਪਣਾ ਫਰਜ਼ ਨਿਭਾਉਣਾ ਪਵੇਗਾ। ਕੋਈ ਵੀ ਬੱਚਾ ਜਨਮ ਤੋਂ ਹੀ ਮਹਾਂਪੁਰਸ਼ ਨਹੀਂ ਹੁੰਦਾ ਅਤੇ ਨਾ ਹੀ ਉਹ ਜਨਮ ਤੋਂ ਅਸਫਲ ਮਨੁੱਖ ਹੁੰਦਾ ਹੈ। ਇਹ ਦੋਵੇਂ ਸਥਿਤੀਆਂ ਉਸ ਨੀਂਹ ਤੇ ਆਧਾਰਿਤ ਹੁੰਦੀਆਂ ਹਨ ਜੋ ਬਚਪਨ ਵਿਚ ਹੀ ਉਸ ਦਾ ਮਾਤਾ-ਪਿਤਾ ਨੇ ਰੱਖੀਆਂ ਹੁੰਦੀਆਂ ਹਨ।

ਬੱਚੇ ਦੇ ਸਰਬ-ਪੱਖੀ ਵਿਕਾਸ ਨਾ ਕਰ ਸਕਣ ਦਾ ਵੱਡਾ ਕਾਰਨ ਇਹ ਹੁੰਦਾ ਹੈ ਕਿ ਉਸ ਦੇ ਮਾਤਾ-ਪਿਤਾ ਆਪ ਖੁਦ ਇਸ ਦੇ ਗਿਆਨ ਤੋਂ ਖਾਲੀ ਹੁੰਦੇ ਹਨ ਕਿ ਉਹ ਵਿਕਾਸ ਕਿਸ ਤਰ੍ਹਾਂ ਕਰਨ? ਬੱਚੇ ਦੇ ਵਿਅਕਤਿਤਵ ਦਾ ਸਰਬ-ਪੱਖੀ ਵਿਕਾਸ ਕਰਨ ਲਈ ਉਚਿਤ ਵਾਤਾਵਰਣ ਤੇ ਜ਼ਰੂਰੀ ਪ੍ਰਸਥਿਤੀਆਂ ਪੈਦਾ ਕਰਨਾ, ਇਹ ਮਾਤਾ-ਪਿਤਾ ਦਾ ਸਰਵਉੱਤਮ ਫਰਜ਼ ਬਣ ਜਾਂਦਾ ਹੈ। ਬੱਚਾ ਸਭ ਤੋਂ ਪਹਿਲਾਂ ਘਰ ਦੇ ਵਾਤਾਵਰਣ ਤੋਂ ਹੀ ਪ੍ਰਭਾਵਿਤ ਹੁੰਦਾ ਹੈ। 'ਘਰ ਉਸ ਦੀ ਪਹਿਲੀ ਪਾਠਸ਼ਾਲਾ ਹੈ' ਤੇ ਮਾਤਾ-ਪਿਤਾ ਉਸ ਦੇ ਪਹਿਲੇ ਗੁਰੂ ਹਨ। ਮਾਤਾ-ਪਿਤਾ ਦੇ ਜੀਵਨ ਦਾ ਬੱਚੇ ਤੇ ਬਹੁਤ ਪ੍ਰਭਾਵ ਪੈਂਦਾ ਹੈ। ਬੱਚੇ ਨੂੰ ਸਮਾਜ ਦਾ ਉੱਤਮ ਨਾਗਰਿਕ ਬਣਾਉਣ ਲਈ, ਮਾਤਾ-ਪਿਤਾ ਨੂੰ ਖੁਦ ਉੱਤਮ ਮਾਤਾ-ਪਿਤਾ ਬਣਨਾ ਚਾਹੀਦਾ ਹੈ। ਇਕ ਆਦਰਸ਼ ਮਾਤਾ-ਪਿਤਾ ਬਣਨ ਲਈ ਕੁਝ ਨਿਮਨ-ਲਿਖਤ ਨੁਕਤਿਆਂ ਨੂੰ ਧਿਆਨ ਵਿਚ ਰੱਖਣ ਲਈ ਸੁਝਾਅ ਦਿੱਤੇ ਜਾਂਦੇ ਹਨ:-

1. ਉੱਚ ਚਰਿੱਤਰਵਾਨ ਮਾਤਾ-ਪਿਤਾ ਹੀ ਸੱਭਿਅਤ ਸੰਤਾਨ ਬਣਾਉਂਦੇ ਹਨ:- ਅੰਗਰੇਜ਼ੀ ਦੀ ਇਕ ਕਹਾਵਤ ਹੈ ਕਿ -'ਦੀ ਚਾਈਲਡ ਇਜ਼ ਐਜ਼ ਓਲਡ ਐਜ਼ ਹਿਜ਼ ਹਿਨਸਿਸਟਰਸ।' ਅਰਥਾਤ ਬੱਚਾ ਉਤਨਾ ਪੁਰਾਣਾ ਹੁੰਦਾ ਹੈ ਜਿੰਨੇ ਉਸ ਦੇ ਵੱਡੇ-ਵਡੇਰੇ। ਇਕ ਵਾਰ ਇਕ ਇਸਤਰੀ ਸੰਤ ਈਸਾ ਜੀ ਪਾਸ ਆਈ ਤੇ ਉਸ ਨੂੰ ਪ੍ਰਸ਼ਨ ਕੀਤਾ- ਬੱਚੇ ਨੂੰ ਸਿੱਖਿਆ ਕਦੋਂ ਆਰੰਭ ਕਰਨੀ ਚਾਹੀਦੀ ਹੈ? ਈਸਾ ਜੀ ਨੇ ਉੱਤਰ ਦਿੱਤਾ- ਗਰਭ ਵਿਚ ਆਉਣ ਤੋਂ ਦੋ ਸੌ ਸਾਲ ਪਹਿਲਾਂ ਤੋਂ। ਉਹ ਇਸਤਰੀ ਹੈਰਾਨ ਰਹਿ ਗਈ, ਪਰ ਸਚਾਈ ਇਹੀ ਹੈ, ਜਿਸ ਵੱਲ ਸੰਤ ਈਸਾ ਜੀ ਨੇ ਇਸ਼ਾਰਾ ਕੀਤਾ ਹੈ। ਸੌ ਸਾਲ ਪਹਿਲਾਂ ਜਿਸ ਬੱਚੇ ਦੀ ਹੋਂਦ ਹੀ ਨਹੀਂ ਹੁੰਦੀ, ਨਿਸਚਿਤ ਤੌਰ ਤੇ ਉਸ ਦੀ ਜੜ੍ਹ ਤਾਂ ਜ਼ਰੂਰ ਹੁੰਦੀ ਹੈ, ਚਾਹੇ ਉਸ ਦੇ ਬਾਬਾ ਹੋਣ ਜਾਂ ਪੜਦਾਦਾ ਹੋਣ। ਉਹਨਾਂ ਦੀ ਮਾਨਸਿਕ ਸਥਿਤੀ, ਉਹਨਾਂ ਦਾ ਆਚਾਰ-ਵਿਵਹਾਰ, ਉਹਨਾਂ ਦੀ ਸੰਸਕ੍ਰਿਤੀ ਪਿਤਾ ਤੱਕ ਆਈ ਅਤੇ ਮਾਤਾ-ਪਿਤਾ ਦੇ ਵਿਚਾਰ, ਉਹਨਾਂ ਦਾ ਰਹਿਣ-ਸਹਿਣ ਤੇ ਨੈਤਿਕਤਾ ਨਾਲ ਹੀ ਬੱਚੇ ਦਾ ਵਿਕਾਸ ਹੁੰਦਾ ਹੈ। ਕੱਲ੍ਹ ਨੂੰ ਜਿਸ ਬੱਚੇ ਨੇ ਜਨਮ ਲੈਣਾ ਹੈ, ਉਹਨਾਂ ਦੀ ਭੂਮਿਕਾ ਅਸੀਂ ਆਪਣੇ ਵਿਚ ਲਿਖਦੇ ਹਾਂ। ਅਗਰ ਇਸ ਤਰ੍ਹਾਂ ਦੀ ਸਾਡੇ ਵਿਚ ਭਾਵਨਾ ਹੀ ਪੈਦਾ ਨਾ ਹੋਈ ਤਾਂ ਅਸੀਂ ਬੱਚੇ ਦਾ ਵਧੀਆ ਵਿਕਾਸ ਕਿਸ ਤਰ੍ਹਾਂ ਕਰ ਸਕਦੇ ਹਾਂ? ਸ੍ਰੀ ਰਾਮ ਚੰਦਰ ਜੀ ਵਰਗੇ ਮਹਾਨ ਪੁਰਸ਼ਾਂ ਦਾ ਜਨਮ ਵੀ ਤਾਂ ਉਹਨਾਂ ਦੇ ਮਾਤਾ-ਪਿਤਾ ਜੀ ਵੱਲੋਂ ਦਿੱਤੇ ਗਏ ਮਹਾਨ ਸੰਸਕਾਰਾਂ ਕਾਰਨ ਹੀ ਸੀ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦਾ ਸਰਵ-ਕਲਾ ਸੰਪੂਰਨ ਹੋਣਾ ਉਹਨਾਂ ਦੀ ਮਾਤਾ ਦੇਵਕੀ, ਪਿਤਾ ਵਾਸੂਦੇਵ ਤੇ ਉਹਨਾਂ ਦੇ ਪੂਰਵਜ ਵਡੇਰਿਆਂ ਦੇ ਦਿੱਤੇ ਗਏ ਵਧੀਆ ਸੰਸਕਾਰਾਂ ਦਾ ਫਲ ਹੀ ਸੀ। ਅਠਾਰਾਂ ਪ੍ਰਾਣਾਂ ਦੇ ਰਚਾਇਤਾ ਸ੍ਰੀ ਵੇਦ ਵਿਆਸ ਜੀ ਦਾ ਇਕ ਮਹਾਨ ਵਿਦਵਾਨ ਸ਼ਖਸੀਅਤ ਹੋਣਾ ਵੀ ਉਹਨਾਂ ਦੇ ਮਾਤਾ-ਪਿਤਾ ਤੇ ਪੂਜਵਜਾਂ ਦੀ ਵਧੀਆ ਸਿੱਖਿਆ ਕਾਰਨ ਹੀ ਸੀ।

ਸਾਡੇ ਬੱਚੇ ਸਰਵ-ਸ਼੍ਰੇਸਟ, ਸਦਗੁਣੀ ਤੇ ਸਰਬ-ਪੱਖੀ ਵਿਕਾਸ ਦੇ ਧਾਰਨੀ ਬਣਨ, ਇਹਨਾਂ ਲਈ ਮਾਤਾ-ਪਿਤਾ ਤੇ ਸਾਡੇ ਵੱਡੇ-ਵਡੇਰਿਆਂ ਨੂੰ ਗੰਭੀਰ ਅਰਥਾਂ ਵਿਚ ਲੈਣ ਤੋਂ ਬਿਨਾਂ ਕੰਮ ਨਹੀਂ ਚੱਲੇਗਾ।

ਮਹਾਂਭਾਰਤ ਦੇ ਸਮੇਂ ਦੀ ਇਹ ਘਟਨਾ ਹੈ ਕਿ ਦਰੋਣਾਚਾਰੀਆ ਨੇ ਪਾਂਡਵਾਂ ਦਾ ਬੱਧ ਕਰਨ ਲਈ 'ਚੱਕਰਵਿਊ' ਦੀ ਰਚਨਾ ਕੀਤੀ। ਉਸ ਦਿਨ ਚੱਕਰਵਿਊ ਦਾ ਰਹੱਸ ਜਾਨਣ ਵਾਲੇ ਅਰਜਨ ਨੂੰ ਕੌਰਵ ਭੱਟਕਾਅ ਕੇ ਬਹੁਤ ਦੂਰ ਲੈ ਗਏ। ਦੂਸਰੇ ਪਾਸੇ ਪਾਂਡਵਾਂ ਨੂੰ ਚੱਕਰਵਿਊ ਤੋੜਨ ਲਈ ਕੌਰਵਾਂ ਨੇ ਨਿੰਮਤਰਣ ਦੇ ਦਿੱਤਾ। ਜਦੋਂ ਪਾਂਡਵ ਸੰਨਾਟੇ ਤੇ ਸੋਚਾਂ ਵਿਚ ਪਏ ਹੋਏ ਸਨ ਕਿ ਇਹ ਚੱਕਰਵਿਊ ਕਿਵੇਂ ਟੁੱਟੇ। ਉਸ ਸਮੇਂ 16 ਸਾਲ ਦੇ ਅਭਿਮਨਿਊ ਖੜ੍ਹੇ ਹੋ ਕੇ ਬੋਲੇ- 'ਮੈਂ ਚੱਕਰਵਿਊ ਨੂੰ ਤੋੜਨ ਦਾ ਭੇਦ ਜਾਣਦਾ ਹਾਂ।' ਯੁਧਿਸ਼ਟਰ ਨੇ ਹੈਰਾਨ ਹੋ ਕੇ ਕਿਹਾ- ਬੇਟਾ! ਮੈਂ ਤਾਂ ਤੈਨੂੰ ਕਦੀ ਭੀ ਚੱਕਰਵਿਊ ਤੋੜਨ ਦੀ ਸਿੱਖਿਆ ਲੈਂਦੇ ਨਹੀਂ ਦੇਖਿਆ ਤੇ ਨਾ ਹੀ ਕਦੀ ਸੁਣਿਆ ਹੈ। ਅਭਿਮਨਿਊ ਨੇ ਕਿਹਾ- ਜਦ ਮੈਂ ਆਪਣੀ ਮਾਂ ਸੁਭੱਧਰਾ ਦੇ ਪੇਟ ਵਿਚ ਸੀ। ਮਾਂ ਨੂੰ ਜਦੋਂ ਜਨਨ ਪੀੜਾ ਸ਼ੁਰੂ ਹੋਈ, ਉਸ ਸਮੇਂ ਮੇਰੇ ਪਿਤਾ ਅਰਜਨ ਵੀ ਮੇਰੇ ਕੋਲ ਹੀ ਸਨ। ਮਾਂ ਦਾ ਧਿਆਨ ਜਨਨ ਪੀੜਾਂ ਵੱਲੋਂ ਹਟਾਉਣ ਲਈ ਪਿਤਾ ਜੀ ਨੇ ਚੱਕਰਵਿਊ ਨੂੰ ਤੋੜਨ ਦਾ ਰਹੱਸ ਮਾਤਾ ਜੀ ਨੂੰ ਦੱਸਣਾ ਸ਼ੁਰੂ ਕਰ ਦਿੱਤਾ। ਛੇ ਦਰਵਾਜ਼ਿਆਂ ਦਾ ਰਹੱਸ ਸਮਝਣਦੀ ਪ੍ਰਕਿਰਿਆ ਮੇਰੀ ਮਾਤਾ ਧਿਆਨ ਨਾਲ ਸੁਣਦੀ ਰਹੀ ਤੇ ਗਰਭ ਵਿਚ ਬੈਠਾ ਮੈਂ ਧਿਆਨ ਨਾਲ ਸਿੱਖਦਾ ਚਲਾ ਗਿਆ, ਪ੍ਰੰਤੂ ਸੱਤਵੇਂ ਤੇ ਅੰਤਿਮ ਦੁਆਰ ਤੱਕ ਲੜਨ ਤੇ ਉਸ ਦੁਆਰ ਨੂੰ ਤੋੜਨ ਦੀ ਸਿੱਖਿਆ ਸੁਣਨ ਤੋਂ ਪਹਿਲਾਂ ਹੀ ਮੇਰੀ ਮਾਤਾ ਜੀ ਨੂੰ ਨੀਂਦ ਆ ਗਈ ਤੇ ਮੈਂ ਵੀ ਆਪਣੀ ਮਾਤਾ ਜੀ ਦੇ ਨਾਲ ਹੀ ਨੀਂਦ ਦੀ ਅਵਸਥਾ ਵਿਚ ਚਲਾ ਗਿਆ ਤੇ ਉਸ ਤੋਂ ਬਾਅਦ ਮੇਰਾ ਜਨਮ ਹੋ ਗਿਆ। ਛੇ ਦੁਆਰ ਤਾਂ ਮੈਂ ਆਸਾਨੀ ਨਾਲ ਤੋੜ ਲਵਾਂਗਾ। ਸੱਤਵੇਂ ਦੁਆਰ ਤੱਕ ਪਹੁੰਚਣ ਵੇਲੇ ਤੱਕ ਆਪ ਸਭ ਮੇਰੀ ਮਦਦ ਲਈ ਪਹੁੰਚ ਹੀ ਜਾਓਗੇ ਤੇ ਉਸ ਦੁਆਰ ਨੂੰ ਵੀ ਮੈਂ ਤੋੜ ਲਵਾਂਗਾ।

ਉਕਤ ਘਟਨਾ ਉਸ ਸਚਾਈ ਵੱਲ ਸੰਕੇਤ ਕਰਦੀ ਹੈ ਕਿ ਬੱਚਾ ਜਦੋਂ ਗਰਭ ਵਿਚ ਆਏ ਤੇ ਉਸੇ ਵੇਲੇ ਹੀ ਮਾਤਾ-ਪਿਤਾ ਨੂੰ ਆਪਣੀ ਸਰੀਰਕ ਤੇ ਮਾਨਸਿਕ ਤਿਆਰੀ ਆਰੰਭ ਕਰ ਦੇਣੀ ਚਾਹੀਦੀ ਹੈ। ਕਾਫੀ ਸਮਾਂ ਪਹਿਲਾਂ ਦੀ ਗੱਲ ਹੈ ਕਿ ਅਮਰੀਕਾ ਵਿਚ ਜਨਮੇ ਇਕ ਬੱਚੇ ਦੀ ਬੜੀ ਚਰਚਾ ਹੋਈ। ਇਸ ਬੱਚੇ ਦੀਆਂ ਅੱਖਾਂ ਵਿਚ 'ਜੇ' ਅਤੇ 'ਡੀ' ਸ਼ਬਦ ਦੀ ਸ਼ਕਲ ਉਭਰੀ ਹੋਈ ਮਹਿਸੂਸ ਹੁੰਦੀ ਸੀ। ਵਿਗਿਆਨੀਆਂ ਨੇ ਉਸ ਦੀ ਬੜੀ ਖੋਜ-ਪੜਤਾਲ ਕੀਤੀ ਪਰ ਕਾਰਨ ਨਾ ਜਾਣ ਸਕੇ। ਆਖਿਰਕਾਰ ਮਨੋਵਿਗਿਆਨੀਆਂ ਨੇ ਇਸ ਗੁੱਥੀ ਦਾ ਰਾਜ਼ ਸੁਲਝਾਇਆ।

ਉਸ ਬੱਚੇ ਦੀ ਮਾਂ ਨੇ ਕਿਹਾ ਕਿ ਅਸਲ ਵਿਚ ਮੈਂ ਆਪਣੇ ਵਿਦਿਅਕ ਕਾਲ ਤੋਂ ਹੀ ਜਾਨ ਡਿਕਸਨ ਤੋਂ ਬਹੁਤ ਪ੍ਰਭਾਵਿਤ ਰਹੀ ਹਾਂ। ਮੇਰੀ ਸਦਾ ਇਹੀ ਇੱਛਾ ਰਹੀ ਹੈ ਕਿ ਮੇਰੀ ਜੋ ਵੀ ਸੰਤਾਨ ਹੋਵੇ, ਉਹ ਜਾਨ ਡਿਕਸਨ ਦੀ ਤਰ੍ਹਾਂ ਹੀ ਵਿਦਵਾਨ ਹੋਵੇ। ਮੈਂ ਆਪਣੀ ਇਹ ਇੱਛਾ ਕਦੀ ਕਿਸੇ ਕੋਲ ਜ਼ਾਹਿਰ ਤਾਂ



ਨਹੀਂ ਕੀਤੀ, ਪਰ ਜਦੋਂ-ਕਦੋਂ ਵੀ ਮੈਨੂੰ ਇਸ ਗੱਲ ਦੀ ਯਾਦ ਆਉਂਦੀ ਹੈ, ਮੈਂ ਅਕਸਰ ਦੀਵਾਰ ਤੇ ਜਾਂ ਕਾਪੀ ਤੇ ਜੇ. ਡੀ. ਅੱਖਰ ਲਿਖ ਕੇ ਆਪਣੀ ਇਸ ਇੱਛਾ ਨੂੰ ਜ਼ਾਹਿਰ ਕਰਦੀ ਰਹੀ ਹਾਂ। ਉਸ ਇਸਤਰੀ ਨੇ ਆਪਣੇ ਅਧਿਐਨ ਕਾਲ ਦੀਆਂ ਕਈ ਕਾਪੀਆਂ ਤੇ ਪੁਸਤਕਾਂ ਵੀ ਦਿਖਾਈਆਂ, ਜਿਹਨਾਂ ਤੇ ਜੇ. ਡੀ. ਸ਼ਬਦ ਲਿਖਿਆ ਹੋਇਆ ਸੀ।

ਸਾਡੇ ਵੱਡੇ-ਵਡੇਰੇ ਇਸ ਤੱਤ ਨੂੰ ਭਲੀ-ਭਾਂਤੀ ਜਾਣਦੇ ਸਨ ਤੇ ਇਸੇ ਲਈ ਉਹਨਾਂ ਨੇ ਸਮਾਜ ਨੂੰ ਇਹੋ ਜਿਹੀ ਜੀਵਨ-ਵਿਵਸਥਾ ਦਿੱਤੀ, ਜਿਸ ਨਾਲ ਉਹਨਾਂ ਦੀ ਸੰਤਾਨ ਉੱਚੇ ਆਚਰਣ ਵਾਲੀ ਪੈਦਾ ਹੁੰਦੀ ਸੀ। ਔਰਤ ਦੇ ਗਰਭ ਸਮੇਂ ਨੂੰ, ਉਹਨਾਂ ਨੇ ਇਕ ਚੰਗੇ ਸੰਸਕਾਰਾਂ ਵਾਲੇ ਬੱਚੇ ਪੈਦਾ ਹੋਣ ਦੀ ਵਧੀਆ ਵਿਵਸਥਾ ਮੰਨਿਆ ਹੈ। ਬੱਚਿਆਂ ਦਾ ਨਿਰਮਾਣ ਮਾਤਾ-ਪਿਤਾ ਵਧੀਆ ਵਾਤਾਵਰਣ ਵਿਚ ਭਰਦੇ ਸਨ ਤੇ ਜਿਸ ਤਰ੍ਹਾਂ ਦੀ ਸੰਤਾਨ ਉਹ ਸਮਾਜ ਨੂੰ ਦੇਣਾ ਚਾਹੁੰਦੇ ਸਨ, ਦੇ ਦਿੰਦੇ ਸਨ। ਇਕ ਮਸ਼ਹੂਰ ਕਥਾ ਅਨੁਸਾਰ ਸਤੀ ਮਦਾਲਸਾ ਨੇ ਆਪਣੇ ਤਿੰਨ ਪੁੱਤਰਾਂ ਵਿਕਰਾਂਤ, ਸੁਬਾਹੂ ਅਤੇ ਅਰੀਦਮਨ ਨੂੰ ਸਿੱਖਿਆ, ਦੀਕਸ਼ਾ ਅਤੇ ਸੰਸਕਾਰ ਦਿੱਤੇ, ਉਹ ਬੜੇ ਅਲੌਕਿਕ ਤੇ ਪ੍ਰਮ-'ਰਥਿਕ ਸਨ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਤਿੰਨਾਂ ਨੇ ਹੀ ਜਵਾਨੀ ਵਿਚ ਪਹੁੰਚਣ ਤੋਂ ਪਹਿਲਾਂ-ਪਹਿਲਾਂ ਹੀ ਸੰਨਿਆਸ ਧਾਰਨ ਕਰਕੇ ਆਪਣਾ ਸਾਰਾ ਜੀਵਨ ਹੀ ਲੋਕਮੰਗਲ ਵਿਚ ਲਗਾ ਦਿੱਤਾ। ਉਹ ਕਹਿੰਦੀ ਹੁੰਦੀ ਸੀ- ''ਹੇ ਪੁੱਤਰ! ਤੂੰ ਆਪਣੀ ਜਨਨੀ ਮਦਾਲਸਾ ਦੇ ਸ਼ਬਦ ਸੁਣ। ਤੂੰ ਸ਼ੁੱਧ ਹੈਂ, ਬੁੱਧ ਹ ,
ਨਿਰੰਜਨ ਹੈਂ, ਸੰਸਾਰ ਦੀ ਮਾਇਆ ਤੋਂ ਰਹਿਤ ਹੈਂ। ਇਹ ਸੰਸਾਰ ਸੁਪਨੇ ਸਮਾਨ ਹੈ। ਉੱਠ ਜਾਗਰਿਤ ਹੋ, ਮੋਹ ਮਾਇਆ ਦਾ ਤਿਆਗ ਕਰ। ਤੂੰ ਸੱਚੀ-ਸੁੱਚੀ ਆਤਮਾ ਹੈਂ, ਆਪਣੇ ਸਵਰੂਪ ਦਾ ਗਿਆਨ ਪ੍ਰਾਪਤ ਕਰ।''

ਮਹਾਂਰਾਣੀ ਸਤੀ ਮਦਾਲਸਾ ਦੀ ਬੱਚਿਆਂ ਨੂੰ ਇਸ ਤਰ੍ਹਾਂ ਦੀ ਦਿੱਤੀ ਗਈ ਸਿੱਖਿਆ ਤੋਂ ਮਹਾਰਾਜਾ ਰਿਤਧਵੱਜ ਬਹੁਤ ਚਿੰਤਤ ਹੋਇਆ। ਉਸ ਨੇ ਆਪਣੀ ਮਹਾਰਾਣੀ ਸਤੀ ਮਦਾਲਸਾ ਨੂੰ ਕਿਹਾ ਕਿ ਅਗਰ ਇਸ ਤਰ੍ਹਾਂ ਹੀ ਰਿਹਾ ਤਾਂ ਰਾਜ-ਪਾਠ ਕੌਣ ਸੰਭਾਲੇਗਾ? ਪਰ ਇਸ ਵਾਰ ਸਤੀ ਮਦਾਲਸਾ ਨੇ ਆਪਣੇ ਬੱਚੇ ਨੂੰ ਗਰਭ ਵਿਚ ਹੀ ਰਾਜਨੀਤੀ ਦੀ ਸਿੱਖਿਆ ਦਿੱਤੀ ਤੇ ਕਿਹਾ, ''ਹੇ ਪੁੱਤਰ! ਤੂੰ ਰਾਜ ਕਰਨਾ, ਆਪਣੇ ਮਿੱਤਰਾਂ ਤੇ ਲੋਕਾਂ ਨੂੰ ਅਨੰਦਿਤ ਰੱਖਣਾ, ਸੱਜਣ-ਪੁਰਸ਼ਾਂ ਦੀ ਰੱਖਿਆ ਕਰਨਾ, ਯੱਗ ਕਰਨਾ, ਗਊ ਤੇ ਜਨ-ਜੀਵਨ ਦੀ ਰੱਖਿਆ ਲਈ ਅਗਰ ਯੁੱਧ ਵੀ ਕਰਨਾ ਪਵੇ ਤਾਂ ਆਪਣੀ ਜਾਨ ਤੱਕ ਕੁਰਬਾਨ ਕਰਨ ਤੋਂ ਵੀ ਨਹੀਂ ਝਿੱਜਕਣਾ।''

ਇਹ ਉਦਾਹਰਣ ਇਸ ਗੱਲ ਦੀ ਪ੍ਰਤੀਕ ਹੈ ਕਿ ਬੱਚਾ ਮਾਤਾ-ਪਿਤਾ ਦੇ ਸਰੀਰਕ ਅਤੇ ਮਾਨਸਿਕ ਸੱਚੇ ਵਿਚ ਢਲੇ ਤੇ ਸਮਾਜ ਤਥਾ ਸੰਸਕ੍ਰਿਤੀ ਦੁਆਰਾ ਸੰਸਕਾਰਿਤ ਹੋ ਕੇ ਸਫਲ ਮਨੁੱਖ ਬਣੇ। ਜਿਸ ਤਰ੍ਹਾਂ ਦਾ ਮਾਤਾ-ਪਿਤਾ ਹੋਣਗੇ ਉਸ ਤਰ੍ਹਾਂ ਦੀ ਹੀ ਉਹਨਾਂ ਦੀ ਸੰਤਾਨ ਹੋਵੇਗੀ।

ਸ੍ਰੀ ਰਾਮ ਚੰਦਰ ਜੀ ਜਦੋਂ ਬਨਵਾਸ ਗਏ ਸਨ, ਉਸ ਸਮੇਂ ਦੀ ਘਟਨਾ ਹੈ। ਸ੍ਰੀਰਾਮ ਜੀ ਨੇ ਲਛਮਣ ਤੋਂ ਪੁੱਛਿਆ- ''ਹੇ ਲਛਮਣ! ਸੁੰਦਰ ਫੁੱਲ, ਪੱਕੇ ਹੋਏ ਫੱਲ ਅਤੇ ਸੁੰਦਰ ਨਾਰੀ ਦੇਖ ਕੇ ਕਿਹੜੀ ਚੀਜ਼ ਹੈ, ਜਿਸ ਨੂੰ ਦੇਖ ਕੇ ਮਨ ਮਚਲ ਸਕਦਾ ਹੈ।'' ਇਸ ਤੇ ਲਛਮਣ ਨੇ ਉੱਤਰ ਦਿੱਤਾ- ''ਹੇ ਆਰੀਆ ਸਰੇਸ਼ਟ! ਜਿਸ ਦੇ ਪਿਤਾ ਦਾ ਆਚਰਣ ਖੁਦ ਪਵਿੱਤਰ ਰਿਹਾ ਹੋਵੇ, ਜਿਸ ਦੀ ਮਾਤਾ ਪਤੀਵਰਤਾ ਰਹੀ ਹੋਵੇ, ਉਹਨਾਂ ਦੇ ਪਵਿੱਤਰ ਵੀਰਜ ਤੋਂ ਪੈਦਾ ਹੋਈ ਸੰਤਾਨ ਦਾ ਮਨ ਕਦੀ ਮਚਲ ਨਹੀਂ ਸਕਦਾ।''

ਲਛਮਣ ਜੀ ਦਾ ਇਹ ਉਪਦੇਸ਼ ਹਰ ਮਾਤਾ-ਪਿਤਾ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦਾ ਹੈ ਕਿ ਅਗਰ ਤੁਹਾਨੂੰ ਵਧੀਆ ਸ੍ਰੇਸ਼ਟ ਸੰਤਾਨ ਚਾਹੀਦਾ ਹੈ ਤਾਂ ਉਸ ਨੂੰ ਢਾਲਣ ਲਈ ਮਨੁੱਖ ਨੂੰ ਆਪਣਾ ਚਰਿੱਤਰ ਇਕ ਸੱਚੇ ਦੀ ਤਰ੍ਹਾਂ ਬਣਾਉਣਾ ਪਵੇਗਾ।

ਇਨ੍ਹਾਂ ਚੰਗੇ ਸੰਸਕਾਰਾਂ ਦੀ ਨੀਂਹ ਰੱਖਣ ਵਾਲੀ, ਇਕ ਚੰਗੀ ਮਾਂ ਹੀ ਹੋ ਸਕਦੀ ਹੈ। ਉਹ ਜਿਸ ਤਰ੍ਹਾਂ ਦੇ ਸੰਕਲਪ ਅਤੇ ਵਿਚਾਰ ਬੱਚੇ ਵਿਚ ਪੈਦਾ ਕਰਦੀ ਹੈ, ਉਸੇ ਤਰ੍ਹਾਂ ਦੀ ਹੀ ਉਸ ਦੀ ਗ੍ਰਹਿਣਸ਼ੀਲਤਾ ਬਣ ਜਾਂਦੀ ਹੈ ਤੇ ਉਸੇ ਤਰ੍ਹਾਂ ਦੇ ਤੱਤ ਉਹ ਸੰਸਾਰ ਵਿਚ ਅਪਣਾ ਕੇ ਆਪਣਾ ਚਰਿੱਤਰ ਤੇ ਵਿਵਹਾਰਿਕਤਾ ਬਣਾ ਲੈਂਦਾ ਹੈ। ਇਕ ਚੰਗੇ ਸੰਸਕਾਰਾਂ ਵਾਲੀ ਮਾਤਾ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਚਰਿੱਤਰਵਾਨਤਾ ਦੀ ਸਿੱਖਿਆ ਦੇ ਕੇ ਚੰਗੇ ਚਰਿੱਤਰ ਦੀ ਨੀਂਹ ਰੱਖ ਦਿੰਦੀ ਹੈ।

ਇਕ ਚੰਗੀ ਸੰਤਾਨ ਦੇ ਰੂਪ ਵਿਚ ਉਸ ਜੀਵ-ਆਤਮਾ ਦਾ ਸੁਧਾਰ ਤੇ ਵਿਕਾਸ ਕਰਨਾ ਇਕ ਯੋਗ ਮਾਤਾ-ਪਿਤਾ ਜੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਪਿਤਾ ਆਪਣੀ ਪਤਨੀ ਦੇ ਗਰਭ ਧਾਰਨ ਵਿਚ ਸਿਰਫ ਸਹਿਯੋਗ ਕਰਦਾ ਹੈ, ਬਾਅਦ ਵਿਚ ਪਤਨੀ ਹੀ, ਉਸ ਗਰਭ ਰੂਪੀ ਫੱਲ ਨੂੰ ਪਕਾਉਣ ਦਾ ਕੰਮ ਕਰਦੀ ਹੈ। ਇਸ ਲਈ ਮਾਤਾ ਦੀ ਜ਼ਿੰਮੇਵਾਰੀ ਤੇ ਉਤਰ ਦਾਇਤਿਤਵਤਾ ਵਧੇਰੇ ਹੋ ਜਾਂਦੀ ਹੈ। ਬਿਨਾਂ ਉਚਿਤ ਗਿਆਨ ਤੇ ਸਥਿਤੀ ਦੀ ਜਾਣਕਾਰੀ ਰੱਖਦਿਆਂ, ਮਾਤਾ ਇਸ ਜ਼ਿੰਮੇਵਾਰੀ ਨੂੰ ਭਲੀ-ਭਾਂਤੀ ਨਿਭਾਅ ਸਕਦੀ ਹੈ, ਇਹ ਅਸੰਭਵ ਹੈ। ਜ਼ਿਆਦਾਤਰ ਮਾਤਾਵਾਂ ਨੂੰ ਇਹ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਕਿ ਸੰਤਾਨ ਕਾਮਵਾ-ਸਨਾ ਦਾ ਨਤੀਜਾ ਨਹੀਂ ਹੈ, ਕਾਮ ਤਾਂ ਇਕ ਪ੍ਰੇਰਕ ਤੱਤ ਹੈ, ਜੋ ਇਕ ਆਤਮਾ ਦੇ ਪ੍ਰਗਟ ਹੋਣ ਲਈ ਮਾਤਾ-ਪਿਤਾ ਨੂੰ ਪ੍ਰੇਰਿਤ ਕਰਦਾ ਹੈ।

ਗਰਭ ਅਵਸਥਾ ਵਿਚ ਬੱਚਾ ਆਪਣੀ ਮਾਤਾ ਦੇ ਪ੍ਰਗਟ ਆਚਰਨ ਤੋਂ ਹੀ ਪ੍ਰਭਾਵਿਤ ਨਹੀਂ ਹੁੰਦਾ, ਉਸ ਨਾਲ ਤਾਂ ਸਿਰਫ ਹਲਕਾ ਜਿਹਾ ਉਸ ਦੀ ਮਨੋ ਭੂਮੀ ਤੇ ਅਸਰ ਹੁੰਦਾ ਹੈ, ਜ਼ਿਆਦਾਤਰ ਪ੍ਰਭਾਵਿਤਾਂ ਮਾਨਸਿਕ ਭਾਵਨਾਵਾਂ ਤੇ ਵਿਚਾਰ ਧਾਰਾ ਦਾ ਹੀ ਹੁੰਦਾ ਹੈ।

2. ਬੱਚਿਆਂ ਦਾ ਸੰਸਕ੍ਰਿਤਕ ਵਿਕਾਸ:- ਗਲਤੀਆਂ, ਤਰੁੱਟੀਆਂ ਤੇ ਪਾਪਾਂ ਨਾਲ ਭਰੇ ਜੀਵਨ ਨੂੰ ਕਠੋਰ ਤਪੱਸਿਆ ਤੇ ਗਹਿਰੇ ਪਸਚਾਤਾਪ ਨਾਲ ਹੀ ਉਤਨਾ ਪਵਿੱਤਰ ਤੇ ਨਿਰਮਲ ਨਹੀਂ ਬਣਾਇਆ ਜਾ ਸਕਦਾ, ਜਿਤਨਾ ਆਰੰਭਕ ਜੀਵਨ ਦੇ ਚਰਿੱਤਰ ਨਿਰਮਾਣ ਨਾਲ ਹੀ ਮਨੁੱਖ ਦਾ ਜੀਵਨ ਸ਼ੁੱਧ ਤੇ ਨਿਰਮਲ ਹੁੰਦਾ ਹੈ।

ਮਨ ਅੰਦਰ ਜਦੋਂ ਵੀ ਭੈੜੇ ਸੰਸਕਾਰ ਅਨੁਕੂਲ ਸਥਿਤੀ ਪੈਦਾ ਕਰਦੇ ਹਨ ਤਾਂ ਉਸ ਸਮੇਂ ਦਿਮਾਗ ਵਿਚ ਇਕ ਕ੍ਰਾਂਤੀ ਪੈਦਾ ਹੁੰਦੀ ਹੈ, ਜਿਸ ਨਾਲ ਅੰਦਰੂਨੀ ਪਵਿੱਤਰਤਾ ਤੇ ਵਾਰ-ਵਾਰ ਭੈੜੇ ਵਿਕਾਰਾਂ ਦਾ ਉਤਾਰ-ਚੜ੍ਹਾਅ ਬਣਿਆ ਰਹਿੰਦਾ ਹੈ, ਇਸ ਸਥਿਤੀ ਵਿਚ ਸੁਭਾਵਿਕ ਨਿਰਮਲਤਾ ਆ ਹੀ ਨਹੀਂ ਸਕਦੀ। ਇਸ ਲਈ ਭਾਰਤੀ ਧਰਮਾਂ ਦੇ ਨਿਰਮਾਣਤਾਵਾਂ ਨੇ ਇਸ ਲਈ ਵਿਵਸਥਾ ਪਹਿਲਾਂ ਹੀ ਬਣਾ ਦਿੱਤੀ ਸੀ ਕਿ ਮਨੁੱਖਤਾ ਦੇ ਚਰਿੱਤਰ ਦਾ ਨਿਰਮਾਣ ਬਚਪਨ ਵਿਚ ਹੀ ਬਣਾ ਦਿੱਤਾ ਜਾਵੇ। ਉਮਰ ਦੇ ਵਧਣ ਨਾਲ ਚਰਿੱਤਰ ਵਿਚ ਉਤਰਾ-ਚੜ੍ਹਾਅ ਆਉਂਦੇ ਰਹਿੰਦੇ ਹਨ।

ਅਜਿਹੇ ਮਨੁੱਖ ਹੀ ਅੱਗੇ ਚੱਲ ਕੇ ਮਹਾਨ ਚਰਿੱਤਰਵਾਨ, ਵਿਦਵਾਨ ਤੇ ਮਨੋਸ਼ਕਤੀ ਦੇ ਸਰਬ-ਪੱਖੀ ਵਿਕਾਸ ਵਾਲੇ ਮਾਨਵ ਬਣਦੇ ਹਨ। ਜਦੋਂ ਤੱਕ ਅਜਿਹੀ ਪ੍ਰੰਪਰਾ ਦੇਸ਼ ਵਿਚ ਚਲਦੀ ਰਹੀ, ਉਦੋਂ ਤੱਕ ਇੱਥੇ ਸੁੱਖ-ਸ਼ਾਂਤੀ ਤੇ ਵਧੀਆ ਇਨਸਾਨੀਅਤ ਦੀ ਕਮੀ ਨਹੀਂ ਆਈ।

ਬੱਚਿਆਂ ਵਿਚ ਜਿਸ ਗਤੀ ਨਾਲ ਅੱਜ ਨੈਤਿਕ ਅਪਰਾਧ ਵੱਧ ਰਹੇ ਹਨ, ਉਹਨਾਂ ਦੇ ਹਿਸਾਬ ਨਾਲ ਅੱਜ ਦੇ ਸਮਾਜਿਕ ਸੁਧਾਰਕ ਚਿੰਤਕਾਂ ਵਿਚ ਚਿੰਤਾ ਦਾ ਵਧਣਾ ਇਕ ਸੁਭਾਵਿਕ ਗੱਲ ਹੈ। ਜਦੋਂ ਇਨਸਾਨ ਦੇ ਸੁਭਾਅ ਵਿਚ ਔਗੁਣ ਇਕ ਉੱਚੀ ਸੀਮਾ ਤੱਕ ਵੱਧ ਜਾਂਦੇ ਹਨ, ਅਗਰ ਉਹਨਾਂ ਨੂੰ ਸੁਧਾਰਨ ਲਈ ਕੋਈ ਠੋਸ ਪ੍ਰੋਗਰਾਮ ਵੀ ਬਣਾਇਆ ਜਾਂਦਾ ਹੈ ਤੇ ਉਸ ਵਿਚ ਸੁਧਾਰ ਲਈ ਪੂਰੀ ਸ਼ਕਤੀ ਵੀ ਲਗਾ ਦਿੱਤੀ ਜਾਂਦੀ ਹੈ ਤਾਂ ਉਸ ਦੇ ਸਿੱਟੇ ਇੱਛਾ ਮੁਤਾਬਕ ਨਹੀਂ ਨਿਕਲਦੇ ਤੇ ਸਾਡੇ ਹੱਥ ਅਸਫਲਤਾ ਹੀ ਆਉਂਦੀ ਹੈ।

ਜ਼ਿਆਦਾਤਰ ਮਾਤਾ-ਪਿਤਾ ਨੂੰ ਇਸ ਵਿਸ਼ੇ ਬਾਰੇ ਗਿਆਨ ਹੀ ਨਹੀਂ ਹੁੰਦਾ ਕਿ ਉਹ ਬੱਚਿਆਂ ਦੇ ਚਰਿੱਤਰ ਦਾ ਨਿਰਮਾਣ ਕਿਸ ਤਰੀਕੇ ਨਾਲ ਕਰਨ? ਇਸ ਲਈ ਬੱਚੇ ਜ਼ਿਆਦਾਤਰ ਆਪਣੀ ਇੱਛਾ ਅਨੁਸਾਰ ਹੀ ਔਗੁਣਾਂ ਨਾਲ ਭਰੇ ਸਮਾਜ ਦੇ ਔਗੁਣ ਹੀ ਗ੍ਰਹਿਣ ਕਰ ਲੈਂਦੇ ਹਨ, ਕਿਉਂਕਿ ਇਹ ਸਭ ਕੁਝ ਉਹਨਾਂ ਦੇ ਵਾਤਾਵਰਣ ਵਿਚ ਬੜੀ ਆਸਾਨੀ ਨਾਲ ਮਿਲ ਜਾਂਦਾ ਹੈ। ਬੱਚਿਆਂ ਦਾ ਨਿਰਮਾਣ ਗਰਭ ਅਵਸਥਾ ਵਿਚ ਪ੍ਰਵੇਸ਼ ਕਰਦਿਆਂ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਜ਼ਰੂਰਤ ਨੂੰ ਮੁੱਖ ਰੱਖਦਿਆਂ ਹੀ ਭਾਰਤੀ ਅਚਾਰੀਆਵਾਂ ਨੇ 'ਸੰਸਕਾਰ-ਪੱਦਤੀ' ਚਲਾਈ ਸੀ। ਇਸ ਦੇ ਨਾਲ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਵਿਚ ਕੋਈ ਕਠਿਨਾਈ ਪੈਦਾ ਨਹੀਂ ਹੁੰਦੀ ਸੀ।

ਦਾਰਸ਼ਨਿਕ ਸੁਕਰਾਤ ਦੇ ਕੋਲ ਇਕ ਇਸਤਰੀ ਆਈ। ਉਸ ਨੇ ਪੁੱਛਿਆ- ''ਗੁਰੂਦੇਵ! ਮੈਂ ਆਪਣੇ ਬੱਚੇ ਦੀ ਸਿੱਖਿਆ ਕਦੋਂ ਤੋਂ ਸ਼ੁਰੂ ਕਰਾਂ?''

''ਬੱਚੇ ਦੀ ਉਮਰ ਕਿਤਨੀ ਹੈ?'' ਸੁਕਰਾਤ ਨੇ ਪੁੱਛਿਆ।

''ਚਾਰ ਸਾਲ।'' ਇਸਤਰੀ ਨੇ ਬੜੀ ਸਰਲਤਾ ਨਾਲ ਉਤਰ ਦਿੱਤਾ।

ਇਸ ਲਈ ਹੁਣ ਤੂੰ ਚਾਰ ਸਾਲ ਨੌਂ ਮਹੀਨੇ ਬੱਚੇ ਨੂੰ ਸਿੱਖਿਆ ਦੇਣ ਤੋਂ ਪਿੱਛੇ ਰਹਿ ਗਈ ਹੈ। ਸੁਕਰਾਤ ਨੇ ਉਸ ਦਾ ਹੱਲ ਦੱਸ ਦਿੱਤਾ। ਮਾਤਾ ਦੇ ਗਰਭ ਧਾਰਨ ਤੋਂ ਹੀ ਬੱਚੇ ਦੇ ਸੰਸਕਾਰ ਬਣਨੇ ਆਰੰਭ ਹੋ ਜਾਂਦੇ ਹਨ। ਸਾਡੀ ਸੰਸਕ੍ਰਿਤੀ ਵਿਚ ਵੀ ਇਹੀ ਪੱਦਤੀ ਕਰਮਕ ਅਤੇ ਵਿਗਿਆਨਕ ਮੰਨੀ ਜਾਂਦੀ ਸੀ। ਇਹੀ ਕਾਰਨ ਹੈ ਕਿ ਘਰ-ਘਰ ਵਿਚ ਧਰੂ, ਪਰਿਲਾਦ, ਭਰਤ ਤੇ ਅਭਿਮਨਿਊ ਵਰਗੇ ਪ੍ਰਤਿਭਾਸ਼ਾਲੀ ਬੱਚੇ ਜਨਮ ਲਿਆ ਕਰਦੇ ਸੀ। ਅੱਜ ਫਿਰ ਉਸ ਤਰ੍ਹਾਂ ਦੀ ਸੰਸਕ੍ਰਿਤੀ ਤੇ ਪਰਵਿਰਤੀ ਨੂੰ ਜਾਗਰਿਤ ਕਰਨ ਦੀ ਲੋੜ ਹੈ।

ਬੱਚਿਆਂ ਨੂੰ ਸੰਸਕਾਰੀ ਬਣਾਉਣ ਦਾ ਅਭਿਆਸ ਉਹਨਾਂ ਦੇ ਗਰਭ ਵਿਚ ਆਉਣ ਤੋਂ ਹੀ ਆਰੰਭ ਕਰ ਦੇਣਾ ਚਾਹੀਦਾ ਹੈ। ਮਾਤਾ-ਪਿਤਾ ਦੀ ਮਨੋਦਸ਼ਾ ਦਾ ਬੱਚਿਆਂ ਤੇ ਪ੍ਰਭਾਵ ਪੈਂਦਾ ਹੈ। ਮਾਤਾ ਦੇ ਸਰੀਰ ਵਿਚੋਂ ਖੂਨ ਅਤੇ ਰਸ ਲੈ ਕੇ ਬੱਚੇ ਦਾ ਸਰੀਰ ਬਣਦਾ ਹੈ।

ਮਾਤਾ-ਪਿਤਾ ਦੇ ਰਹਿਣ-ਸਹਿਣ ਦਾ ਸੂਖਮ ਪ੍ਰਭਾਵ ਉਸ ਦੀ ਆਤਮਾ ਤੇ ਪੈਂਦਾ ਹੈ। ਉਹਨਾਂ ਨੂੰ ਆਪਣਾ ਰਹਿਣ-ਸਹਿਣ, ਖਾਣ-ਪੀਣ ਤੇ ਵਿਵਹਾਰ ਬੱਚੇ ਦੇ ਗਰਭ ਵਿਚ ਆਉਣ ਤੋਂ ਹੀ ਠੀਕ ਕਰ ਲੈਣਾ ਚਾਹੀਦਾ ਹੈ। ਜਿਹੜੀਆਂ ਮਾਤਾਵਾਂ ਮਿਰਚ-ਮਸਾਲੇ, ਖਟਿਆਈ, ਕੌੜੇ-ਕਸੈਲੇ ਤੇ ਬਾਸੀ ਭੋਜਨ ਖਾਂਦੀਆਂ ਹਨ, ਉਹਨਾਂ ਦੇ ਬੱਚੇ ਜ਼ਿਆਦਾਤਰ ਕ੍ਰੋਧੀ, ਦੁਸ਼ਟ ਤੇ ਜ਼ਾਲਮ ਸੁਭਾਅ ਦੇ ਧਾਰਨੀ ਬਣਦੇ ਹਨ। ਕੱਪੜੇ, ਗਹਿਣੇ, ਬੋਲੀ ਤੇ ਭਾਸ਼ਾ ਆਦਿ ਦਾ ਵੀ ਗਰਭਧਾਰੀ ਔਰਤ ਦੇ ਬੱਚੇ ਤੇ ਪ੍ਰਭਾਵ ਪੈਂਦਾ ਹੈ। ਅਗਰ ਪਤੀ-ਪਤਨੀ ਵਿਚ ਪ੍ਰੇਮ-ਭਾਵਨਾ ਤੇ ਸਦਾਚਾਰਿਕਤਾ ਨਾ ਹੋਵੇ ਤਾਂ ਵੀ ਬੱਚੇ ਦੁਰਾਚਾਰੀ, ਅਵੱਗਿਅਤ ਤੇ ਚਿੜਚਿੜੇ ਸੁਭਾਅ ਦੇ ਹੁੰਦੇ ਹਨ। ਇਹਨਾਂ ਸਾਰੀਆਂ ਚੀਜ਼ਾਂ ਦਾ ਮਾਤਾ-ਪਿਤਾ ਨੂੰ ਪੂਰਨ ਗਿਆਨ ਹੋਣਾ ਜ਼ਰੂਰੀ ਹੈ।

ਜਨਮ ਲੈਣ ਤੋਂ ਬਾਅਦ ਬੱਚਾ ਬਾਲਗ ਹੋਣ ਤੱਕ ਮਾਤਾ-ਪਿਤਾ ਦੀ ਸੁਰੱਖਿਆ ਵਿਚ ਹੀ ਰਹਿੰਦਾ ਹੈ। ਇਸ ਸਮੇਂ ਬੱਚਾ ਮਾਤਾ-ਪਿਤਾ ਦੀ ਹਰ ਗੱਲ ਨੂੰ ਤੇ ਕਰਮ ਨੂੰ ਬੜੀ ਗਹੁ ਨਾਲ ਦੇਖਦਾ ਤੇ ਸਮਝਦਾ ਹੈ। ਇਸ ਲਈ ਮਾਤਾ-ਪਿਤਾ ਲਈ ਇਹ ਸਮਾਂ ਬੜੀ ਸਮਝਦਾਰੀ ਦਾ ਤੇ ਜ਼ਿੰਮੇਵਾਰੀ ਦਾ ਬਣ ਜਾਂਦਾ ਹੈ। ਇਸ ਅਵਸਥਾ ਵਿਚ ਬੱਚੇ ਨੂੰ ਡਰਾਉਣਾ, ਗੰਦਾ ਰੱਖਣਾ, ਉਸ ਨੂੰ ਨੀਂਦ ਆਦਿ ਲਈ ਨਸ਼ੀਲੀਆਂ ਚੀਜ਼ਾਂ ਖੁਆਉਣਾ, ਬਹੁਤ ਹੀ ਨੁਕਸਾਨਦਾਇਕ ਸਾਬਤ ਹੁੰਦਾ ਹੈ। ਕਾਮ, ਕ੍ਰੋਧ ਤੇ ਹੋਰ ਮਾਤਾ-ਪਿਤਾ ਦੀਆਂ ਬੁਰੀਆਂ ਆਦਤਾਂ ਦਾ ਬੱਚੇ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ, ਜਿਹਨਾਂ ਮਾਤਾ-ਪਿਤਾ ਵਿਚ ਆਪਸੀ ਪ੍ਰੇਮ-ਭਾਵਨਾ ਤੇ ਮਿੱਤਰਤਾ ਦੀ ਭਾਵਨਾ ਨਹੀਂ ਹੁੰਦੀ, ਉਹਨਾਂ ਦੇ ਬੱਚੇ ਪ੍ਰੇਮ-ਭਾਵਨਾ ਤੇ ਮਿੱਤਰਤਾ ਆਦਿ ਦੇ ਚੰਗੇ ਗੁਣਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਕੋਈ ਅਜਿਹੀ ਗੱਲ ਤਾਂ ਨਹੀਂ ਕਰ ਰਹੇ ਜਿਸ ਦਾ ਉਹਨਾਂ ਦੇ ਬੱਚਿਆਂ ਤੇ ਬੁਰਾ ਪ੍ਰਭਾਵ ਪੈਂਦਾ ਹੋਵੇ।

ਪੰਜ ਸਾਲ ਦੀ ਉਮਰ ਹੋ ਜਾਣ ਤੱਕ ਬੱਚੇ ਦਾ ਗਿਆਨ ਘੇਰਾ ਵਧਣ ਲੱਗਦਾ ਹੈ। ਇੱਥੋਂ ਤੱਕ ਪਹੁੰਚਣ ਤੱਕ ਜਿਹਨਾਂ ਚੀਜ਼ਾਂ ਨੂੰ ਖੇਡ ਦੀ ਵਸਤੂ ਜਾਂ ਤੋੜ-ਫੋੜ ਦੀ ਵਸਤੂ ਸਮਝਦਾ ਸੀ, ਹੁਣ ਇਹਨਾਂ ਵਸਤੂਆਂ ਪ੍ਰਤੀ ਉਸ ਦੀ ਜਗਿਆਸਾ ਭਾਵਨਾ ਵਧਣ ਲੱਗਦੀ ਹੈ। ਇਸ ਉਮਰ ਵਿਚ ਬੱਚੇ ਨੂੰ ਚਿੱਤਰ, ਕਥਾ-ਕਹਾਣੀਆਂ ਬਹੁਤ ਪਸੰਦ ਆਉਂਦੀਆਂ ਹਨ। ਲੋਰੀਆਂ ਤੇ ਸੰਗੀਤ ਪ੍ਰਤੀ ਉਸਦੀ ਰੁਚੀ ਜਾਗਰਿਤ ਹੁੰਦੀ ਹੈ।

ਇਹਨਾਂ ਲਈ ਉਹ ਕਦੀ-ਕਦੀ ਜ਼ਿੱਦ ਵੀ ਕਰਦਾ ਹੈ। ਇਸ ਉਮਰ ਵਿਚ ਬੱਚੇ ਨੂੰ ਬਹੁਤ ਸੁੰਦਰ-ਸੁੰਦਰ ਤਸਵੀਰਾਂ, ਜਿਹਨਾਂ ਵਿਚ ਮਹਾਂਪੁਰਸ਼ਾਂ ਦੇ ਚਿੱਤਰ, ਕੁਦਰਤੀ ਨਜ਼ਾਰਿਆਂ ਦੇ ਚਿੱਤਰ ਆਦਿ ਦਿਖਾਉਣੇ ਚਾਹੀਦੇ ਹਨ।

ਕਲਾਤਮਕ ਚੀਜ਼ਾਂ ਨਾਲ ਆਪਣੇ ਘਰ ਨੂੰ ਸਜਾਉਣਾ ਚਾਹੀਦਾ ਹੈ ਤੇ ਇਸ ਪ੍ਰਤੀ ਉਹਨਾਂ ਵਿਚ ਰੁਚੀ ਪੈਦਾ ਕਰਨੀ ਚਾਹੀਦੀ ਹੈ। ਮਹਾਂ-ਪੁਰਸ਼ਾਂ ਦੀਆਂ ਜੀਵਨੀਆਂ ਬੜੇ ਸਰਲ ਤਰੀਕੇ ਨਾਲ ਸੁਣਾਉਣੀਆਂ ਚਾਹੀਦੀਆਂ ਹਨ।

ਲੋਰੀਆਂ ਤੇ ਸ਼ਾਂਤਮਈ ਸੰਗੀਤ ਨਾਲ ਬੱਚੇ ਦਾ ਮਨੋਰੰਜਨ ਵੀ ਹੁੰਦਾ ਹੈ ਤੇ ਉਸ ਦੇ ਮਨੋਜਗਤ ਵਿਚ ਚੰਗੇ ਸੰਸਕਾਰਾਂ ਦਾ ਜਨਮ ਵੀ ਹੋਣਾ ਸ਼ੁਰੂ ਹੁੰਦਾ ਹੈ। ਇਸ ਅਵਸਥਾ ਵਿਚ ਮਾਤਾ-ਪਿਤਾ ਬੱਚੇ ਨੂੰ ਕਿਸੇ ਵੀ ਦਿਸ਼ਾ ਵਿਚ ਲਿਜਾ ਸਕਦੇ ਹਨ।

# ਚੀਨਾ, ਛੀਨਾ ਅਤੇ ਚੀਮਾ






## ਚੀਨਾ ਭਾਵ ਛੀਨਾ 2,000 ਸਾਲ ਪਹਿਲਾਂ ਚੀਨ ਤੋਂ ਆ ਕੇ ਪੰਜਾਬੀਆਂ ਵਿੱਚ ਖ਼ਪਤ ਹੋਏ ਲੋਕਾਂ ਦੀ ਕਹਾਣੀ


ਹਰਬੰਸ ਵਿਰਦੀ, ਲੰਡਨ

ਛੀਨਾ ਅਤੇ ਚੀਮਾ ਮਤਲਵ ਚੀਨਾ। ਅੰਮ੍ਰਿਤਸਰ ਵਿੱਚ ਮੌਜੂਦ ਚੀਨਿਆਂ ਦਾ ਥੇਹ ਜਾਂ 50 ਫੁੱਟ ਉੱਚਾ ਟਿੱਲਾ ਹਜ਼ਾਰਾਂ ਸਾਲਾਂ ਤੋਂ ਇੱਕ ਕਹਾਣੀ ਦੱਸਣ ਲਈ ਖੜ੍ਹਾ ਹੈ, ਪਰ ਬਹੁਤ ਘੱਟ ਪਹੁੰਚੇ ਹਨ ਇਸ ਨੂੰ ਪੜ੍ਹਨ ਲਈ ਕਿਉਂਕਿ ਪੰਜਾਬੀ ਠਹਿਰੇ ਮਸਤ-ਮੌਲੇ ਇਹ ਨਾ ਜਾਨਣ ਇਤਹਾਸ ਦੀਆਂ ਤਬਾਰੀਖੀਆਂ, ਬਰੀਕੀਆਂ। ਅਜਨਾਲੇ ਵਾਲੀ ਸੜਕ ਨੇੜੇ ਮੌਜੂਦ ਛੀਨਾ ਥੇਹ ਰਾਜਾ ਸਾਂਸੀ ਹਵਾਈ ਅੱਡੇ ਤੋਂ ਸਿਰਫ ਤਿੰਨ ਕਿਲੋਮੀਟਰ, ਅੰਮ੍ਰਿਤਸਰ ਤੋਂ 11 ਕਿਲੋਮੀਟਰ ਅਤੇ ਲਾਹੌਰ ਤੋਂ 50 ਕਿਲੋਮੀਟਰ ਹੈ । ਇਹ ਥੇਹ ਹਜ਼ਾਰ ਕੁ ਸਾਲ ਪਹਿਲਾਂ ਇੱਕ ਘੁੱਗ ਵਸਦਾ ਸ਼ਹਿਰ ਸੀ, ਜਿਸਦਾ ਘੇਰਾ ਕੋਈ 3-4 ਕਿਲੋਮੀਟਰ ਸੀ ਅਤੇ ਚੁਫੇਰੇ ਡੂੰਘੀ ਨਹਿਰ। ਇਸ ਸ਼ਹਿਰ ਦਾ ਨਾਂਅ ਸੀ ਛੀਨਾ ਪੱਟੀ, ਇਤਨਾ ਹੀ ਨਹੀਂ ਇਹ ਛੀਨਾ ਪੱਟੀ ਦੇਸ਼ ਦੀ ਰਾਜਧਾਨੀ ਸੀ ਜੋ ਰਾਵੀ ਅਤੇ ਸਤਲੁਜ ਵਿਚਕਾਰ ਸੀ। ਇਹ ਰਿਆਸਤ ਕੋਈ 1,000 ਕੁ ਸਾਲ ਸੁਰੱਖਿਅਤ ਰਹੀ ਹੋਵੇਗੀ, ਘੱਟੋ-ਘੱਟ 700 ਸਾਲ ਦੇ ਸਬੂਤ ਤਾਂ ਮਿਲਦੇ ਹਨ, ਇਹ ਸਚਾਈ ਹੈ, ਇਤਹਾਸ ਹੈ ਕੋਈ ਪਰੀਆਂ ਦੀ ਕਹਾਣੀ ਨਹੀਂ ਇਸਦੇ ਠੋਸ ਸਬੂਤ ਮਿਲਦੇ ਹਨ। ਪੜ੍ਹ ਕੇ ਹੈਰਾਨ ਹੋਵੋਗੇ ਕਿ ਹਜ਼ਾਰ ਸਾਲ ਪਹਿਲਾਂ ਭਾਰਤੀ ਉੱਪ ਮਹਾ ਦੀਪ ਦੇ ਲੋਕਾਂ ਦੇ ਚੀਨ ਨਾਲ ਬੜੇ ਗਹਿਰੇ ਸੰਬੰਧ ਸਨ, ਆਪਸ ਵਿੱਚ ਆਵਾਜਾਈ ਰਹਿੰਦੀ ਸੀ। ਭਗਵਾਨ ਬੁੱਧ ਭਾਰਤ ਵਿੱਚ ਪੈਦਾ ਹੋਏ, ਦੋ ਹਜ਼ਾਰ ਸਾਲ ਪਹਿਲਾਂ ਸਾਰਾ ਚੀਨ ਬੋਧੀ ਬਣ ਚੁੱਕਾ ਸੀ, ਇਸ ਕਰਕੇ ਚੀਨ ਦੇ ਵਾਸੀਆਂ ਲਈ ਭਾਰਤ ਦੇ ਲੋਕਾਂਦੇ ਦਿਲਾਂ ਵਿੱਚ ਚੀਨਿਆਂ ਲਈ ਬੜਾ ਆਦਰ ਸਤਿਕਾਰ ਸੀ ਅਕਸਰ ਬੋਧੀ ਭਿੱਖੂ ਚੀਨ ਤੋਂ ਭਾਰਤ ਆਇਆ ਕਰਦੇ ਸਨ। ਪੰਜਵੀ ਸਦੀ ਵਿੱਚ ਫਾ ਹਾਯਾਨ ਭਾਰਤ ਆਇਆ ਜਿਸਦੀ ਲਿਖਤ ਮੌਜੂਦ ਹੈ, ਛੇ ਵੀਂ ਸਦੀ ਵਿੱਚ ਇੱਥੇ ਸੂੰਘ ਯਾਨ ਆਇਆ ਜਿਸਨੇ ਲਿਖਿਆ ਹੈ ਕਿ ਭਾਰਤੀ ਰਾਜਿਆਂ ਨੇ ਚੀਨ ਦੇ ਰਾਜਾਂ ਵਿੱਚ ਆਪਣੇ ਰਾਜਦੂਤ ਭੇਜੇ ਹੋਏ ਸਨ ਅਤੇ ਇਸ ਹੀ ਤਰ੍ਹਾਂ ਚੀਨ ਦੇ ਰਾਜਿਆਂ ਨੇ ਭਾਰਤ ਵਿੱਚ। ਸੱਤਵੀਂ ਸਦੀ ਵਿੱਚ ਹਿਊਨ ਸਾਂਗ ਨੇ ਨਾਲੰਦਾ ਵਿੱਚ ਕਈ ਸਾਲ ਪੜ੍ਹਈ ਕਰਕੇ "ਮਾਸਟਰ ਔਫ ਲੌਅ" ਦੀ ਡਿਗਰੀ ਹਾਸਲ ਕੀਤੀ ਅਤੇ ਬਾਦ ਵਿੱਚ ਇੱਥੇ ਹੀ ਵਾਇਸ ਪਰਿੰਸੀਪਲ ਵੀ ਰਿਹਾ। ਹਿਊਨ ਸਾਂਗ ਨੇ ਲਿਖਿਆ ਹੈ ਕਿ ਭਾਰਤ ਦੇ ਸਮਰਾਟ ਕਨਸ਼ਕ ਦੇ ਸਮੇਂ ਚੀਨ ਦੀ ਪ੍ਰਸਿੱਧ ਪੀਲੀ ਨਦੀ ਦੇ ਪੱਛਮੀ ਲਹਿੰਦੇ ਇਲਾਕੇ ਦੇ ਕਈ ਰਾਜਿਆਂ ਨੇ ਸਮਰਾਟ ਕਨਸ਼ਕ ਦੀ ਅਧੀਨਗੀ ਕਬੂਲ ਕਰ ਲਈ ਸੀ ਅਤੇ ਜ਼ਮਾਨਤ ਜਾਂ ਗਰੰਟੀ ਲਈ ਆਪਣੇ ਸਕੇ-ਸੰਬੰਧੀ ਅਤੇ ਰਿਸ਼ਤੇਦਾਰ ਸਮਰਾਟ ਕਨਸ਼ਕ ਕੋਲ ਛੱਡੇ ਹੋਏ ਸਨ। ਸਮਰਾਟ ਕਨਸ਼ਕ ਨੇ ਇਨ੍ਹਾਂ ਨੂੰ ਪੂਰਾ ਆਦਰ ਸਤਿਕਾਰ ਦਿੱਤਾ ਹੋਇਆ ਸੀ ਅਤੇ ਇਸ ਸ਼ਹਿਰ ਵਿੱਚ ਉਨ੍ਹਾਂ ਰਾਜਦੂਤ ਚੀਨਿਆਂ ਦੀ ਹਕੂਮਤ ਅਤੇ ਸਹੂਲਤਾਂ ਹੋਣ ਕਰਕੇ ਇਸਨੂੰ ਚੀਨਾ ਪੱਟੀ ਕਿਹਾ ਜਾਂਦਾ ਸੀ। ਹਿਊਨ ਸਾਂਗ ਲਿਖਦਾ ਹੈ ਕਿ ਜਦੋਂ ਮੈਂ ਚੀਨਾ ਪੱਟੀ ਆਇਆ ਤਾਂ ਚੀਨਿਆਂ ਨੇ ਮੇਰੇ ਪ੍ਰਤੀ ਪੂਰਾ ਮਾਣ-ਸਨਮਾਨ ਦਿਖਾਇਆ ਕਿ ਦੇਖੋ ਇਹ ਸਾਡੇ ਦੇਸ਼ ਤੋਂ ਆਇਆ ਹੈ ਅੱਗੇ ਹਿਊਨ ਸਾਂਗ ਲਿਖਦਾ ਹੈ ਕਿ ਚੀਨਿਆਂ ਨੇ ਹੀ ਇਸ ਇਲਾਕੇ ਵਿੱਚ ਪਹਿਲੀ ਵਾਰ ਆੜੂ ਅਤੇ ਨਾਸ਼ਪਾਤੀ ਉਗਾਈ ਸੀ ਇਨ੍ਹਾਂ ਦੋਨਾਂ ਫਲਾਂ ਨੂੰ ਉਨ੍ਹਾਂ ਦਿਨਾਂ ਵਿੱਚ ਚੀਨੀ ਫਲ ਹੀ ਕਹਿੰਦੇ ਸਨ, ਇੱਥੋਂ ਦੇ ਲੋਕ ਚੀਨਿਆਂ ਦਾ ਬਹੁਤ ਸਤਿਕਾਰ ਕਰਦੇ ਹਨ। ਸਬੱਬ ਨਾਲ ਜਾਂ ਸ਼ੁਭ ਸ਼ਗਨ ਕਹਿ ਲਵੋ ਅੱਜ ਵੀ ਇਸ ਇਲਾਕੇ ਵਿੱਚ ਜਾਵੋ ਤਾਂ ਆਪਨੂੰ ਨਾਸ਼ਪਾਤੀਆਂ ਦੇ ਬਾਗ਼ ਮਿਲਣਗੇ। ਅੱਜ ਕੱਲ ਨਾਸ਼ਪਾਤੀਆਂ ਦੇ ਬਾਗ਼ ਤਾਂ ਕਸ਼ਮੀਰ ਵਿੱਚ ਵੀ ਹਨ। ਬੜੀ ਹੈਰਾਨੀ ਹੋਈ ਦੇਖਕੇ ਕਿ ਥਾਂ ਥਾਂ ਉੱਤੇ ਕੰਵਲ ਦੇ ਫੁੱਲਾਂ ਦੀ ਪੈਦਾਵਾਰ ਵੀ ਕੀਤੀ ਜਾ ਰਹੀ ਹੈ, ਉਹ ਫੁੱਲ ਜੋ ਬੋਧੀਆਂ ਲਈ ਬਹੁਤ ਹੀ ਪਵਿੱਤਰ ਫੁੱਲ ਹੈ ਵੈਸੇ ਤਾਂ ਪੰਜਾਬ ਵਿੱਚ ਕੰਵਲ ਦੀ ਪੈਦਾਵਾਰ ਬਹੁਤ ਹੀ ਘੱਟ ਕੀਤੀ ਜਾਂਦੀ ਹੈ। ਜਸਤਰਵਾਲ ਵਿਖੇ ਕੋਈ ਇੱਕ ਹਜ਼ਾਰ ਏਕੜ ਜ਼ਮੀਨ ਸ਼ੰਭ ਸੀ ਜਿਸ ਕਰਕੇ ਇੱਥੇ ਭੇਂਅ, ਕੰਵਲ ਦੀ ਪੈਦਾਵਾਰ ਹੋਂਦ ਵਿੱਚ ਆਈ। ਭੇਂਅ (ਕੰਵਲ ਦਾ ਪਾਣੀ ਵਿੱਚ ਹੇਠਲਾ ਹਿੱਸਾ) ਨੂੰ ਪਾਣੀ ਵਿੱਚ ਧੋ ਰਹੇ ਮਜ਼ਦੂਰਾਂ ਨੇ ਦੱਸਿਆ ਕਿ ਇਹ ਇੱਕ ਔਖਾ ਕੰਮ ਹੈ ਪਰ ਮਜ਼ਦੂਰੀ ਬਹੁਤ ਘੱਟ ਹੈ, ਇਸ ਭੇਂਅ ਦੀ ਲੋਕ ਸਬਜ਼ੀ ਬਣਾ ਕੇ ਖਾਂਦੇ ਹਨ ।ਸ਼ੰਬ ਵਿੱਚ ਜਦੋਂ ਸੇਂਅ ਪੈਂਦੀ ਸੀ ਤਾਂ ਪਾਣੀ ਸੱਕੀ ਨਾਲ੍ਹੇ ਵਿੱਚ ਜਾਂਦਾ ਸੀ ਅਤੇ ਫਿਰ ਸੱਕੀ ਨਾਲ੍ਹੇ ਦਾ ਪਾਣੀ ਰਾਵੀ ਦਰਿਆ ਵਿੱਚ ਪੈ ਜਾਂਦਾ ਸੀ।

ਸਮਰਾਟ ਕਨਸ਼ਕ ਨੇ ਚੀਨਿਆਂ ਨੂੰ ਤਿੰਨ ਵੱਖਰੇ ਅਸਥਾਨ ਅਲਾਟ ਕੀਤੇ ਹੋਏ ਸਨ ਤਾਂ ਹੀ ਚੀਨਿਆਂ ਦੇ ਤਿੰਨ ਵੱਖਰੇ ਨਾਂਅ ਮਿਲਦੇ ਹਨ ਕਿਤੇ ਉਨ੍ਹਾਂ ਦਾ ਨਾਂਅ ਛੀਨੇ ਪਿਆ, ਕਿਤੇ ਚੀਮੇ ਅਤੇ ਕਿਤੇ ਤੁੰਗ ਅਖਵਾਏ। ਚੀਨ ਦੇ ਨਿਵਾਸੀਆਂ ਨੂੰ ਅਸੀਂ ਚੀਨੀ ਕਹਿੰਦੇ ਹਾਂ ਪਰ ਜਦੋਂ ਕੋਈ ਚੀਨਾ ਆਪਣੀ ਵਾਕਫੀਅਤ ਕਰਾਉਂਦਾ ਹੈ ਤਾਂ ਉਹ ਆਪਣੇ ਵਾਰੇ ਕਹਿੰਦਾ ਹੈ ਕਿ ਮੈਂ ਚੀਨਾ ਹਾਂ। ਪੰਜਾਬੀ ਲੋਕ ਅਕਸਰ ਹੀ ਨਾਂਅ ਵਿਗਾੜਕੇ ਆਪਣੇ ਹੀ ਲਹਿਜੇ ਵਿੱਚ ਢਾਲ੍ਹ ਲੈਂਦੇ ਹਨ ਜਿਵੇਂ ਐਲਗਜੈਂਡਾ ਨੂੰ ਸਿਕੰਦਰ,ਅਤੇ ਮਨਿੰਦਰ ਨੂੰ ਮਲਿੰਦ ਆਦਿ। ਚੀਨਾ ਕਹਿਣ ਨਾਲੋਂ ਪੰਜਾਬੀਆਂ ਨੇ ਉਨ੍ਹਾਂ ਨੂੰ ਛੀਨਾ ਕਹਿਣਾ ਵਧੇਰੇ ਪਸੰਦ ਕੀਤਾ ਫਿਰ ਕੁਝ ਹੀ ਸਦੀਆਂ ਬਾਦ ਛੀਨੇ ਚੀਨਿਆਂ ਤੋਂ ਵੱਖਰੇ ਹੀ ਦਿਸਣ ਲੱਗ ਪਏ ਸੀ ਚੀਨੇ ਦਾ ਛੀਨਾ ਜਾਂ ਚੀਮਾ ਇਸ ਕਰਕੇ ਜਰੂਰੀ ਵੀ ਹੋ ਗਿਆ ਸੀ। ਕਈ ਇਤਹਾਸਕਾਰਾਂ ਨੇ ਹਿਊਨ ਸਾਂਗ ਦੀ ਪੱਟੀ ਦੀ ਪਛਾਣ ਤਰਨ ਤਾਰਨ ਦੇ ਪ੍ਰਸਿੱਧ ਇਹਾਸਕ ਕਬਜੇ ਪੱਟੀ ਨਾਲ ਕੀਤੀ ਹੈ। ਬਹੁਤ ਸਾਰੇ ਲੋਕ ਵੀ ਪਹਿਲਾਂ ਪੱਟੀ ਨੂੰ ਹੀ ਚੀਨਾ ਪੱਟੀ ਮੰਨਦੇ ਸਨ ਪਰ ਹਿਊਨ ਸਾਂਗ ਨੇ ਦੱਸਿਆ ਹੈ ਕਿ ਚੀਨਾ ਪੱਟੀ ਪਾਕਿਸਤਾਨ ਦੇ ਸਾਕਲ, ਸਾਕਲਾ ਜਾਂ ਸਾਂਗਲਾ ਪਹਾੜੀ ਤੋਂ ਪੂਰਬ ਵੱਲ ਹੈ, ਜਦੋਂ ਕਿ ਪੱਟੀ ਸ਼ਹਿਰ ਪੂਰਬ ਦੱਖਣ ਹੈ ਅਤੇ ਚੀਨਾ ਪੱਟੀ ਤੋਂ ਤਮਸਮਾਨ ਜਾਂ ਸੁਲਤਾਨਪੁਰ ਲੋਧੀ ਦੱਖਣ ਪੂਰਬ ਵਿੱਚ ਹੈ ਜਦੋਂ ਕਿ ਪੱਟੀਓਂ ਇਹ ਪੂਰਬ ਵੱਲ ਹੈ, ਹਿਊਨ ਸਾਂਗ ਨੇ ਦੱਖਣ ਪੂਰਬ ਵਿੱਚ ਲਿਖਿਆ ਹੈ, ਫਿਰ ਸਾਂਗਲਾ ਪਹਾੜੀ ਤੋਂ ਚੀਨਾ ਪੱਟੀ ਦੀ ਦੂਰੀ 500 ਲੀ ਲਿਖੀ ਹੈ (ਲੀ ਚੀਨੀ ਭਾਸ਼ਾ ਹੈ ਇੱਕ ਕਿੱਲੋ ਮੀਟਰ ਦੇ ਡੇਢ ਲੀ ਬਣਦੇ ਹਨ)। ਉਹ ਵੀ ਛੀਨਿਆਂ ਵਾਲੇ ਥੇਹ ਉੱਤੇ ਪੂਰੀ ਉੱਤਰਦੀ ਹੈ ।ਫਿਰ ਇਸ ਨਾਂਅ ਦੇ ਪਿੰਡ ਅਤੇ ਸ਼ਹਿਰ ਆਮ ਹਨ ਸੋ ਤਰਨ ਤਾਰਨ ਵਾਲੀ ਪੱਟੀ ਅਤੇ ਚੀਨਾ ਜਾਂ ਛੀਨਾ ਵੱਖਰੇ ਵੱਖਰੇ ਸ਼ਹਿਰ ਸਨ। ਭਾਰਤ ਦੇ ਮਹਾਨ ਪੁਰਾਤਨ ਅਸਥਾਨਾਂ ਦੇ ਮਾਹਿਰ ਐਲਗਜ਼ੈਂਡਰਾ ਕਨਿੰਗਹੈਮ ਨੇ ਵੀ ਬੜੀ ਗਹਿਰੀ ਖੋਜ ਕਰਕੇ ਛੀਨੇ ਵਾਲੇ ਥਾਂ ਨੂੰ ਹੀ ਛੀਨਾ ਪੱਟੀ ਮੰਨਿਆ ਹੈ। ਇਸ ਇਲਾਕੇ ਦੀ ਸਾਡੀ ਖੋਜ ਨੇ ਵੀ ਇਹ ਸਾਬਤ ਕਰ ਦਿੱਤਾ ਹੈ ਕਿ ਛੀਨਾ ਥੇਹ ਹੀ ਚੀਨਾ ਪੱਟੀ ਹੈ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਚੀਨਿਆਂ ਭਾਵ ਛੀਨਿਆਂ ਦੇ ਇਲਾਕੇ ਵਿੱਚ ਅਨੇਕਾਂ ਪਿੰਡ ਖੁਦ ਥੇਹ ਦੇ ਲਾਗੇ, ਜੇਹੜੇ ਤਿੰਨ ਪਿੰਡ ਥੇਹ ਤੋਂ ਉੱਜੜ ਕੇ ਵਸੇ, ਉਹ ਵੀ ਤਿੰਨ ਛੀਨੇ ਗੋਤ ਜੱਟਾਂ ਦੇ ਹਨ। ਹਰਸ਼ਾਛੀਨਾ ਭਾਵ ਉੱਚਾ ਕਿਲਾ, ਵਿੱਚਲਾ ਕਿਲਾ ਅਤੇ ਸਵਾਜਪੁਰ ਫਿਰ ਨੇੜੇ ਹੀ ਕੁੱਕੜਾਂਵਾਲਾ, ਬਾਘਾ ਛੀਨਾ ਅਤੇ ਦਾਲਮ ਹੈ, ਤੋਲਾ ਨੰਗਲ, ਝਨਝੋਟੀ, ਛੀਨਾ ਕਰਮ ਸਿੰਘ,ਨਪਾਲ, ਘੰਢਿਆਲ ਇਲਾਕੇ ਦੇ ਅਨੇਕਾਂ ਹੋਰ ਛੀਨਿਆਂ ਦੇ ਪਿੰਡ ਹਨ। ਚੀਨਿਆਂ ਜਾਂ ਛੀਨਿਆਂ ਦੇ ਪਿੰਡ ਦਾ ਵੱਡਾ ਸਮੂਹ ਇਸ ਇਲਾਕੇ ਵਿੱਚ ਹੋਣਾ ਇਹ ਬਹੁਤ ਹੀ ਵੱਡਾ ਸਬੂਤ ਹੈ ਕਿ ਇਹ ਹੀ ਚੀਨਾ ਪੱਟੀ ਜਾਂ ਛੀਨਾ ਪੱਟੀ ਹੈ। ਇੱਥੋਂ ਕੁਝ ਛੀਨਿਆਂ ਦੇ ਜਿਹੜੇ ਮੁਸਲਮਾਨਾਂ ਦੇ ਪਿੰਡ ਸਨ, ਉੱਥੋਂ ਦੇ ਵਸਨੀਕ ਅੱਜ ਪਾਕਿਸਤਾਨ ਜਾ ਚੁੱਕੇ ਹਨ।

ਇਸ ਤੋਂ ਬਹੁਤ ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ ਚੀਨੇ ਕਿਵੇਂ ਆਕੇ ਭਾਰਤ ਵਿੱਚ ਵਸ ਗਏ ? ਭਾਰਤ ਦੇ ਲੋਕ ਵੀ ਚੀਨ ਵਿੱਚ ਜਾਕੇ ਪੱਕੇ ਤੌਰ ਤੇ ਵਸਨੀਕ ਬਣੇ, ਜਵਾਹਰ ਲਾਲ ਨਹਿਰੂ "ਡਿਸਕਵਰੀ ਔਫ ਇੰਡੀਆ" ਇੰਗਲਿਸ਼ ਦੇ 193 ਸਫਾ ਉੱਪਰ ਲਿਖਦੇ ਹਨ: ਸੱਭ ਤੋਂ ਪਹਿਲਾ ਵਿਦਵਾਨ ਕਾਸ਼ਅਪ ਮਾਤੰਗ 67 ਏ ਡੀ, ਸਮਰਾਟ ਮਿੰਗ ਟੀ ਦੇ ਰਾਜ ਵਿੱਚ ਜਾਂ ਉਸ ਦੇ ਹਮਲੇ ਦੌਰਾਨ, ਚੀਨ ਜਾ ਕੇ ਲੋ ਨਦੀ ਲਾਗੇ ਲੋ ਜ਼ੈਂਗ ਇਲਾਕੇ ਵਿੱਚ ਰਹਿਣ ਲੱਗਾ,ਉਹ ਆਪਣੇ ਨਾਲ ਧਰਮਰਕਸ਼ ਨੂੰ ਵੀ ਲੈ ਕੇ ਗਿਆ ਸੀ ।ਇਸ ਤੋਂ ਬਾਦ ਜੋ ਵਿਦਵਾਨ ਚੀਨ ਵਿੱਚ ਜਾਕੇ ਪੱਕੇ ਤੌਰ ਤੇ ਰਹਿਣ ਲੱਗੇ ਉਨ੍ਹਾਂ ਵਿੱਚ ਬੁੱਧਾਭੱਦਰਾ, ਜਿਨਾਭੱਦਰਾ, ਕੁਮਾਰਜਿਵਾ, ਪ੍ਰਮਾਰਥਾ, ਜਿਨਾਗੁਪਤਾ ਅਤੇ ਬੋਧੀਧਰਮਾ ਗਏ, ਹਰ ਇੱਕ ਆਪਣੇ ਨਾਲ ਭਿੱਖੂਆਂ ਦੇ ਗਰੁਪ ਲੈ ਕੇ ਗਏ । ਛੇ ਵੀਂ ਸਦੀ ਵਿੱਚ ਤਾਂ ਚੀਨ ਵਿੱਚ 3,000 ਬੋਧ ਭਿੱਖੂ ਅਤੇ 10,000 ਭਾਰਤੀ ਪ੍ਰੀਵਾਰ ਪੱਕੇ ਤੌਰ ਤੇ ਰਹਿੰਦੇ ਸਨ ਅਤੇ ਰਹਿ ਰਹੇ ਹਨ।

ਇੱਥੋਂ 7 ਕਿਲੋਮੀਟਰ ਪੱਛਮ ਪਹਾੜ ਵੱਲ ਇੱਕ ਪਿੰਡ ਹੈ ਜਸਤਰਵਾਲ ਛੀਨਾ, ਉੱਥੇ ਕਿਸੇ ਵੇਲੇ ਪਾਣੀ ਦੇ ਚਸ਼ਮੇ ਸਨ ਜੋ ਸੈਂਕੜੇ ਸਾਲਾਂ ਬਾਦ ਸੇਂਅ ਦਾ ਰੂਪ ਲੈ ਗਏ, ਕਿਸੇ ਸਮੇਂ ਇੱਕ ਬਹੁਤ ਵੱਡੀ ਝੀਲ ਸੀ ਜਿਸਦੇ ਆਸਾਰ ਅੱਜ ਵੀ ਮੌਜੂਦ ਹਨ ਕਿਉਂਕਿ ਇਤਹਾਸਕ ਤੌਰ ਤੇ ਪਾਣੀ ਦੇ ਸੋਮੇ ਦੇ ਲਾਗੇ ਆਬਾਦੀ ਹੁੰਦੀ ਸੀ, ਹੋਰ ਤਾਂ ਹੋਰ ਜਸਰਤਵਾਲ ਵਿਖੇ ਵੀ ਅੱਠ ਕੋਣਿਆਂ ਦੇ ਗੋਂਮਪਾ (ਤਿੱਬਤ ਦੇ ਲੋਕ ਮੱਠ ਜਾਂ ਸਤੂਪਾ ਨੂੰ ਗੋਂਮਪਾ ਕਹਿੰਦੇ ਹਨ) ਮੱਠ ਮੌਜੂਦ ਹਨ ਜਿਸਨੂੰ ਲੋਕ ਅੱਜ ਕੱਲ ਸਰਬਣ ਦੀ ਸਮਾਧ ਕਰਕੇ ਪੂਜਦੇ ਹਨ ਦਰਅਸਲ ਇਹ ਬੁੱਧ ਮੱਤ ਦੇ ਅਸ਼ਟਾਂਗਕ ਮਾਰਗ ਦੇ ਆਧਾਰ ਉੱਤੇ ਬਣਿਆ ਹੋਇਆ ਹੈ। (ਇੱਥੋਂ 50-60 ਕਿਲੋਮੀਟਰ ਦੂਰ ਕੋਟਲੀ, ਵਸਾਵਾ ਸਿੰਘ ਦੇ ਅੱਠ ਕੋਣਿਆਂ ਦਾ ਤਲਾਅ ਅਤੇ ਅੱਠ ਕੋਣਿਆਂ ਵਾਲੇ ਖੂਹ ਵਾਂਗ ਹੈ ਜੋ ਕਿ ਬੋਧੀਆਂ ਦੀ ਵਿਰਾਸਤ ਹੈ) ਹਿਊਨ ਸਾਂਗ ਦੀਆਂ ਲਿਖਤਾਂ ਪੜ੍ਹਕੇ ਹੈਰਾਨੀ ਹੁੰਦੀ ਕਿ ਸਰਬਣ ਦਸ਼ਰਥ ਦੀ ਕਹਾਣੀ ਵੀ ਇੱਕ ਬੋਧੀ ਰਾਜੇ ਦੀ ਕਹਾਣੀ ਹੈ, ਰੁੱਖਾਂ ਦੇ ਝੁੰਡ ਵਿਚਕਾਰ ਇਹ ਸਰਬਣ ਦੀ ਸਮਾਧ ਜੋ ਅਸਲ ਵਿੱਚ ਇੱਕ ਬੋਧੀ ਸਤੂਪ ਸੀ। ਇਹ ਸਮਾਧ ਪਿੰਡ ਜਸਤਰਵਾਲ ਛੀਨਾ ਤੋਂ ਕੋਈ 300 ਗਜ਼ ਦੱਖਣ ਵੱਲ ਹੈ ਸਤੂਪ ਉੱਪਰ ਜੋ ਗੁੰਮਟ ਹੈ ਉਹ ਕੰਵਲ ਦੀਆਂ ਪੱਤੀਆ ਬਣਾਈਆਂ ਹੋਈਆਂ ਹਨ ਇਹ ਸਤੂਪ ਤਕਰੀਬਨ 400 ਸਾਲ ਪੁਰਾਣਾ ਹੈ ਅਤੇ ਇੱਕ ਪਾਸੇ ਨੂੰ ਝੁਕਿਆ ਹੋਇਆ ਹੈ ਇਸ ਨੂੰ ਹੋਰ ਝੁਕਕੇ ਢਹਿ ਜਾਣ ਤੋਂ ਬਚਾਉਣ ਲਈ ਸ਼ਰਧਾਲੂਆਂ ਨੇ ਇੱਟਾਂ, ਬਜਰੀ ਅਤੇ ਸੀਮਿੰਟ ਨਾਲ ਪਲੇਟਫਾਰਮ ਬਣਾ ਦਿੱਤਾ ਹੈ। ਜਦੋਂ ਇਸ ਸਤੂਪ ਨੂੰ ਦੁਬਾਰਾ ਬਣਾਇਆ ਗਿਆ ਤਾਂ ਸਰਧਾਲੂਆਂ ਨੇ 8 ਕੋਨਿਆਂ ਦੀ ਬਜਾਏ 6 ਕੋਣੇ ਬਣਾ ਦਿੱਤੇ, ਯਾਦ ਰਹੇ ਕਬਰ ਜਾਂ ਸਮਾਧ ਲੰਬਾਈ ਵਿੱਚ ਹੁੰਦੀ ਹੈ ਪਰ ਇਹ ਗੋਲ ਅਤੇ ਅੱਠ ਨੁੱਕਰਾ ਹੈ। ਇਸ ਸਤੂਪ ਤੋਂ 50 ਗਜ਼ ਦੂਰੀ ਤੇ ਨੌ ਗਜ ਲੰਬੀ ਕਬਰ ਹੈ ਜੋ ਕਿ 1930 ਦੇ ਕਰੀਬ ਬਣਾਈ ਗਈ ਸੀ, ਇੱਥੇ ਕਿਸੇ ਨੂੰ ਦਫਨ ਨਹੀ ਕੀਤਾ ਗਿਆ। ਨੌ ਗਜਾ ਪ੍ਰਮ-ਪਰਾ ਪੰਜਾਬ ਵਿੱਚ ਚਲਦੀ ਆ ਰਹੀ ਹੈ (ਸਮਝ ਨਹੀ ਆਉਂਦੀ ਕਿ ਗਿਣਤ-ਮਿਣਤੀ ਦੇ ਹੀ ਨੌ ਗਜੇ ਪੈਦਾ ਹੋਏ ਸਨ? ਨੌ ਗਜੇ ਦੀ ਮਾਂ ਅਤੇ ਪਿਓ ਵੀ ਤਾਂ ਨੌ ਗਜੇ ਹੋਣੇ ਚਾਹੀਦੇ ਹਨ ਫਿਰ ਭਰਾ ਭੈਣਾਂ ਆਦਿ ਔਰ ਫਿਰ ਇਹ ਨੌ ਗਜੇ ਕਦੋਂ ਜੰਮਣੇ ਬੰਦ ਹੋ ਗਏ? ਸਭ ਲੋਕਾਂ ਨੂੰ ਬੇਵਕੂਫ ਬਣਾਉਣ ਲਈ ਹੈ) ਇੱਕ ਹੋਰ ਸ਼ਾਨਦਾਰ ਢਾਂਚਾ ਮਿਲਦਾ ਹੈ ਜੋ ਕਿ ਮਾਤਾ ਰਾਣੀ ਹੈ ਜਿਸ ਦਾ ਗੁੰਮਟ ਕੰਵਲ ਦੀਆਂ ਪੱਤੀਆਂ ਵਰਗਾ ਬਣਾਇਆ ਗਿਆ ਹੈ। ਪੱਛਮ ਵੱਲ ਮੱਕੇ ਦੀ ਮਸੀਤ ਦੇ ਆਧਾਰ ਤੇ ਇੱਕ ਮਸਜਦ ਜਿਸ ਦੀਆਂ ਕੰਧਾਂ ਬਹੁਤ ਪੁਰਾਣੀਆਂ ਅਤੇ ਚੌੜੀਆਂ ਹਨ, ਅੱਜ ਕੱਲ ਇੱਥੇ ਗੁਰਦੁਆਰਾ ਸਾਹਿਬ ਚੱਲ ਰਿਹਾ ਹੈ।

ਜਸਤਰਵਾਲ ਪਿੰਡ ਦੇ ਲੋਕਾਂ ਨੂੰ ਗਿਲਾ ਹੈ ਕਿ ਪਿੰਡ ਵਿੱਚ ਜੋ ਬਾਰਾਂ ਦਰੀ ਇਮਾਰਤਾਂ, ਹਾਥੀਆਂ ਦੀਆਂ ਖੁਰਲੀਆਂ ਸਨ ਉਨ੍ਹਾਂ ਨੂੰ ਬਚਾਇਆ ਨਹੀ ਜਾ ਸਕਿਆ, ਜਸਤਰਵਾਲ ਪਿੰਡ ਦੇ ਨੇੜੇ ਇੱਕ ਬਹੁਤ ਪੁਰਾਣੀ ਇਮਾਰਤ, ਹਾਥੀਆਂ ਦੀਆਂ ਖੁਰਲੀਆਂ ਸਨ ਜਿਸ ਦੀਆਂ ਇੱਟਾਂ ਲੋਕੀਂ ਲੈ ਗਏ। ਟਿੱਲੇ ਉੱਤੇ ਇੱਕ ਮੰਦਰ ਹੈ ਅਗਰਇਸ ਦੇ ਆਲੇ-ਦੁਆਲੇ ਖੁਦਾਈ ਕੀਤੀ ਜਾਵੇ ਤਾਂ ਹੋਰ ਬਹੁਤ ਸਾਰਾ ਬੋਧੀ ਇਤਹਾਸ ਭਰਪੂਰ ਮਿਲੇਗਾ। ਜਸਤਰਵਾਲ ਵਿੱਚ ਅੱਠ ਮੁਸਲਮਾਨਾਂ ਦੇ ਅਸਥਾਨ ਹਨ। ਲਾਹੌਰ ਤੋਂ ਬਾਦ ਜਸਤਰਵਾਲ ਕਿਸੇ ਸਮੇਂ ਵਿਉਪਾਰ ਦਾ ਬਹੁਤ ਬੜਾ ਕੇਂਦਰ ਸੀ। ਵਸਨੀਕ ਲੋਕਾਂ ਦਾ ਕਹਿਣ ਹੈ ਕਿ ਇਸ ਦਾ ਅਸਲੀ ਨਾਂਅ ਦਸ਼ਰਥ ਸੀ ਜੋ ਕਿ ਸਮੇਂ ਦੇ ਲਿਹਾਜ ਨਾਲ ਜਸਤਰਵਾਲ ਬਣ ਗਿਆ। ਜਸਤਰਵਾਲ ਦੇ ਨਾਲ ਦੇ ਪਿੰਡ ਛੀਨਾ ਕਰਮ ਸਿੰਘ ਦੇ ਪਹਾੜ ਵਾਲੇ ਪਾਸੇ ਸਿੱਖ ਰਾਜ ਦੇ ਸਮੇਂ ਦੀ ਬਾਰਾਂ ਦਰੀ ਹੈ ਜਿਸਨੂੰ ਮੁਰੰਮਤ ਕਰਾਉਣ ਦੀ ਬਹੁਤ ਸਖ਼ਤ ਜਰੂਰਤ ਹੈ, ਨਹੀ ਤਾਂ ਜਲਦੀ ਹੀ ਇਹ ਢਹਿ ਢੇਰੀ ਹੋ ਜਾਵੇਗੀ ਇਸਦੇ ਅੰਦਰ ਘਾਹ, ਪੌਦੇ ਅਤੇ ਦਰੱਖਤ ਉੱਗੇ ਹੋਏ ਹਨ, ਪਿੰਡ ਵਿੱਚ ਜੋ ਛੀਨੇ ਸਰਦਾਰਾਂ ਦੇ ਮਹਿਲ ਸਨ ਉਹ ਢਹਿ ਚੁੱਕੇ ਹਨ।

ਲੋਕ ਗਾਥਾ ਅਨੁਸਾਰ ਭਗਤ ਪੂਰਨ ਦੀ ਪੜ੍ਹੇਈ ਮਾਂ ਲੂਣਾਂ ਦੇ ਪੇਕੇ, ਪੱਕਾ ਸ਼ਹਿਰ-ਚਮਿਆਰੀਵਿੱਚ ਸਨ ਇਹ ਇਤਹਾਸਕ ਕਸਬਾ ਵੀ ਛੀਨਿਆਂ ਤੋਂ ਕੇਵਲ 12 ਕਿਲੋਮੀਟਰ ਚੜਦੇ ਪਹਾੜ ਦੀ ਗੁੱਟ ਵਿੱਚ ਹੈ, ਅੰਦਾਜ਼ਾ ਹੈ ਕਿ ਚਮਿਆਰੀ ਵੀ ਚੀਨੀ ਸ਼ਹਿਰ ਹੋਵੇਗਾ ਕਿਉਂਕਿ ਛੀਨਿਆਂ ਨੇ ਬਾਗ਼ ਲਗਾਏ ਹੋਏ ਸਨ ਚੀਨਿਆਂ ਦੀ ਵਾੜੀ ਤੋਂ ਵਿਗੜਕੇ ਬਣ ਗਿਆ ਚਮਿਆਰੀ। ਚਮਿਆਰੀ ਪੱਕਾ ਸ਼ਹਿਰ ਵੀ ਛੀਨਿਆਂ ਦੇ ਬ੍ਰਾਬਰ ਹੀ ਅਹਿਮੀਅਤ ਰੱਖਦਾ ਹੈ ਪਰ ਬਦਕਿਸਮਤੀ ਨਾਲਪੁਰਾਤਨ ਇਤਹਾਸਕ ਮਹੱਤਵ ਦੇ ਬਹੁਤ ਘੱਟ ਅਸਥਾਨ ਬਚੇ ਹਨ, ਖੁਸ਼ਕਿਸਮਤੀ ਨਾਲ ਇੱਕ ਪੁਰਾਤਨ ਖੂਹੀ ਨੂੰ ਸਿੱਖ ਸੰਗਤ ਨੇ ਮੁਰੰਮਤ ਕਰਕੇ ਬਚਾ ਲਿਆ ਹੈ ਲੋਕਾਂ ਦਾ ਮੰਨਣਾ ਹੈ ਕਿ ਇਹ ਖੂਹੀ ਲੂਣਾਂ ਦੇ ਮਹਿਲਾਂ ਵਿੱਚ ਹੁੰਦੀ ਸੀ। ਇੱਕ ਸਰੋਵਰ ਜੋ ਹੁਣ ਤੱਕ ਬਚਿਆ ਪਿਆ ਸੀ ਪਰ ਪਿੰਡ ਦੀ ਪੰਚਾਇਤ ਦੀ ਬੇਰੁਖੀ ਕਾਰਨ ਵਾਹ ਦਿੱਤਾ ਗਿਆ ਹੈ, ਕੋਸ਼ਿਸ਼ ਕੀਤਿਆਂ ਅੱਜ ਵੀ ਇਸ ਦੀਆਂ ਕੰਧਾਂ ਨੂੰ ਬਚਾਇਆ ਜਾ ਸਕਦਾ ਹੈ। ਛੀਨਿਆਂ ਦੇ ਇਲਾਕੇ ਵਿੱਚ ਥੇਹਾਂ ਦੀ ਭਰਮਾਰ ਹੈ, ਚਮਿਆਰੀ ਪੱਕਾ ਸ਼ਹਿਰ ਦੇ ਲਾਗੇ ਉੜਦਨ ਦਾ ਇੱਕ ਹੋਰ ਅਮੀਰ ਥੇਹ ਹੈ ਇਹ ਵੀ ਸਮਰਾਟ ਕਨਸ਼ਕ ਕਾਲ ਨਾਲ ਸੰਬੰਧ ਰੱਖਦਾ ਹੈ, ਨੌ ਗਜੇ ਦੀ ਕਬਰ ਇੱਥੇ ਵੀ ਹੈ। ਸਤਨਾਮ ਸਿੰਘ ਨਾਂਅ ਦੇ ਇੱਕ ਸਰਦਾਰ ਨੇ ਕਨਸ਼ਕ ਕਾਲ ਦਾ ਇੱਕ ਸਿੱਕਾ ਦਿਖਾਇਆ। ਥੋੜੀ ਦੂਰ ਹੋਰ ਅੱਗੇ ਜਾਕੇ ਫਤਿਗੜ੍ਹ ਚੂੜੀਆਂਵਾਲ ਪਿੰਡ ਵੱਲ ਮੋਹਨ ਭੰਡਾਰੀਆਂ ਨਾਂਅ ਦਾ ਇੱਕ ਥੇਹ ਹੈ ਇਸ ਦੀ ਉਚਾਈ ਤਾਂ ਛੀਨਾ ਥੇਹ ਤੋਂ ਵੀ ਉੱਚੀ ਹੈ, ਹਾਥੀ ਦੰਦ ਦੀ ਖੂਬਸੂਰਤ ਮੂਰਤੀ ਇੱਥੋਂ ਮਿਲੀ ਹੈ। ਜਸਤਰਵਾਲਦੇ ਲਹਿੰਦੇ ਪਾਸੇ ਦੋ ਕਿਲੋਮੀਟਰ ਦੂਰ ਭੱਗੂਪੁਰ ਥੇਹ ਜੋ ਕਿ 1947 ਤੱਕ ਆਬਾਦ ਸੀ ਇਹ ਥੇਹ 6-7 ਏਕੜ ਵਿੱਚ ਸੀ ਜਿਸ ਵਿੱਚੋਂ ਬਹੁਤ ਪੁਰਾਣੇ ਸਮਰਾਟ ਕਨਸ਼ਕ ਦੇ ਸਿੱਕੇ ਮਿਲੇ ਸਨ। ਫਤਿਹਗੜ੍ਹ ਚੂੜੀਆਂਵਾਲ ਲਾਗੇ ਮਾਧੀਪੁਰ ਤੋਂ ਦੋ ਕਿਲੋਮੀਟਰ ਪੱਛਮ ਵੱਲ ਹਰਦੋ ਪੁਤਲੀ ਦਾ ਭਰਪੂਰ ਥੇਹ ਹੈ ਖੁਸ਼ਕਿਸਮਤੀ ਨਾਲ ਇਸ ਥੇਹ ਉੱਪਰ ਕਬਰ ਹੈ ਅਤੇ ਸੱਪ ਵੀ ਬਹੁਤ ਜ਼ਿਆਦਾ ਗਿਣਤੀ ਵਿੱਚ ਰਹਿੰਦੇ ਹਨ ਜਿਸ ਕਰਕੇ ਇਸਦਾ ਕਾਫੀ ਹਿੱਸਾ ਬਚ ਗਿਆ ਹੈ ਇੱਥੋਂ ਵੀ ਅਕਸਰ ਪਰਾਣੇ ਸਿੱਕੇ ਮਿਲਦੇ ਰਹਿੰਦੇ ਹਨ ਇਸ ਥੇਹ ਦੀ 15-20 ਏਕੜ ਜ਼ਮੀਨ ਸੀ ਜਿਸ ਉੱਤੇ ਕਬਜਾ ਕਰਨ ਲਈ ਸ੍ਰਕਾਰ ਖੁਦ ਦੋਸ਼ੀ ਹੈ ਜਿਸਨੇ ਇਸ ਇਤਹਾਸਕ ਧਰਤੀ ਦੀ ਸੰਭਾਲ ਕਰਨ ਦੀ ਬਜਾਏ ਸਕੂਲ ਅਤੇ ਪਸੂਆ ਦਾ ਹਸਪਤਾਲ ਬਣਾ ਦਿੱਤਾ ਹੈ ਫਿਰ ਸਿੱਖ ਗੁਰਦੁਆਰੇ ਦਾ ਬਣਨਾ ਕੋਈ ਹੈਰਾਨੀ ਦੀ ਗੱਲ ਨਹੀ, ਲੋਕ ਤਾਂ ਇਹੋ ਜਿਹੇ ਥਾਵਾਂ ਉੱਤੇ ਕਬਜਾ ਕਰ ਹੀ ਲੈਂਦੇ ਹਨ, ਦੱਸਿਆ ਗਿਆ ਹੈ ਕਿ ਕਈ ਸਾਲ ਪਹਿਲਾਂ ਇੱਥੇ ਚਾਂਦੀ ਦੇ ਤਕਰੀਬਨ ਸੌ ਸਿੱਕੇ ਮਿਲੇ ਸਨ ਜੋ ਕਿ ਪੁਰਾਤਨ ਵਿਭਾਗ ਦੇ ਅਜਾਇਬ ਘਰ ਵਿੱਚ ਪਹੁੰਚਣ ਦੀ ਬਜਾਏ ਸੁਨਿਆਰੇ ਦੀ ਦੁਕਾਨ ਤੇ ਪਹੁੰਚ ਗਏ। ਇਸ ਲਈ ਵੀ ਸ੍ਰਕਾਰ ਦਾ ਕੋਈ ਕਾਨੂੰਨ ਦੋਸ਼ੀ ਹੈ ਜੋ ਕਹਿੰਦਾ ਹੈ ਕਿ ਅਜਿਹੀ ਵਸਤੂ ਸ੍ਰਕਾਰ ਕੋਲ ਜਮਾਂ ਕਰਾਈ ਜਾਵੇ ਲੋੜ ਹੈ ਕਾਨੂੰਨ ਬਦਲਣ ਦੀ ਜੋ ਕਿ ਲੱਭਣ ਵਾਲੇ ਨੂੰ ਅਵਜ਼ਾਨਾ ਦੇਵੇ ਪਿੰਡ ਵਾਸੀ ਦੱਸ ਰਹੇ ਹਨ ਕਿ ਇਸ ਇਲਾਕੇ ਵਿੱਚ ਕਿਸੇ ਨੂੰ ਮਿੱਟੀ ਦੀ ਜਰੂਰਤ ਪਈ ਤਾਂ ਸਭ ਨੇ ਇਸ ਥੇਹ ਤੋਂ ਹੀ ਲਿਆਂਦੀ। ਕਿਉਂਕਿ ਪੰਜਾਬ ਨੂੰ ਅਨੇਕਾਂ ਹਮਲਿਆਂ ਦਾ ਸ੍ਹਾਮਣਾ ਕਰਨਾ ਪਿਆ ਸੀ ਅਤੇ ਜਿੱਥੇ ਵੀ ਮੁਸਲਮਾਨ ਹਮਲਾਆਵਰਾਂ ਦਾ ਡਟਕੇ ਮੁਕਾਬਲਾ ਕਰਦੇ ਸਨ ਤਾਂ ਅਗਰ ਹਮਲਾਆਵਰ ਜਿੱਤ ਜਾਵੇ ਤਾਂ ਉਹ ਆਪਣਾ ਗੁੱਸਾ ਸਾਰੇ ਕਿਲੇ ਉੱਤੇ ਕੱਢਦੇ ਸਨ ਜਿਸ ਕਰਕੇ ਹਮਲਾਆਵਰ ਆਮ ਲੋਕਾਂ ਦਾ ਵੀ ਕਤਲੇਆਮ ਕਰ ਦਿੰਦੇ ਅਤੇ ਸ਼ਹਿਰ ਦੀ ਵੀ ਇੱਟ ਨਾਲ ਇੱਟ ਖੜਕਾਕੇ ਤਬਾਹ ਕਰ ਦਿੰਦੇ ਸਨ, ਅਨੇਕਾਂ ਵਾਰ ਲੋਕ ਹਮਲੇ ਦੇ ਡਰ ਤੋਂ ਕਿਲੇ ਖਾਲੀ ਕਰ ਜਾਂਦੇ ਸਨ ਇਹ ਹੀ ਕਾਰਨ ਹੈ ਕਿ ਪੰਜਾਬ ਦੇ 2-3 ਪਿੰਡਾਂ ਪਿੱਛੇ ਕੋਈ ਨਾ ਕੋਈ ਥੇਹ ਮੌਜੂਦ ਹੈ ।ਜ਼ਮੀਨ ਦੀ ਘਾਟ ਕਾਰਨ ਇਤਹਾਸ ਦੇ ਇਹ ਅਨਮੋਲ ਅਸਥਾਨ ਅੱਜ ਢਾਏ ਜਾ ਰਹੇ ਹਨ ਜਾਂ ਪੂਰੀ ਤਰ੍ਹਾ ਢਾਹ ਦਿੱਤੇ ਗਏ ਹਨ। ਹਰਦੋ ਪੁਤਲੀ ਦਾ ਥੇਹ 8-9 ਕਿੱਲੇ ਥਾਂ ਬਾਕੀ ਹੈ, ਫਤਿਹਗੜ੍ਹ ਚੂੜੀਆਂਵਾਲ, ਜੌਹਲ, ਝੰਡੇਰ ਆਦਿ ਪਿੰਡਾਂ ਦੇ ਲੋਕ ਮਿੱਟੀ ਅਕਸਰ ਇੱਥੋਂ ਲੈ ਜਾਂਦੇ ਹਨ ਪੰਚਾਇਤ ਦੇ ਮਨ੍ਹਾ ਕਰਨ ਤੇ ਮਿੱਟੀ ਲੈ ਜਾਣ ਵਾਲੇ ਜ਼ਿਮੀਦਾਰਾਂ ਨੇ ਲੜਾਈ ਝਗੜਾ ਕੀਤਾ ਅਤੇ ਗੱਲ ਥਾਣੇ ਤੱਕ ਵੀ ਪਹੁੰਚੀ, ਇਸ ਥੇਹ ਉੱਤੇ ਮੁਸਲਮਾਨਾਂ ਦੀ ਕਬਰ ਹੈ ਜਿਸ ਕਰਕੇ ਇਹ ਥੇਹ ਬਚ ਗਿਆ ਹੈ। ਪਿੰਡ ਦੇ ਸਰਪੰਚ ਅਤੇ ਬਾਕੀ ਲੋਕਾਂ ਨੇ ਇੱਥੋਂ ਨਿਕਲੀਆਂ ਸਮਰਾਟ ਕਨਸ਼ਕ ਦੇ ਰਾਜ ਦੀਆਂ ਇੱਟਾਂ ਵੀ ਦਿਖਾਈਆ।

ਦਸੰਬਰ 2001 ਵਿੱਚ ਛੀਨੇ ਦੇ ਥੇਹ ਦੀ ਮਿੱਟੀ ਨੂੰ ਢਾਹਕੇ ਹਵਾਈ ਅੱਡੇ ਦੀ ਭਰਤੀ ਲਈ ਲਿਜਾਈ ਜਾ ਰਹੀ ਸੀ ਸਬੂਤ ਲਈ ਫੋਟੋ ਹੈ ਕਿ ਕਿਵੇਂ ਥੇਹ ਨੂੰ ਢਾਉਣ ਲਈ ਕਿਵੇਂ ਕਾਰਖਾਨੇ ਦਾ ਰੂਪ ਲਿਆ ਹੋਇਆ ਸੀ। ਅੱਖਾਂ ਦੇ ਡਾ: ਦਲਜੀਤ ਸਿੰਘ ਜਿਨ੍ਹਾਂ ਨੂੰ ਭਾਰਤ ਸ੍ਰਕਾਰ ਨੇ ਪਦਮ ਸ਼੍ਰੀ ਦਿੱਤੀ ਹੋਈ ਹੈ, ਨੂੰ ਭਵੀਸ਼ਨ ਸਿੰਘ ਗੁਰਾਇਆਂ ਜੀ ਨੇ ਸ਼ਿਕਾਇਤ ਕੀਤੀ ਕਿ ਦੇਖੋ ਤੁਹਾਡੀ ਸ੍ਰਕਾਰ ਕਿਹੋ ਜਿਹਾ ਵਿਕਾਸ ਕਰ ਰਹੀ ਹੈ ਤਾਂ ਉਨ੍ਹਾਂ ਨੇ ਡੀ ਸੀ ਨੂੰ ਕਹਿ ਕੇ ਥੇਹ ਨੂੰ ਢਾਉਣ ਦਾ ਕੰਮ ਬੰਦ ਕਰਾਇਆ ਨਹੀ ਤਾਂ ਸ਼ਾਇਦ ਇਹ ਥੇਹ ਨਾ ਦਿਸਦਾ, ਇਹ ਵੀ ਪਤਾ ਲੱਗਾ ਹੈ ਕਿ ਲੋਕ ਮਿੱਟੀ ਨੂੰ ਪੁੱਟਕੇ ਖੇਤਾਂ ਵਿੱਚ ਪਾਉਂਦੇ ਹਨ ਕਿਉਂਕਿ ਇਸ ਵਿੱਚ ਮਲ-ਮੂਤਰ ਦੀ ਹੋਂਦ ਕਰਕੇ ਖਾਦ ਦਾ ਕੰਮ ਕਰਦੀ ਹੈ। ਛੀਨਿਆਂ ਦਾ ਥੇਹ ਤਾਂ ਬਚ ਗਿਆ ਹੈ ਪਰ ਸੈਂਕੜੇ ਹੋਰ ਥੇਹਾਂ ਨੂੰ ਬਚਾਉਣ ਦੀ ਜ਼ਰੂਰਤ ਹੈ । ਸਾਡੇ ਥੇਹ ਸਾਡਾ ਇਤਹਾਗਸ ਹੈ, ਸਭਿਅਤਾ ਹੈ ਜਿਉਂਦੀਆਂ ਕੌਮਾਂ ਆਪਣਾ ਇਤਹਾਸ ਖੁ਼ਦ ਤਬਾਹ ਨਹੀ ਕਰ ਸਕਦੀਆਂ ਕਹਿਣ ਤੋਂ ਭਾਵ ਹੈ ਕਿ ਪੰਜਾਬ ਦੇ ਪੁਰਾਣੇ ਚੀਨਿਆਂ ਅੱਜ ਦੇ ਛੀਨਿਆਂ ਦਾ ਅੱਜ ਗੜ੍ਹ ਲੱਭਦਾ ਹੈ ਤਾਂ ਉਹ ਅੱਜ ਦਾ ਅਜਨਾਲਾ ਇਲਾਕਾ ਹੀ ਹੈ । ਛੀਨਿਆਂ ਵਾਲਾ ਥੇਹ ਜਾਂ ਸ਼ਾਹ ਸਿਕੰਦਰ ਵਾਲਾ ਥੇਹ ਸੋ ਛੀਨਾ ਥੇਹ ਜਾਂ ਹਰਸ਼ੇ ਛੀਨੇ ਵਾਲਾ ਥੇਹ ਹੀ ਹਿਊਨ ਸਾਂਗ ਵਾਲੀ ਛੀਨਾ ਪੱਟੀ ਹੈ ਕਿਉਂਕਿ ਹਿਊਨ ਸਾਂਗਨੇ ਲਿਖਿਆ ਹੈ ਕਿ ਛੀਨਾ ਪੱਟੀ ਵਿਖੇ ਚੀਨੀ ਲੋਕ ਨਿਵਾਸ ਕਰਦੇ ਹਨਇਸ ਅਨੁਸਾਰ ਕੇਵਲ ਹਰਸ਼ਾਛੀਨਾ ਹੀ ਛੀਨਾ ਪੱਟੀ ਬਣਦੀ ਹੈ ਕਿਉਂਕਿ ਛੀਨਿਆਂ ਦੀ ਆਬਾਦੀ ਕੇਵਲ ਇੱਥੇ ਹੀ ਹੈ ਪੱਟੀ ਦੇ ਨੇੜੇ ਛੀਨਿਆਂ ਦੇ ਪਿੰਡ ਨਹੀ ਹਨ। ਇਹ ਹੀ ਸਤਲੁਜ ਅਤੇ ਰਾਵੀ ਵਿਚਕਾਰ ਪੱਟੀ ਦੇਸ਼ ਦੀ ਰਾਜਧਾਨੀ ਸੀ ਜਿੱਥੇ ਮਹਾਨ ਵਿਦਵਾਨ ਮਹਾਥੇਰਾ ਵਨੀਤ ਪ੍ਰਭਾ ਰਹਿੰਦੇ ਸਨ (ਜੋ ਵਲਟੋਹੇ ਨਜ਼ਦੀਕ ਸਟੈਚੂ ਸਰੋਵਰ ਵਿੱਚੋਂ ਮਿਲਿਆ ਹੈ ਉਹ ਵਨੀਤ ਪ੍ਰਭਾ ਦਾ ਹੀ ਹੈ ਅੱਜ ਵੀ ਇਹ ਸਟੈਚੂ ਸਰੋਵਰ ਵਸਾਵਾ ਸਿੰਘ ਵਿਖੇ ਇੱਕ ਪਿੱਪਲ ਹੇਠ ਪਿਆ ਹੈ) ਹਿਊਨ ਸਾਂਗ ਛੀਨਿਆਂ ਕੋਲ ਤਕਰੀਬਨ ਚੌਦਾਂ ਮਹੀਨੇ ਰਿਹਾ, ਜਨਵਰੀ 934 ਤੋਂ ਮਾਰਚ 935 ਤੱਕ ਰਹਿਕੇ ਬੋਧੀਆਂ ਦੇ ਤ੍ਰੀ ਪਿਟਕ (ਜਦੋਂ ਬੋਧੀ ਗਰੰਥ ਲਿਖੇ ਗਏ ਸੀ ਤਾਂ ਪੇਪਰ ਨਹੀ ਸੀ, ਪੇਪਰ ਤਾਂ 2,000 ਸਾਲ ਪਹਿਲਾਂ ਚੀਨ ਨੇ ਕੱਢਿਆ ਸੀ। ਉਸ ਸਮੇਂ ਨਾਰੀਅਲ ਦੇ ਪੱਤਿਆਂ ਉੱਤੇ ਸੂਈ ਨਾਲ ਲਿਖਿਆ ਜਾਂਦਾ ਸੀ, ਤ੍ਰੀ ਤੋਂ ਭਾਵ ਤਿੰਨ, ਪਿਟਕ ਤੋਂ ਭਾਵ ਟੋਕਰੇ,ਸਭ ਤੋਂ ਪਹਿਲਾ ਗਰੰਥ ਅਭਿਧੰਮ ਪਿਟਕ, ਦੂਸਰਾ ਵਿਨਯ ਪਿਟਕ ਅਤੇ ਤੀਸਰਾ ਸੁਤ ਪਿਟਕ, ਇੱਕ ਗਰੰਥ ਦਾ ਇੱਕ ਟੋਕਰਾ ਭਰ ਜਾਂਦਾ ਸੀ ਇਸ ਲਈ ਭਾਰਤ ਦੀ ਸਭ ਤੋਂ ਪੁਰਾਣੀ ਭਾਸ਼ਾ ਪਾਲੀ ਵਿੱਚ ਪਿਟਕ ਦਾ ਮਤਲਵ ਟੋਕਰਾ ਹੈ, ਇਸ ਹੀ ਤਰ੍ਹਾਂ ਦੂਜੇ ਪਿਟਕ ਦਾ ਅਤੇ ਤੀਜੇ ਦਾ ਵੀ) ਦਾ ਅਧਿਅਨ ਕੀਤਾ ।ਹਿਊਨ ਸਾਂਗ ਨੇ ਲਿਖਿਆ ਹੈ ਕਿ ਛੀਨਾ ਪੱਟੀ ਦੇਸ਼ ਵਿੱਚ 10 ਵਿਸ਼ਾਲ ਬੁੱਧ ਵਿਹਾਰ ਹਨ । ਚੀਨੇ ਜਾਂ ਛੀਨੇ ਕੋਈ ਗ਼ਰੀਬ-ਗੁਰਬੇ ਨਹੀ ਸਨ, ਉਹ ਬਹੁਤ ਹੀ ਬੜੇ ਧਨਾਢ ਅਤੇ ਤਾਕਤਵਰ ਲੋਕ ਸਨ ਸਮਰਾਟ ਕਨਸ਼ਕ ਨੇ ਇਨ੍ਹਾਂ ਨੂੰ ਬਕਾਇਦਾ ਜਗੀਰਾਂ ਦਿੱਤੀਆਂ ਹੋਈਆਂ ਸਨ, ਪੱਟੀ ਵਿੱਚ ਤਾਂ ਇਨ੍ਹਾਂ ਦਾ ਰਾਜ ਸੀ ਇੱਥੋਂ ਸੋਨੇ ਦੀਆਂ ਜੋ ਮੋਹਰਾਂ ਅਕਸਰ ਮਿਲਦੀਆਂ ਰਹਿੰਦੀਆਂ ਹਨ ਉਹ ਇਸ ਗੱਲ ਦਾ ਸੰਕੇਤ ਹਨ ਇਹ ਮੋਹਰਾਂ ਕੁਸ਼ਾਨ ਕਾਲ ਦੀਆਂ ਹੀ ਹਨ ਹੋਰ ਤਾਂ ਹੋਰ ਜੋ ਇੱਟਾਂ ਇੱਥੇ ਮਿਲਦੀਆਂ ਹਨ ਉਹ ਵੀ ਕੁਸ਼ਾਨ ਕਾਲ ਦੀਆਂ ਹੀ ਹਨ ਜੋ ਆਖਰੀ ਸਿੱਕੇ ਇੱਥੋਂ ਮਿਲੇ ਹਨ ਉਹ 10-11 ਵੀਂ ਸਦੀ ਦੇ ਹਨ ।ਇੱਥੇ ਨਾਨਕਸ਼ਾਹੀ ਇੱਟ ਮੁਸ਼ਿਕਲ ਨਾਲ ਮਿਲਦੀ ਹੈ । ਅੰਦਾਜ਼ਾ ਹੈ ਕਿ ਮਹਿਮੂਦ ਗਜਨਵੀ ਨੇ ਹੀ ਛੀਨੇ ਸ਼ਹਿਰ ਨੂੰ ਲੁਟਿਆ ਅਤੇ ਬ੍ਰਬਾਦ ਕੀਤਾ, ਇਸ ਤੋਂ ਬਾਦ ਛੀਨਾ ਉਹ ਦਰਜਾ ਕਦੀ ਵੀ ਹਾਸਲ ਨਾ ਕਰ ਸਕਿਆ । ਬੋਧੀ ਸ਼ਹਿਰ ਬਹੁਤ ਅਮੀਰ ਅਤੇ ਖੁਸ਼ਹਾਲ ਹੁੰਦੇ ਸਨ, ਛੀਨਾ ਪੱਟੀ ਦੇ ਪਤਨ ਤੋਂ ਬਾਦ ਤਰਨ ਤਾਰਨ ਵਾਲੀ ਪੱਟੀ ਦੀ ਛੀਨਾ ਦੇਸ਼ ਵਿੱਚ ਚੜ੍ਹਤ ਹੋ ਗਈ ਸੀ, ਵਿਹਾਰਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਭਿੱਖੂ ਨਿਵਾਸ ਕਰਦੇ ਸਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬੋਧੀ ਲੋਕ ਅਮਨ ਅਤੇ ਸ਼ਾਂਤੀ ਦੇ ਪ੍ਰਤੀਕ ਹਨ ਮੁਸਲਮਾਨਾਂ ਦੇ ਹਮਲਿਆਂ ਤੋਂ ਪਹਿਲਾਂ ਪੁਸ਼ਆ ਸੁੰਘ ਮਿੱਤਰ, ਕੇਰਲਾ ਦੇ ਸ਼ੰਕਰਚਾਰੀਆ, ਅੱਜ ਕੱਲ ਦੇ ਰਾਮਦੇਵ ਦੇ ਗੁਰੂ ਪਤੰਜਲੀ, ਬੰਗਾਲ ਦਾ ਰਾਜਾ ਸ਼ਾਸ਼ਕ ਆਦਿ ਬ੍ਰਾਮਣਾਂ ਨੇ ਬੋਧੀ ਭਿੱਖੂਆਂ ਅਤੇ ਉਪਾਸਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਕਤਲੇਆਮ ਕੀਤਾ, ਬ੍ਰਾਮਣ ਰਾਜਾ ਮਿਹਿਰਕੁਲ ਹੂਨ ਨੇ ਦਰਿਆਵਾਂ ਵਿੱਚ ਬੋਧੀ ਭਿੱਖੂਆਂ ਨੂੰ ਡਬੋ-ਡਬੋ ਕੇ ਮੌਤ

(ਬਾਕੀ ਅਗਲੇ ਸਫੇ ਤੇ)

ਘਾਟ ਉਤਾਰਿਆ ਇਸ ਹੀ ਤਰ੍ਹਾਂ ਮੌਰੀਆ ਵੰਸ਼ ਦੇ ਆਖਰੀ ਸਮਰਾਟ ਵਰਿਹਦਰੱਥ ਦਾ ਬ੍ਰਾਮਣ ਸੈਨਾਪਤੀ ਪੁਸ਼ਯ ਸੁੰਘ ਮਿੱਤਰ ਨੇ ਉਸ ਦਾ ਕਤਲ ਕਰਕੇ ਆਪ ਸਿੰਗਾਸਨ ਉੱਤੇ ਬੈਠਣ ਤੋਂ ਬਾਦ ਬੋਧ ਭਿੱਖੂਆਂ ਅਤੇ ਉਪਾਸਕਾਂ ਦੇ ਖੂਨ ਦੀਆਂ ਨਦੀਆਂ ਬਹਾ ਦਿੱਤੀਆਂ, ਕਿਹਾ ਜਾਂਦਾ ਹੈ ਕਿ ਬੋਧੀ ਭਿੱਖੂ ਦਾ ਸਿਰ ਵੱਢਕੇ ਲਿਆਣ ਵਾਲੇ ਨੂੰ ਪੁਸ਼ਯ ਮਿੱਤਰ ਸੋਨੇ ਦੀਆਂ ਮੋਹਰਾਂ ਇਨਾਮ ਦਿੰਦਾ ਸੀ।

ਪੰਜਾਬ ਵਿੱਚ ਬੁੱਧ ਧੰਮ 11- 12ਵੀਂ ਸਦੀ ਤੱਕ ਜਿਉਂਦਾ ਰਿਹਾ, ਚੀਨਾ ਪੱਟੀ ਦੇ ਇਲਾਕੇ ਵਿੱਚ ਜਿਹੜੇ ਚੀਨੇ ਬੈਠੇ ਉਹ ਛੀਨੇ ਅਖਵਾਏ ਅਤੇ ਦੂਸਰੇ ਪਾਸੇ ਗੁਜਰਾਂਵਾਲਾ, ਸਿਆਲਕੋਟ ਵਿੱਚ ਬੈਠੇ, ਉਨ੍ਹਾਂ ਦਾ ਨਾਂਅ ਬਣਿਆ ਚੀਮੇ ਇਨ੍ਹਾਂ ਵਿੱਚੋਂ ਜਿਹੜੇ ਆਪਣੇ ਆਪ ਨੂੰ ਹੋਰ ਵੀ ਉੱਚਾ ਗਿਣਦੇ ਸਨ ਉਹ ਆਪਣੇ ਆਪਨੂੰ ਤੁੰਗ ਅਖਵਾਏ ਪਰ ਸਵਾਲ ਪੈਦਾ ਹੁੰਦਾ ਹੈ ਕਿ ਚੀਨੇ, ਛੀਨੇ ਜਾਂ ਚੀਮੇ ਜੱਟ ਕਿਵੇਂ ਬਣ ਗਏ? ਇਹ ਸਵਾਲ ਪੰਜਾਬ ਲਈ ਇੱਕ ਬਹੁਤ ਹੀ ਮਹੱਤਵ ਪੂਰਵਕ ਅਤੇ ਗੰਭੀਰ ਹੈ। ਦਰਅਸਲ ਪੰਜਾਬ ਨਸਲਾਂ ਅਤੇ ਕਬੀਲਿਆਂ ਦਾ ਅਸਥਾਨ ਹੈ, ਇਤਿਹਾਸਕ ਪੱਖੋਂ ਇੱਥੇ ਨਸਲਾਂ ਪੈਦਾ ਹੁੰਦੀਆਂ ਰਹੀਆਂ ਹਨ ਇਹ ਪੰਜਾਬ ਨਸਲਾਂ ਦਾ ਗੜ੍ਹ ਹੈ ਆਪਸੀ ਮੇਲ ਤੋਂ ਨਸਲਾਂ ਘੜੀਆਂ ਗਈਆਂ। ਪੰਜਾਬ ਦੀਆਂ ਬਹੁਤ ਜਾਤਾਂ-ਪਾਤਾਂ ਦੀ ਬੱਸ ਇਹ ਹੀ ਕਹਾਣੀ ਹੈ, ਜੋ ਛੀਨਿਆਂ ਜਾਂ ਚੀਮਿਆਂ ਦੀ ਹੈ ਇੱਥੇ ਗ੍ਰੀਕ, ਮੰਗੋਲ, ਸਾਕਾ, ਹੂਨ, ਈਰਾਨੀ, ਤੁਰਕੀ ਅਤੇ ਹੋਰ ਬਹੁਤ ਹਮਲਾਆਵਰ ਆਏ ਜੋ ਪੰਜਾਬੀ ਸਮਾਜ ਵਿੱਚ

# ਚੀਨਾ, ਛੀਨਾ ਅਤੇ ਚੀਮਾ

ਘੁਲ-ਮਿਲ ਗਏ ਜਿਵੇਂ ਜੱਟ ਮੂਲ ਰੂਪ ਵਿੱਚ ਗੋਰੇ ਸਨ ਪਰ ਬਾਦ ਵਿੱਚ ਨਸਲੀ ਮਿਲਾਵਟ ਕਰਕੇ ਕਣਕਬੰਨਾ ਜਾਂ ਕਾਲਾ ਰੰਗ ਆਮ ਮਿਲਦਾ ਹੈ, ਹੁਣ ਸਵਾਲ ਪੈਦਾ ਹੁੰਦਾ ਹੈ ਕਿ ਚੀਨੇ, ਛੀਨੇ ਜਾਂ ਚੀਮੇ ਜੱਟ ਕਿਉਂ ਬਣੇ ?ਕਿਸੇ ਹੋਰ ਜਾਤ ਵਿੱਚ ਕਿਉਂ ਨਹੀ ਗਏ ਇਸਦਾ ਸਿੱਧਾ ਜਿਹਾ ਜਬਾਬ ਹੈ ਕਿ ਖੁਦ ਹਿਜ਼ਰਤ ਕਰਕੇ ਉਨ੍ਹਾਂ ਦਿਨਾਂ ਵਿੱਚ ਇੱਥੇ ਵਸ ਰਹੇ ਸਨ। ਜੱਟ, ਬ੍ਰਾਮਣ ਦੀ ਵਰਣ ਵਿਵਸਥਾ ਅਤੇ ਜਾਤ-ਪਾਤ ਦੀ ਜ਼ਿਆਦਾ ਪ੍ਰਵਾਹ ਨਹੀ ਸੀ ਕਰਦਾ ਭਾਵ ਬ੍ਰਾਮਣ ਦੇ ਕਾਨੂੰਨ ਤੋਂ ਬ਼ਾਗੀ ਸੀ ਮਹਾਭਾਰਤ ਅਤੇ ਕਈ ਹੋਰ ਗਰੰਥਾਂ ਵਿੱਚ ਆਉਂਦਾ ਹੈ ਕਿ ਪੰਜਾਬ ਦੇ ਲੋਕ ਬ੍ਰਾਮਣੀ ਕਾਨੂੰਨਾਂ ਦੀ ਪ੍ਰਵਾਹ ਨਹੀਂ ਕਰਦੇ ਦੂਜੇ ਪਾਸੇ ਜੱਟ ਦੇਖਣ-ਪਾਖਣ ਨੂੰ ਸੋਹਣੇ ਸੁਨੱਖੇ ਸਨ ਉਧਰ ਚੀਨੀ ਗੋਰੇ, ਸੋਹਣੇ ਅਤੇ ਮਾਲਦਾਰ ਸਨ, ਜ਼ਮੀਨਾਂ ਦੇ ਮਾਲਕ ਸਨ, ਓਈਗਰ ਦੀਆਂ ਸ਼ਕਲਾਂ ਧਿਆਨ ਨਾਲ ਦੇਖੋ, ਸੋ ਜੱਟਾਂ ਨੇ ਚੀਨਿਆਂ ਨਾਲ ਰਿਸ਼ਤੇ ਨਾਤੇ ਤੋਂ ਪ੍ਰਹੇਜ਼ ਨਾ ਕੀਤਾ।

ਰਿਸ਼ਤਾ ਕਰਨ ਵੇਲੇ ਹਰ ਕੋਈ ਮਾਲਦਾਰ ਸਾਮੀ ਲੱਭਦਾ ਹੈ ਫਿਰ ਉਨ੍ਹਾਂ ਦਿਨਾਂ ਵਿੱਚ ਚੀਨੀ ਲੋਕ ਸੱਭਿਅਤਾ ਵਿੱਚ ਸਾਡੇ ਨਾਲੋਂ ਅੱਗੇ ਸਨ ਜਿਵੇਂ ਅੰਗਰੇਜ਼ ਅੱਜ ਸਾਡੇ ਨਾਲੋਂ ਅੱਗੇ ਹੈ । ਅੱਠਵੀਂ ਸਦੀ ਦੇ ਅਰਬੀ ਗਰੰਥ ਚੱਸ਼ਨਮਾ ਵਿੱਚ ਆਉਂਦਾ ਹੈ ਕਿ ਪੰਜਾਬ ਦੇ ਸਾਰੇ ਦੇ ਸਾਰੇ ਜੱਟ ਬੁੱਧ ਧੰਮ ਨੂੰ ਮੰਨਦੇ ਸਨ ਜੋ ਬੁੱਧ ਮੱਤ ਤੋਂ ਬਾਦ ਮਜਬੂਰਨ ਹਿੰਦੂ ਬਣ ਗਏ ਜਾਂ ਮੁਸਲਮਾਨ ਅਤੇ ਬਾਦ ਵਿੱਚ ਸਿੱਖ । ਅਗਲਾ ਸਵਾਲ ਬਣਦਾ ਹੈ ਕਿ ਜੇ ਛੀਨੇ ਚੀਨੇ ਹਨ ਤਾਂ ਇਨ੍ਹਾਂ ਦੇ ਚੇਹਰੇ ਚੀਨਿਆਂ ਵਾਂਗ ਚਿਪਟੇ ਕਿਉਂ ਨਹੀਂ ਹਨ? ਇਹ ਤਾਂ ਆਮ ਜੱਟਾਂ ਵਰਗੇ ਹੀ ਹਨ ਇੱਥੇ ਸਪੱਸ਼ਟ ਕਰਨਾ ਬਣਦਾ ਹੈ ਕਿ ਚੀਨ ਦੇ ਜਿਸ ਇਲਾਕੇ ਵਿੱਚੋਂ ਇਹ ਆਏ ਉਹ ਪੁਰਾਣੇ ਸੋਵੀਅਤ ਰੂਸ ਭਾਵ ਤੁਰਕ-ਸਤਾਨ ਚੀਨ ਦਾ ਸਰਹੱਦੀ ਦਾ ਇਲਾਕਾ ਹੈ, ਪੀਲੀ ਨਦੀ ਦਾ ਪੱਛਮ ਭਾਵ ਇਹ ਓਈਗਰ ਲੋਕਾਂ ਵਿੱਚੋਂ ਹਨ, ਖੂਬਸੂਰਤ ਓਈਗਰਾਂ ਦੇ ਚੇਹਰੇ ਬਹੁਤ ਘੱਟ ਚਿਪਟੇ ਹੁੰਦੇ ਹਨ ਫਿਰ ਇਹ ਦੋ ਹਜ਼ਾਰ ਸਾਲ ਪਹਿਲਾਂ ਆਏ ਸਨ ਹੁਣ ਤੱਕ ਇਨ੍ਹਾਂ ਦੀ ਕੋਈ 80-85 ਵੀਂ ਪੁਸ਼ਤ ਚੱਲ ਰਹੀ ਹੈ ।ਹਰ ਵਾਰ ਨਸਲੀ ਮਿਲਾਵਟ ਹੁੰਦੀ ਆਈ ਹੈ, ਫਿਰ ਤੁਹਾਨੂੰ ਚੀਨਿਆਂ ਅਤੇ ਚੀਮਿਆਂ ਵਿੱਚ ਓਈਗਰ ਸ਼ਕਲ ਦੇ ਮਰਦ ਅਤੇ ਔਰਤਾਂ ਆਮ ਦਿਸਣਗੇ ਕਿਉਂਕਿ ਕੁਝ ਪੁਸ਼ਤਾਂ ਬਾਦ ਮੂਲ ਸ਼ਕਲ ਵੀ ਆਉਂਦੀ ਹੈ । ਇਸ ਵਾਸਤੇ ਸਾਂਇਸ ਦਾ ਅਸੂਲ ਦੇਖੋ "ਮੈਂਡਸ ਲੌਅ ਔਫ ਇੰਹੈਰਟਿਜ" ਕਿ ਕਿੰਨੀ ਪੁਸ਼ਤ ਬਾਦ ਓਈਗਰ ਸ਼ਕਲ ਦਾ ਬੱਚਾ ਪੈਦਾ ਹੁੰਦਾ ਹੈ । ਸਾਨੂੰ ਪਤਾ ਲੱਗਾ ਹੈ ਕਿ ਪਾਕਿਸਤਾਨ ਦੇ ਉੱਤਰ ਵਿੱਚ ਤਾਂ ਇਹ ਓਈਗਰ ਆਪਣੀ ਪਛਾਣ ਬਣਾਏ ਹੋਏ ਹਨ, ਸਮਝ ਨਹੀਂ ਆਉਂਦੀ ਕਿ ਛੀਨਿਆ ਨੇ ਓਈਗਰ ਲੋਕਾਂ ਕੋਲੋਂ ਬਰੈਡ ਬਣਾਉਣ ਦਾ ਤਰੀਕਾ ਕਿਉਂ ਨਹੀਂ ਸਿੱਖਿਆ ? ਛੀਨੇ ਪਿੰਡ ਦੇ ਬੱਚਿਆਂ ਦੇ ਚੇਹਰੇ ਦੇਖੋਗੇ ਤਾਂ ਆਪਨੂੰ ਸਮਾਨਤਾ ਨਜ਼ਰ ਆਵੇਗੀ ਜੋ ਓਈਗਰਾਂ ਨਾਲ ਮਿਲਦੀ ਹੈ। ਉਂਜ ਛੀਨਿਆਂ ਦੇ ਲਾਗੇ ਇੱਕ ਪਿੰਡ ਹੈ ਉਗਰਔਲਖ ਇਸਦਾ ਅਸਲੀ ਨਾਂਅ ਓਈਗਰ ਔਲਖ ਹੋਵੇਗਾ ਜੋ ਹੌਲੀ ਹੌਲੀ ਉਗਰਔਲਖ ਬਣ ਗਿਆ ਇਸ ਸੱਭ ਤੋਂ ਬਾਦ ਅਗਰ ਕਿਸੇ ਦੀ ਤਸੱਲੀ ਨਹੀਂ ਹੋਈ ਤਾਂ ਉਹ ਡੀ ਐਨ ਏ ਟੈਸਟ ਕਰਵਾਕੇ ਛੀਨਿਆਂ ਦੇ ਚੀਨਿਆਂ ਨਾਲ ਸੰਬੰਧਾਂ ਦਾ ਪਤਾ ਕਰ ਸਕਦੇ ਹਨ ।

ਦੇਖਿਆ ਉਹ ਥੇਹ, ਉਹ ਟਿੱਲੇ ਜਿਸਨੂੰ ਆਪਾਂ ਐਵੇਂ ਹੀ ਸਮਝ ਰਹੇ ਸੀ ਕਿਵੇਂ ਆਪਣੇ ਅੰਦਰ ਇਤਹਾਸ ਸੰਭਾਲਕੇ ਬੈਠੇ ਹਨ,ਸਾਨੂੰ ਜ਼ਰੂਰਤ ਹੈ ਇਨ੍ਹਾਂ ਥੇਹਾਂ, ਟਿੱਲਿਆਂ, ਪੁਰਾਤਨ ਇਮਾਰਤਾਂ ਅਤੇ ਵਿਰਾਸਤ ਨੂੰ ਸੰਭਾਲ ਦੀ, ਜ਼ਰੂਰਤ ਹੈ ਪੰਜਾਬ ਸ੍ਰਕਾਰ ਬਚੇ ਹੋਏ ਥੇਹਾਂ ਨੂੰ ਬਚਾ ਲਵੇ ਕਿਉਂਕਿ ਬਹੁਤ ਜ਼ਿਆਦਾ ਥੇਹ ਤਾਂ ਪੂਰਬੀ ਪੰਜਾਬ ਵਿੱਚ ਵਾਹ ਦਿੱਤੇ ਹਨ, ਹਰ ਪੰਜਾਬੀ ਦਾ ਫ਼ਰਜ਼ ਬਣਦਾ ਹੈ ਕਿਇਨ੍ਹਾਂ ਨੂੰ ਬਚਾਵੇ !

ਨੋਟ-: ਇਸ ਲੇਖ ਦਾ ਜ਼ਿਆਦਾ ਹਿੱਸਾ ਵਿਦਵਾਨ ਭਬੀਸ਼ਨ ਸਿੰਘ ਗੁਰਾਇਆ ਜੀ ਦੀ ਡੀ ਵੀ ਡੀ ਉੱਤੇ ਆਧਾਰਤ ਹੈ, ਕ੍ਰਿਪਾ ਕਰਕੇ ਯੂ ਟਿਊਬ ਤੇ ਜਾਕੇ ਅੰਗਰੇਜ਼ੀ ਵਿੱਚ china chhina cheema ਭਰੋ ਤਾਂ ਇਹ ਸਾਰੀ ਡਾਕੂਮੈਂਟਰੀ ਦੇਖ ਸਕੋਗੇ।

# ਦੂਸਰੀ ਸ਼ਾਦੀ- ਨਹੀਂ ਉੱਠਦਾ ਜਾਤੀ ਦਾ ਸਵਾਲ

ਉੱਤਰ ਪ੍ਰਦੇਸ਼ ਦੇ ਕਾਨ੍ਹਪੁਰ ਸ਼ਹਿਰ ਦੀ ਗੱਲ ਹੈ। ਇਕ ਉੱਚੇ ਖਾਨਦਾਨ ਦਾ ਲੜਕਾ ਪ੍ਰਭਾਕਰ ਗੈਰ ਬਿਰਾਦਰੀ ਦੀ ਲੜਕੀ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ, ਪ੍ਰਭਾਕਰ ਦੇ ਪਿਤਾ ਉੱਚੀ ਜਾਤੀ ਦੇ ਸਨ। ਉਹਨਾਂ ਨੂੰ ਇਹ ਗੱਲ ਪਸੰਦ ਨਾ ਆਈ ਕਿ ਐਨੇ ਵੱਡੇ ਖਾਨਦਾਨ ਦਾ ਲੜਕਾ ਨੀਵੀਂ ਜਾਤੀ ਦੀ ਲੜਕੀ ਨਾਲ ਸ਼ਾਦੀ ਕਰੇ।

ਪ੍ਰਭਾਕਰ ਦੇ ਬਹੁਤ ਚਾਹੁਣ ਦੇ ਬਾਅਦ ਵੀ ਉਹ ਸ਼ਾਦੀ ਨਹੀਂ ਹੋਈ। ਪ੍ਰਭਾਕਰ ਦੀ ਸ਼ਾਦੀ ਬਾਅਦ ਵਿਚ ਉੱਚੇ ਖਾਨਦਾਨ ਦੀ ਲੜਕੀ ਨਾਲ ਹੋ ਗਈ। ਸ਼ਾਦੀ ਦੇ ਕੁਝ ਸਮੇਂ ਲੰਘਣ ਦੇ ਬਾਅਦ ਪ੍ਰਭਾਕਰ ਅਤੇ ਉਸ ਦੀ ਉੱਚੀ ਜਾਤੀ ਵਾਲੀ ਪਤਨੀ ਵਿਚ ਅਣਬਣ ਹੋਣ ਲੱਗੀ।

ਪ੍ਰਭਾਕਰ ਦੇ ਪਿਤਾ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਹੋ ਜਿਹਾ ਕਿਉਂ ਹੋ ਰਿਹਾ ਹੈ? ਉਹਨਾਂ ਨੇ ਪ੍ਰਭਾਕਰ ਦੇ ਨਾਲ ਉਸ ਲੜਕੀ ਦੀ ਜਨਮ ਪੱਤਰੀ ਇਕ ਬ੍ਰਾਹਮਣ ਤੋਂ ਮਿਲਵਾਈ ਸੀ। ਲੜਕੀ ਚਾਹੁੰਦੀ ਸੀ ਕਿ ਛੇਤੀ ਤੋਂ ਛੇਤੀ ਤਲਾਕ ਹੋ ਜਾਵੇ, ਜਿਸ ਨਾਲ ਦੋਹਾਂ ਦਾ ਸਮਾਂ ਖਰਾਬ ਨਾ ਹੋਵੇ।

ਪ੍ਰਭਾਕਰ ਨੇ ਕੋਰਟ ਵਿਚ ਜਾ ਕੇ ਤਲਾਕ ਦੇ ਲਈ ਸਹਿਮਤੀ ਜਤਾ ਦਿੱਤੀ, ਇਸ ਨਾਲ ਦੋਹਾਂ ਦਾ ਤਲਾਕ ਛੇਤੀ ਹੋ ਗਿਆ। ਤਲਾਕ ਲੈਣ ਦੇ ਇਕ ਸਾਲ ਬਾਅਦ ਪ੍ਰਭਾਕਰ ਨੇ ਆਪਣੀ ਪਸੰਦ ਦੀ ਉਸੇ ਨੀਵੀਂ ਜਾਤੀ ਦੀ ਲੜਕੀ ਨਾਲ ਸ਼ਾਦੀ ਕਰ ਲਈ। ਮਜ਼ੇ ਦੀ ਗੱਲ ਇਹ ਕਿ ਇਸ ਵਾਰ ਪ੍ਰਭਾਕਰ ਦੇ ਘਰ ਵਾਲਿਆਂ ਨੇ ਊਚ ਨੀਚ ਦੀ ਕੋਈ ਗੱਲ ਨਹੀਂ ਕੀਤੀ।

ਇਕ ਹੋਰ ਘਟਨਾ। ਅੱਜ ਉਹ ਇਕ ਵੰਡਾ ਅਫਸਰ ਹੈ। ਜਦ ਉਹ ਪੜ੍ਹ ਰਿਹਾ ਸੀ ਤਦ ਉਹਨਾਂ ਦੀ ਹੀ ਜਾਤੀ ਦੀ ਇਕ ਲੜਕੀ ਦੇ ਨਾਲ ਉਸ ਦੀ ਸ਼ਾਦੀ ਹੋਈ ਸੀ। ਉਸ ਸਮੇਂ ਅਫਸਰ ਦੀ ਉਮਰ 20 ਸਾਲ ਰਹੀ ਹੋਵੇਗੀ ਅਤੇ ਉਸ ਦੀ ਪਤਨੀ ਦੀ ਉਮਰ 18 ਸਾਲ ਦੀ ਰਹੀ ਹੋਵੇਗੀ। ਪਤੀ ਤਾਂ ਪੜ੍ਹ-ਲਿਖ ਕੇ ਅੱਗੇ ਵਧਦਾ ਗਿਆ, ਪਰ ਪਤਨੀ ਘਰੇਲੂ ਕੰਮਕਾਜ ਅਤੇ ਬੱਚਿਆਂ ਵਿਚ ਫਸ ਗਈ। ਦੋਹਾਂ ਦੇ ਰਹਿਣ ਸਹਿਣ ਵਿਚ ਵੀ ਤਬਦੀਲੀ ਆ ਗਈ। ਪਤਨੀ ਜਦ ਪਤੀ ਦੇ ਮੁਕਾਬਲੇ ਕਿਤੇ ਠਹਿਰ ਹੀ ਨਹੀਂ ਰਹੀ ਸੀ। ਅਫਸਰ ਬਣ ਗਏ ਪਤੀ ਦੇ ਕੋਲ ਪੈਸਿਆਂ ਦੀ ਘਾਟ ਵੀ ਨਹੀਂ ਰਹਿ ਗਈ ਸੀ। ਉਸ ਨੇ ਪਤਨੀ ਦੇ ਲਈ ਇਕ ਵੱਡਾ ਸਾਰਾ ਮਕਾਨ ਬਣਵਾ ਦਿੱਤਾ ਅਤੇ ਉਸ ਨੂੰ ਬੱਚਿਆਂ ਨਾਲ ਰਹਿਣ ਦਿੱਤਾ। ਖੁਦ ਉਹ ਇਕ ਪੱਛੜੀ ਜਾਤੀ ਦੀ ਘੱਟ ਉਮਰ ਦੀ ਔਰਤ ਦੇ ਨਾਲ ਦੂਜੇ ਜ਼ਿਲ੍ਹੇ ਵਿਚ ਰਹਿਣ ਲੱਗਾ।

ਜਦ ਅਫਸਰ ਦੇ ਬੇਟੇ ਅਤੇ ਬੇਟੀ ਦੀ ਸ਼ਾਦੀ ਹੋ ਗਈ ਤਾਂ ਉੱਚੀ ਜਾਤੀ ਦੇ ਇਹਨਾਂ ਜਨਾਬ ਨੇ ਪੱਛੜੀ ਜਾਤੀ ਦੀ ਉਸ ਔਰਤ ਨਾਲ ਸ਼ਾਦੀ ਕਰ ਲਈ। ਸਮਾਜ ਵਿਚ ਕਿਸੇ ਨੇ ਵੀ ਇਹ ਸਵਾਲ ਖੜ੍ਹਾ ਨਹੀਂ ਕੀਤਾ ਕਿ ਦੂਸਰੀ ਜਾਤੀ ਵਿਚ ਸ਼ਾਦੀ ਕਿਉਂ?

ਇਕ ਹੋਰ ਆਦਮੀ ਦਾ ਮਾਮਲਾ ਦੇਖੋ, ਘੱਟ ਉਮਰ ਵਿਚ ਹੀ ਉਹਨਾਂ ਦੀ ਸ਼ਾਦੀ ਆਪਣੀ ਹੀ ਬਿਰਾਦਰੀ ਦੀ ਉੱਚੀ ਹੈਸੀਅਤ ਵਾਲੀ ਲੜਕੀ ਨਾਲ ਹੋ ਗਈ। ਸਮੇਂ ਦੇ ਨਾਲ-ਨਾਲ ਦੋ ਬੱਚੇ ਵੀ ਪੈਦਾ ਹੋਏ। ਬੱਚੇ ਵੱਡੇ ਹੋ ਗਏ ਅਤੇ ਹੋਸਟਲ ਵਿਚ ਪੜ੍ਹਨ ਲੱਗੇ। ਮਾਂ ਬਾਪ ਇਕੱਲੇ ਹੋ ਗਏ। ਉਹਨਾਂ ਵਿਚਾਲੇ ਤਣਾਅ ਵੀ ਵੱਧ ਗਿਆ। ਇਕ ਸਮਾਂ ਇਹੋ ਜਿਹਾ ਵੀ ਆਇਆ ਕਿ ਦੋਵੇਂ ਅੱਡ-ਅੱਡ ਰਹਿਣ ਲੱਗੇ। ਤਦੇ ਇਕ ਗੈਰ ਬਿਰਾਦਰੀ ਦੀ ਔਰਤ ਦਾ ਉਹਨਾਂ ਦੇ ਪਰਿਵਾਰ ਵਿਚ ਆਉਣਾ-ਜਾਣਾ ਹੋਇਆ। ਉਸ ਔਰਤ ਨੇ ਪਤੀ ਦਾ ਦਿਲ ਤਾਂ ਜਿੱਤ ਹੀ ਲਿਆ ਸੀ। ਕੁਝ ਦਿਨਾਂ ਵਿਚ ਹੀ ਬੱਚੇ ਅਤੇ ਦੂਸਰੇ ਵਾਕਫ ਵੀ ਉਸ ਦੇ ਮੁਰੀਦ ਹੋ ਗਏ।

ਪਤੀ ਨੇ ਵੀ ਪਹਿਲੀ ਪਤਨੀ ਨੂੰ ਤਲਾਕ ਦਿੱਤਾ ਅਤੇ ਗੈਰ ਬਿਰਾਦਰੀ ਵਾਲੀ ਦੂਸਰੀ ਔਰਤ ਨੂੰ ਪਤਨੀ ਬਣਾ ਘਰ ਵਿਚ ਰੱਖ ਲਿਆ। ਘਰ-ਪਰਿਵਾਰ ਅਤੇ ਬੱਚਿਆਂ ਨੇ ਕਿਸੇ ਤਰ੍ਹਾਂ ਦੇ ਜਾਤੀ ਅਤੇ ਧਰਮ ਦੀ ਗੱਲ ਨਹੀਂ ਕੀਤੀ। ਇਕ ਨੇਤਾ ਦਾ ਵੀ ਮਾਮਲਾ ਹੈ।

ਉਸ ਦਾ ਵੀ ਘੱਟ ਉਮਰ ਵਿਚ ਆਪਣੀ ਬਿਰਾਦਰੀ ਦੀ ਲੜਕੀ ਦੇ ਨਾਲ ਵਿਆਹ ਹੋ ਗਿਆ ਸੀ। ਕਾਫੀ ਸਮੇਂ ਤੱਕ ਦੋਹਾਂ ਦੇ ਵਿਚਕਾਰ ਸਬੰਧ ਚੰਗੇ ਢੰਗ ਨਾਲ ਚਲਦੇ ਰਹੇ, ਬੱਚੇ ਵੀ ਹੋਏ। ਕੁਝ ਸਾਲ ਪਹਿਲਾਂ ਨੇਤਾ ਜੀ ਆਪਣੇ ਪਿੰਡ ਵਾਲੀ ਪਤਨੀ ਨੂੰ ਛੱਡ ਕੇ ਸ਼ਹਿਰ ਚਲੇ ਗਏ ਅਤੇ ਇੱਥੇ ਉੱਚੀ ਜਾਤੀ ਦੀ ਇਕ ਔਰਤ ਨੂੰ ਆਪਣੇ ਘਰ ਵਿਚ ਰੱਖ ਲਿਆ। ਭਲੇ ਹੀ ਉਹਨਾਂ ਦੋਹਾਂ ਨੇ ਲੋਕਾਂ ਦੇ ਸਾਹਮਣੇ ਸ਼ਾਦੀ ਨਾ ਕੀਤੀ ਹੋਵੇ ਪਰ ਉਹ ਔਰਤ ਉਸ ਦੀ ਪਤਨੀ ਦੇ ਵਾਂਗ ਰਹਿ ਰਹੀ ਹੈ। ਇਹੋ ਜਿਹੇ ਮਾਮਲੇ ਸਮਾਜ ਦੇ ਹਰ ਤਬਕੇ ਵਿਚ ਮਿਲ ਸਕਦੇ ਹਨ। ਸਮਾਜ ਵਿਚ ਰੂੜੀਆਂ ਦੇ ਚਲਦੇ ਭਲੇ ਹੀ ਲੋਕ ਗੈਰ-ਬਿਰਾਦਰੀ ਵਿਚ ਸ਼ਾਦੀ ਨੂੰ ਸਹੀ ਨਾ ਮੰਨਦੇ ਹੋਣ, ਪਰ ਜਦ ਦੂਸਰੀ ਸ਼ਾਦੀ ਕਰਨ ਦਾ ਮੌਕਾ ਆਉਂਦਾ ਹੈ,



- ਨਿਰਮਲ ਚੌਹਾਨ
91-94631- 61691

ਤਾਂ ਕੋਈ ਵੀ ਆਦਮੀ ਬਿਰਾਦਰੀ ਦੀ ਗੱਲ ਨਹੀਂ ਕਰਦਾ ਹੈ। ਜਦ ਇਸ ਦੇ ਕਾਰਨਾਂ ਦੀ ਪੜਤਾਲ ਕੀਤੀ ਗਈ, ਤਾਂ ਕਈ ਗੱਲਾਂ ਸਾਹਮਣੇ ਆਈਆਂ।

ਪਹਿਲੀ ਸ਼ਾਦੀ ਵਿਚ ਦਬਾਅ

ਇਹੋ ਜਿਹਾ ਹੋਣ ਦੀ ਸਭ ਤੋਂ ਵੱਡੀ ਵਜ੍ਹਾ ਇਹ ਹੈ ਕਿ ਪਹਿਲੀ ਸ਼ਾਦੀ ਦੇ ਸਮੇਂ ਲੜਕਾ ਪਰਿਵਾਰ ਵਾਲਿਆਂ ਦੇ ਦਬਾਅ ਵਿਚ ਹੁੰਦਾ ਹੈ। ਇਸ ਲਈ ਗੈਰ ਬਿਰਾਦਰੀ ਵਿਚ ਸ਼ਾਦੀ ਕਰਨ ਦੀ ਗੱਲ ਉਹ ਸੋਚ ਵੀ ਨਹੀਂ ਸਕਦਾ, ਪਰ ਜਦ ਉਹ ਦੂਸਰੀ ਸ਼ਾਦੀ ਕਰਦਾ ਹੈ, ਤਦ ਤੱਕ ਉਹ ਸਮਾਜਿਕ ਅਤੇ ਮਾਲੀ ਰੂਪ ਨਾਲ ਮਜ਼ਬੂਤ ਹੋ ਜਾਂਦਾ ਹੈ। ਉਸੇ ਸਮਾਜ ਦੀ ਵੀ ਪ੍ਰਵਾਹ ਨਹੀਂ ਰਹਿੰਦੀ ਹੈ। ਜਿਸ ਨੇਤਾ ਅਤੇ ਅਫਸਰ ਦਾ ਜ਼ਿਕਰ ਕੀਤਾ ਹੈ, ਉਹ ਅੱਜ ਸਮਾਜ ਦੇ ਇੱਜ਼ਤਦਾਰ ਤਬਕੇ ਦਾ ਹਿੱਸਾ ਹਨ। ਉਹਨਾਂ ਦੇ ਨਾਲ ਬੈਠ ਕੇ ਹਰੇਕ ਆਦਮੀ ਨੂੰ ਚੰਗਾ ਲੱਗਦਾ ਹੈ, ਇਸ ਲਈ ਉਹਨਾਂ ਦੇ ਕੰਮ ਦੀ ਕੋਈ ਬੁਰਾਈ ਨਹੀਂ ਕਰਦਾ।

ਨਾ ਪਾਂਡੇ, ਨਾ ਕੁੰਡਲੀ- ਦਰਅਸਲ ਇਸ ਤਰ੍ਹਾਂ ਦੇ ਇਕ ਨਹੀਂ, ਬਲਕਿ ਕਈ ਉਦਾਹਰਣ ਮਿਲ ਜਾਣਗੇ। ਸ਼ਾਦੀ ਦੀ ਕਾਮਯਾਬੀ ਦੇ ਲਈ ਬਿਰਾਦਰੀ ਜਿਹੀ ਚੀਜ਼ ਦੀ ਜ਼ਰੂਰਤ ਨਹੀਂ ਹੁੰਦੀ ਹੈ। ਪਤੀ-ਪਤਨੀ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਸ਼ਾਦੀ ਦੇ ਬਾਅਦ ਕਿਸ ਤਰ੍ਹਾਂ ਜ਼ਿੰਦਗੀ ਜੀਈ ਜਾਂਦੀ ਹੈ।

ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਬਿਰਾਦਰੀ ਅਤੇ ਧਰਮ ਦੇ ਲੋਕ ਜ਼ਿੰਦਗੀ ਕਿਵੇਂ ਜਿਊਣਾ ਹੈ, ਇਹ ਨਹੀਂ ਸਿਖਾਉਂਦੇ ਹਨ। ਉਹ ਚਾਹੁੰਦੇ ਹਨ ਕਿ ਪਤੀ-ਪਤਨੀ ਕਿਸੇ ਨਾ ਕਿਸੇ ਤਰ੍ਹਾਂ ਲੜਾਈ-ਝਗੜੇ ਵਿਚ ਉਲਝੇ ਰਹਿਣ! ਪਤੀ-ਪਤਨੀ ਦੀ ਲੜਾਈ ਦੇ ਚਲਦਿਆਂ ਹੀ ਧਰਮ ਦੀ ਦੁਕਾਨਦਾਰੀ ਚਲਦੀ ਹੈ। ਪਤੀ-ਪਤਨੀ ਦੇ ਵਿਚਕਾਰ ਲੜਾਈ ਹੋਣ ਤੇ ਸਭ ਤੋਂ ਪਹਿਲਾਂ ਇਹ ਲੋਕ ਪੁਜਾਰੀ, ਸਾਧੂ ਸੰਤ ਅਤੇ ਤਾਂਤਰਿਕ ਆਦਿ ਦੇ ਕੋਲ ਜਾਂਦੇ ਹਨ। ਇਹਨਾਂ ਵਿਚੋਂ ਜ਼ਿਆਦਾਤਰ ਲੋਕ ਪਤੀ-ਪਤਨੀ ਦੇ ਵਿਚਾਲੇ ਦੀ ਲੜਾਈ ਦਾ ਫਾਇਦਾ ਲੈਂਦੇ ਹਨ।

ਕੁਝ ਤਾਂਤਰਿਕ ਤਾਂ ਇਸ ਝਗੜੇ ਦੇ ਪਰਦੇ ਵਿਚ ਔਰਤ ਦੇ ਨਾਲ ਜਿਸਮਾਨੀ ਸਬੰਧ ਵੀ ਬਣਾ ਲੈਂਦੇ ਹਨ। ਪਤੀ ਅਤੇ ਪਤਨੀ ਦੇ ਵਿਚਾਲੇ ਝਗੜੇ ਨੂੰ ਹੱਲ ਕਰਨ ਦੇ ਲਈ ਥਾਣੇ ਅਤੇ ਕਚਹਿਰੀ ਵਿਚ ਵੀ ਭੀੜ ਲੱਗੀ ਰਹਿੰਦੀ ਹੈ। ਜੋ ਪੈਸਾ ਮਿਹਨਤ ਕਰਕੇ ਕਮਾਇਆ ਜਾਂਦਾ ਹੈ, ਉਹ ਪਤੀ-ਪਤਨੀ ਰਾਹੀਂ ਆਪਣੀ ਲੜਾਈ ਲੜਨ ਵਿਚ ਲੁਟਾਇਆ ਜਾ ਰਿਹਾ ਹੈ। ਤਲਾਕ ਦਾ ਇਕ ਮਾਮਲਾ ਦੇਖਣ ਵਾਲੇ ਇਕ ਵਕੀਲ ਦਾ ਕਹਿਣਾ ਹੈ 'ਮੈਂ ਜਿੰਨੀਆਂ ਵੀ ਦੂਸਰੀਆਂ ਸ਼ਾਦੀਆਂ ਅਦਾਲਤ ਵਿਚ ਕਰਾਈਆਂ ਹਨ, ਕਿਸੇ ਵਿਚ ਵੀ ਬਿਰਾਦਰੀ ਦੀ ਗੱਲ ਸਾਹਮਣੇ ਨਹੀਂ ਆਈ ਹੈ। ਦੂਸਰੀ ਸ਼ਾਦੀ ਨੂੰ ਪਹਿਲਾਂ ਸਮਾਜ ਅਤੇ ਕਾਨੂੰਨ ਚੰਗੀਆਂ ਨਜ਼ਰਾਂ ਨਾਲ ਨਹੀਂ ਦੇਖਦਾ ਸੀ, ਪਰ ਹੁਣ ਇਸ ਦੇ ਲਈ ਸੋਚ ਬਦਲ ਰਹੀ ਹੈ।''

# ਸਾਊਦੀ ਅਰਬ 'ਚ ਸੜਕ ਹਾਦਸੇ ਦੌਰਾਨ ਮੌਤ ਦਾ ਸ਼ਿਕਾਰ ਹੋਏ ਨੌਜਵਾਨ ਦੀ ਲਾਸ਼ 70 ਦਿਨ ਬਾਅਦ ਪਿੰਡ ਪੁੱਜੀ

## ਅੰਤਿਮ ਸਸਕਾਰ ਵੇਲੇ ਸਮੁੱਚਾ ਪਿੰਡ ਧਾਹੀਂ ਰੋਅ ਪਿਆ

ਮਾਹਿਲਪੁਰ, 14 ਮਾਰਚ (ਸ਼ਿਵ ਕੁਮਾਰ ਬਾਵਾ)-ਇਸ ਸਾਲ ਜਨਵਰੀ ਮਹੀਨੇ ਦੀ 4 ਤਰੀਖ ਨੂੰ ਸਾਉਦੀ ਅਰਬ ਵਿੱਚ ਆਪਣੇ ਅਤਿ ਦਰਜੇ ਦੇ ਗਰੀਬ ਪਰਿਵਾਰ ਦੀ ਗਰੀਬੀ ਦੂਰ ਕਰਨ ਗਏ ਪਰਿਵਾਰ ਦੇ ਇਕਲੌਤੇ ਲੜਕੇ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਦੀ ਲਾਸ਼ ਅੱਜ 70 ਦਿਨਾਂ ਬਾਅਦ ਮਾਹਿਲਪੁਰ ਨਾਲ ਲਗਦੇ ਪਿੰਡ ਹਵੇਲੀ ਵਿਖੇ ਪੁੱਜੀ ਤਾਂ ਸਮੁੱਚੇ ਪਿੰਡ ਸੋਗ ਦੀ ਲਹਿਰ ਵਿੱਚ ਡੁੱਬ ਗਿਆ। ਪੀੜਤ ਲੜਕੇ ਦੇ ਪਰਿਵਾਰ ਅਤੇ ਮੈਂਬਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਸੀ। ਅੱਜ ਪਿੰਡ ਹਵੇਲੀ ਵਿਖੇ ਜਦ ਨੌਜਰਵਾਨ ਦੀ ਲਾਸ਼ ਪਿੰਡ ਪੁੱਜੀ ਤਾਂ ਪਿੰਡ ਸਮੇਤ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਪੀੜਤ ਪਰਿਵਾਰ ਦੇ ਘਰ ਜਮ੍ਹਾਂ ਹੋ ਗਏ। ਉਕਤ ਹਾਦਸਾ ਸਾਉਦੀ ਅਰਬ ਵਿੱਚ 4ਜਨਵਰੀ 2014 ਨੂੰ ਵਾਪਰਿਆ ਸੀ। ਇਸ ਸਬੰਧ ਵਿੱਚ ਲੜਕੇ ਦੀ ਮਾਂ ਅਤੇ ਭੈਣਾਂ ਨੂੰ ਕੋਈ ਵੀ ਜਾਣਕਾਰੀ ਨਹੀਂ ਸੀ ਤੇ ਅੱਜ ਜਦ ਲੜਕੇ ਦੀ ਲਾਸ਼ ਘਰ ਪੁੱਜੀ ਤਾਂ ਪਤਾ ਲੱਗਣ ਤੇ ਮਾਂ ਅਤੇ ਭੈਣਾਂ ਦੇ ਵਰਲਾਪ ਨਾ ਸਹਿਣਯੋਗ ਸਨ। ਮ੍ਰਿਤਕ ਲੜਕੇ ਹਰਕੰਵਲ ਸਿੰਘ ਦੇ ਬਾਬੇ ਗੁਰਦੇਵ ਸਿੰਘ ਅਤੇ



ਨਿਧਾਨ ਸਿੰਘ ਸਮੇਤ ਭੂਆ ਕੁਲਵਿੰਦਰ ਕੌਰ ਅਤੇ ਫੁੱਫੜ ਮੋਹਣ ਸਿੰਘ ਨੇ ਦੱਸਿਆ ਕਿ ਹਰਕੰਵਲ ਸਿੰਘ (23) ਨਵੰਬਰ 2013 ਵਿੱਚ ਮੌਤ ਤੋਂ ਤਿੰਨ ਮਹੀਨੇ ਪਹਿਲਾਂ ਹੀ ਸਾਊਦੀ ਅਰਬ ਰੋਜ਼ੀ ਰੋਟੀ ਲਈ ਗਿਆ ਸੀ। ਉਸਦੇ ਪਿਤਾ ਰਵਿੰਦਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਘਰ ਦੀ ਹਾਲਤ ਗਰੀਬੀ ਕਾਰਨ ਬਹੁਤ ਹੀ ਤਰਸਯੋਗ ਸੀ। ਉਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ। ਉਹਨਾਂ ਰੌਂਦਿਆਂ ਹੋਇਆਂ ਦੱਸਿਆ ਕਿ 4 ਜਨਵਰੀ ਦੀ ਰਾਤ ਨੂੰ ਉਸਦੇ ਕਿਸੇ ਦੋਸਤ ਦਾ ਘਰ ਫੋਨ ਆਇਆ ਕਿ ਹਰਕੰਵਲ ਸਿੰਘ ਦੀ ਸੜਕ ਹਾਦਸੇ ਦੌਰਾਨ ਮੌਕੇ ਤੇ ਹੀ ਮੌਤ ਹੋ ਗਈ ਹੈ।

ਉਹਨਾਂ ਉਕਤ ਖਬਰ ਨੂੰ ਉਸਦੇ ਪਰਿਵਾਰ ਨੂੰ ਬਿਨਾ ਦੱਸਿਆ ਲਾਸ਼ ਮੰਗਵਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਸਨ ਪ੍ਰੰਤੂ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਸੀ। ਉਹਨਾਂ ਦੱਸਿਆ ਕਿ ਲਗਭਗ 70 ਦਿਨਾਂ ਬਾਅਦ ਉਹ ਮ੍ਰਿਤਕ ਲੜਕੇ ਦੇ ਦੋਸਤਾਂ ਦੀ ਸਹਾਇਤਾ ਨਾਲ ਉਸਦੀ ਲਾਸ਼ ਪਿੰਡ ਲਿਆਉਣ ਵਿੱਚ ਕਾਮਯਾਬ ਹੋ ਸਕੇ। ਉਹਨਾਂ ਦੱਸਿਆ ਕਿ ਹਰਕੰਵਲ ਸਿੰਘ ਉਥੇ ਪਾਣੀ ਵਾਲਾ ਟੈਂਕਰ ਚਲਾਉਣ ਦਾ ਕੰਮ ਕਰਦਾ ਸੀ ਤੇ 4 ਜਨਵਰੀ ਨੂੰ ਉਸਦਾ ਟੈਂਕਰ ਰੋਡ ਤੇ ਅਚਾਨਕ ਪਲਟ ਗਿਆਜਿਸ ਸਦਕਾ ਉਸਦੀ ਮੌਕੇ ਤੇ ਹੀ ਮੌਤ ਹੋ ਗਈ।

ਉਸਦੀ ਭੂਆ ਦੀ ਲੜਕੀ ਅਮਨਦੀਪ ਕੌਰ ਨੇ ਉਸਦੇ ਸੜਕ ਹਾਦਸੇ ਵਾਲੀਆਂ ਫੋਟੋਆਂ ਦਿਖਾਉਂਦਿਆਂ ਦੱਸਿਆ ਕਿ ਉਕਤ ਹਾਦਸੇ ਦੀਆਂ ਫੋਟੋਆਂ ਹਰਕੰਵਲ ਸਿੰਘ ਦੇ ਦੋਸਤ ਵਲੋਂ ਉਸਦੇ ਕਹਿਣ ਤੇ ਮੇਲ ਕੀਤੀਆਂ ਗਈਆਂ ਸਨ। ਉਸਨੇ ਦੱਸਿਆ ਕਿ ਹਰਕੰਵਲ ਦੇ ਪਿਤਾ ਦੀ 15 ਸਾਲ ਪਹਿਲਾਂ ਹੀ ਮੌਤ ਹੋ ਗਈ ਸੀ । ਉਹ ਘਰ ਦੀ ਦਲ ਦਲ ਨੂੰ ਦੂਰ ਕਰਨ ਲਈ ਮੌਤ ਤੋਂ ਤਿੰਨ ਮਹੀਨੇ ਪਹਿਲਾਂ ਹੀ ਵਿਦੇਸ਼ ਗਿਆ ਜਿਥੇ ਉਸਦੀ ਦਰਦਨਾਕ ਮੌਤ ਹੋ ਗਈ।

ਉਸਨੇ ਦੱਸਿਆ ਕਿ ਉਸਦੀ ਬਜ਼ੁਰਗ ਮਾਤਾ ਪਰਮਜੀਤ ਕੌਰ ਨੇ ਬੜੀ ਸਖਤ ਮਿਹਨਤ ਉਸਨੂੰ ਵਿਦੇਸ਼ ਭੇਜਿਆ ਸੀ। ਉਸਦੀ ਭੂਆ ਕੁਲਵਿੰਦਰ ਕੌਰ ਨੇ ਦੱਸਿਆ ਕਿ ਖੁਦ ਕੁਆਰੇ ਹਰਕੰਵਲ ਸਿੰਘ ਦੀਆਂ ਤਿਨ ਭੇਣਾਂ ਵਿੱਚੋਂ ਹਾਲੇ ਇੱਕ ਦਾ ਹੀ ਵਿਆਹ ਕੀਤਾ ਗਿਆ ਹੈ। ਉਹਨਾਂ ਦੇ ਪਰਿਵਾਰ ਦੇ ਸਾਰੇ ਸਪਨੇ ਧਰੇ ਧਰਾਏ ਰਹਿ ਗਏ ਅਤੇ ਲਾਈਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ।

ਉਹਨਾਂ ਪੀੜਤ ਪਰਿਵਾਰ ਲਈ ਸਰਕਾਰ ਤੋਂ ਆਰਥਿਕ ਸਹਿਯੋਗ ਦੀ ਮੰਗ ਕੀਤੀ ਹੈ। ਮ੍ਰਿਤਕ ਹਰਕੰਵਲ ਸਿੰਘ ਦਾ ਅੱਜ ਪਿੰਡ ਹਵੇਲੀ ਦੇ ਸ਼ਮਸ਼ਾਨਘਾਟ ਵਿੱਚ ਅੰਤਮ ਸਸਕਾਰ ਕਰ ਦਿੱਤਾ ਗਿਆ।

ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਅਤੇ ਰਿਸ਼ਤੇਦਾਰ ਹਾਜ਼ਰ ਸਨ।

# ਜਾਤੀ ਨਫ਼ਰਤ ਦੀ ਹਿੰਸਾ ਵਿਚ ਝੁਲਸਿਆ ਇਕ ਦਲਿਤ ਵਿਦਿਆਰਥੀ

ਲਖਨਊ- ਆਧੁਨਿਕਤਾ ਦਾ ਚੋਲਾ ਪਹਿਨਿਆਂ ਭਾਰਤ ਨੂੰ 67 ਸਾਲ ਹੋ ਗਏ ਹਨ ਪਰ ਹਾਲੇ ਵੀ ਸਮਾਜ ਜਾਤੀ ਭੇਦ ਭਾਵ ਦੀਆਂ ਬੇੜੀਆਂ ਵਿਚ ਜਕੜਿਆ ਹੋਇਆ ਹੈ। ਇਸਦੀ ਉਦਾਹਰਣ ਲਖਨਊ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਵਿਪਿਨ ਕੁਮਾਰ ਦੇ ਨਾਲ ਹੋ ਰਹੇ ਜਾਤੀ ਭੇਦਭਾਵ ਵਜੋਂ ਦੇਖਿਆ ਜਾ ਸਕਦਾ ਹੈ। ਜਾਤੀਵਾਦ ਦੀ ਸੰਕੀਰਨ ਮਾਨਸਿਕਤਾ ਤੋਂ ਗ੍ਰਸਤ ਐਸੋਸੀਏਟ ਪ੍ਰੋਫੈਸਰ ਤਿੰਨ ਸਾਲ ਜਾਣ ਬੁੱਝ ਕੇ ਐਮ. ਬੀ. ਏ. ਦੇ ਦਲਿਤ ਵਿਦਿਆਰਥੀ ਵਿਪਿਨ ਕੁਮਾਰ ਨੂੰ ਫੇਲ੍ਹ ਕਰ ਰਹੇ ਹਨ। ਆਪਣੇ ਨਾਲ ਹੋ ਰਹੇ ਅੱਨਿਆ ਦੇ ਪ੍ਰਤੀ ਨਿਆਂ ਦੀ ਬੇਨਤੀ ਕਰਨਾ ਇਸ ਵਿਦਿਆਰਥੀ ਨੂੰ ਮਹਿੰਗਾ ਪੈ ਰਿਹਾ ਹੈ। ਯੂਨੀਵਰਸਿਟੀ ਤੋਂ ਲੈ ਕੇ ਅਦਾਲਤ ਤੱਕ ਨਿਆਂ ਦੇ ਲਈ ਦਰਵਾਜ਼ਾ ਖੜਕਾ ਚੁੱਕਾ ਹੈ। ਪਰ ਨਿਆਂ ਨਹੀਂ ਮਿਲਿਆ ਹੈ।

ਇਸ ਮੁੱਦੇ ਨੂੰ ਲੈ ਕੇ ਅੰਬੇਦਕਰ ਮਹਾਂ ਸਭਾ ਨੇ ਲਖਨਊ ਯੂਨੀ-ਵਰਸਿਟੀ ਦੇ ਕੁਲਪਤੀ ਨੂੰ ਮਿਲ ਕੇ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਆਪਣੀ ਦਰਦ ਭਰੀ ਦਾਸਤਾਨ ਸੁਣਾਉਂਦਿਆਂ ਵਿਪਿਨ ਕੁਮਾਰ ਨੇ ਦੱਸਿਆ ਕਿ ਬੜੇ ਉਤਸ਼ਾਹ ਨਾਲ ਸਾਲ 2010-11 ਵਿਚ ਲਖਨਊ ਯੂਨੀਵਰਸਿਟੀ ਦੇ ਬਿਜ਼ਨਸ ਮੈਨੇਜਮੈਂਟ ਕੋਰਸ ਵਿਚ ਦਾਖਲਾ ਲਿਆ ਸੀ। ਗੁਰੂ ਨੂੰ ਰੱਬ ਦਾ ਰੂਪ ਮੰਨਦੇ ਸਨ ਪਰ ਤਿੰਨ ਸਾਲਾਂ ਵਿਚ ਇਕ ਹੀ ਵਿਸ਼ੇ ਵਿਚ ਫੇਲ੍ਹ ਕੀਤੇ ਜਾਣ ਤੋਂ ਮੈਂ ਪ੍ਰੇਸ਼ਾਨ ਹੋ ਗਿਆ ਹਾਂ। ਐਮ. ਬੀ. ਏ. ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਂ ਰੌਸ਼ਨ ਕਰਨ ਦਾ ਸੁਪਨਾ ਟੁੱਟ ਗਿਆ ਹੈ। ਉਹਨਾਂ ਨੇ ਦੱਸਿਆ ਕਿ ਐਸੋਸੀਏਟਸ ਪ੍ਰੋਫੈਸਰ ਰੀਤੂ ਨਾਰੰਗ ਉਸ ਨਾਲ ਨਿੱਜੀ ਤੌਰ ਤੇ ਵੈਰ ਰੱਖਦਾ ਹੈ। ਕਲਾਸ ਵਿਚ ਜਾਤੀ ਟਿੱਪਣੀਆਂ ਕੀਤੀਆਂ।

# ਮਨੂੰ ਸਿਮਰਤੀ ਦੀ ਮੌਤ



ਸੁਲਤਾਨ ਅਖਤਰ (510-586-9245)

ਲੱਖ ਪ੍ਰਨਾਮ ਗ੍ਰੰਥਾਂ ਜੋ ਜੀਵਨ ਜਾਚ ਸਿਖਾਂਉਂਦੇ
ਅੱਗ ਲਾ ਦਿਉ ਜੋ ਨੇ ਪਾੜੇ ਜੀਵਨ ਦੇ ਵਿੱਚ ਪਾਂਉਦੇ
ਵਿਦਿਆ ਦੇ ਚਾਂਨਣ ਨੇ ਜਦ ਸੀ ਅੱਖ ਉਘਾੜ ਦਿੱਤੀ
ਬਾਵਾ ਸਾਹਿਬਨੇ ਮੰਨੂੰ ਸਿਮਰਤੀ ਅੱਗ ਵਿੱਚ ਸਾੜ ਦਿੱਤੀ
ਇੱਕ ਫਿਰਕੇ ਨੂੰ ਮੌਤ ਦੂਜੇ ਨੂੰ ਐਸ਼ ਕਰਾਂਉਂਦੀ ਜੋ
ਬਿੰਨਾ ਕਸੂਰੋਂ ਦਲਿੱਤਾਂ ਨੂੰ ਨਿੱਤ ਮਾਰ ਮਕਾਂਉਂਦੀ ਜੋ
ਦਲਿੱਤਾਂ ਦੇ ਲੇਖਾਂ ਦੀ ਜਿਸਨੇ ਚਾਦਰ ਪਾੜ ਦਿੱਤੀ
ਬਾਵਾ ਸਾਹਿਬ ਨੇ..................

ਤੋਹੀ ਮੋਹੀ ਅੰਤਰ ਕੈਸਾ ਗੁਰੂ ਸਿਖਾਂਉਂਦੇ ਨੇ
ਸਾੜ ਦੇਣੇਂ ਮੈਂ ਅੱਖਰ ਜਿਹੜੇ ਜੁਲਮ ਕਰਾਂਉਂਦੇ ਨੇ
ਐਸੈ ਕੀਤੇ ਵਾਰ ਦਲਿੱਤਾਂ ਦੀ ਸੋਚ ਲਿਤਾੜ ਦਿੱਤੀ
ਬਾਵਾ ਸਾਹਿਬ ਨੇ.....................
ਮਾਨਵਤਾ ਲਈ ਬਾਂਣੀ ਦਾ ਉਪਦੇਸ਼ ਉਜਾਗਰ ਹੈ
ਤਾਂਹੀਉਂ ਸੁੱਚੀਆਂ ਲਿਖਤਾਂ ਦਾ ਸਤਿਕਾਰ ਬਰਾਬਰ ਹੈ
ਭੀਮ ਰਾਉ ਸੁਲਤਾਨਾ ਝੂਠ ਦੀ ਜੜ ਉਖਾੜ ਦਿੱਤੀ
ਬਾਵਾ ਸਾਹਿਬ ਨੇ.....................